20-SEP-PAGE-1.qxd 9/19/2025 9:21 PM Page 1

ਸ਼ਨੀਵਾਰ, 20 ਸਤੰਬਰ, 2025
5 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 110

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 20 SEPTEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੁੱਖ ਮੰਤਰੀ ਵੱਲੋਂ ਆੜ੍ਹਤੀਆਂ ਦੀਆਂ ਮੰਗਾਂ ਨੂੰ ਕੇਂਦਰ ਕੋਲ ਜ਼ੋਰਦਾਰ ਢੰਗ ਨਾਲ ਉਠਾਉਣ ਦਾ ਭਰੋਸਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆੜ੍ਹਤੀਆਂ ਦੇ ਹਿੱਤਾਂ ਦੀ ਰਾਖੀ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਸ਼ੁੱਕਰਵਾਰ ਕਿਹਾ ਕਿ ਸੂਬਾ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਭਾਰਤ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ।

ਇੱਥੇ ਆੜ੍ਹਤੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆੜ੍ਹਤੀਆਂ ਦੀਆਂ ਜ਼ਿਆਦਾਤਰ ਮੰਗਾਂ ਕੇਂਦਰ ਸਰਕਾਰ ਦੇ ਦਾਇਰੇ ਅਧੀਨ ਆਉਂਦੀਆਂ ਹਨ ਅਤੇ ਜਿਨ੍ਹਾਂ ਵੱਲ ਕੇਂਦਰ ਸਰਕਾਰ ਵੱਲੋਂ ਧਿਆਨ ਨਹੀਂ ਦਿੱਤਾ ਜਾ ਰਿਹਾ। ਮਾਨ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਆੜ੍ਹਤੀਆਂ ਦੀ ਆਵਾਜ਼ ਬਣੇਗੀ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਕੇਂਦਰ ਕੋਲ ਜ਼ੋਰਦਾਰ ਢੰਗ ਨਾਲ ਉਠਾਏਗੀ।ਮੁੱਖ ਮੰਤਰੀ ਨੇ ਕਿਹਾ ਕਿ ਆੜ੍ਹਤੀਆਂ ਦੇ ਕਮਿਸ਼ਨ ਵਿੱਚ ਵਾਧਾ ਕਰਨ ਦਾ ਮਾਮਲਾ ਪਹਿਲਾਂ ਹੀ ਕੇਂਦਰ ਸਰਕਾਰ ਕੋਲ ਉਠਾਇਆ ਜਾ ਚੁੱਕਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆੜ੍ਹਤੀਏ ਕਿਸਾਨਾਂ ਦੇ ਬਿਨਾਂ ਤਨਖਾਹ ਵਾਲੇ ਚਾਰਟਰਡ ਅਕਾਊਂਟੈਂਟ ਹੁੰਦੇ ਹਨ, ਜੋ ਫਸਲ ਦੀ ਪੈਦਾਵਾਰ ਅਤੇ ਵਿੱਤੀ ਲੈਣ-ਦੇਣ ਦੇ ਵਿਸਤ੍ਰਿਤ ਰਿਕਾਰਡ ਰੱਖਦੇ ਹਨ। ਆਪਣੇ ਜੱਦੀ ਜ਼ਿਲ੍ਹੇ ਸੰਗਰੂਰ

• ਬਾਕੀ ਸਫਾ 2 'ਤੇ

## ਵੇਰਕਾ ਉਤਪਾਦਾਂ ਦੇ ਰੇਟਾਂ 'ਚ ਕਮੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੇਰਕਾ ਦੇ ਦੁੱਧ ਅਤੇ ਹੋਰ ਉਤਪਾਦਾਂ ਦੀਆਂ ਕੀਮਤਾਂ ਵਿੱਚ ਵੱਡੀ ਕਟੌਤੀ ਕਰਨ ਦਾ ਐਲਾਨ ਕੀਤਾ । ਉਨ੍ਹਾ ਕਿਹਾ ਕਿ ਸੋਧੀਆਂ ਕੀਮਤਾਂ 22 ਸਤੰਬਰ ਦੀ ਸਵੇਰ ਤੋਂ ਲਾਗੂ ਹੋਣਗੀਆਂ। ਵੇਰਕਾ ਘਿਓ 30 ਤੋਂ 35 ਰੁਪਏ ਪ੍ਰਤੀ ਲੀਟਰ ਸਸਤਾ ਮਿਲੇਗਾ। ਟੇਬਲ ਬਟਰ ਦੀ ਕੀਮਤ 30 ਰੁਪਏ ਪ੍ਰਤੀ ਕਿਲੋਗ੍ਰਾਮ, ਅਨਸਾਲਟੇਡ ਬਟਰ ਦੀ ਕੀਮਤ 35 ਰੁਪਏ ਪ੍ਰਤੀ ਕਿਲੋਗ੍ਰਾਮ, ਪ੍ਰੋਸੈਸਡ ਪਨੀਰ ਦੀ ਕੀਮਤ 20 ਰੁਪਏ ਪ੍ਰਤੀ ਕਿਲੋਗ੍ਰਾਮ ਅਤੇ ਯੂ.ਐਚ.ਟੀ. ਦੁੱਧ (ਸਟੈਂਡਰਡ, ਟੋਨਡ ਅਤੇ ਡਬਲ ਟੋਨਡ) ਦੀ ਕੀਮਤ 2 ਰੁਪਏ ਪ੍ਰਤੀ ਲੀਟਰ ਘਟਾਈ ਗਈ ਹੈ। ਆਈਸ ਕਰੀਮ (ਗੈਲਨ, ਬਰਿੱਕ ਅਤੇ ਟੱਬ) ਵਰਗੇ ਹੋਰ ਉਤਪਾਦਾਂ ਦੀਆਂ ਕੀਮਤਾਂ ਵਿੱਚ ਵੀ 10 ਰੁਪਏ ਪ੍ਰਤੀ ਲੀਟਰ ਦੀ ਕਮੀ ਕੀਤੀ ਗਈ ਹੈ ਅਤੇ ਪਨੀਰ ਦੀ ਕੀਮਤ ਵੀ 15 ਰੁਪਏ ਪ੍ਰਤੀ ਕਿਲੋਗ੍ਰਾਮ ਘਟਾਈ ਗਈ ਹੈ।

## ਜ਼ੁਬੀਨ ਗਰਗ ਦੀ ਦੁਖਦਾਈ ਮੌਤ



**ਗੁਹਾਟੀ :** ਪ੍ਰਸਿੱਧ ਅਸਾਮੀ ਗਾਇਕ ਅਤੇ ਸੰਗੀਤਕਾਰ ਜ਼ੁਬੀਨ ਗਰਗ ਦੀ ਸਿੰਗਾਪੁਰ ਵਿੱਚ ਇੱਕ ਦੁਖਦਾਈ ਹਾਦਸੇ ਤੋਂ ਬਾਅਦ ਮੌਤ ਹੋ ਗਈ, ਜਿੱਥੇ ਉਹ ਚੌਥੇ ਉੱਤਰ-ਪੂਰਬੀ ਭਾਰਤ ਉਤਸਵ ਵਿੱਚ ਸ਼ਾਮਲ ਹੋਇਆ ਸੀ। 52 ਸਾਲਾ ਕਲਾਕਾਰ ਦੀ ਮੌਤ ਸਕੂਬਾ ਡਾਈਵਿੰਗ ਹਾਦਸੇ 'ਚ ਹੋਈ ਦੱਸੀ ਜਾ ਰਹੀ ਹੈ, ਹਾਲਾਂਕਿ ਕੁਝ ਰਿਪੋਰਟਾਂ 'ਚ ਪੈਰਾਗਲਾਈਡਿੰਗ ਹਾਦਸੇ ਦਾ ਜ਼ਿਕਰ ਕੀਤਾ ਗਿਆ ਹੈ। ਜ਼ੁਬੀਨ ਗਰਗ ਫਿਲਮ ਗੈਂਗਸਟਰ (2006) ਤੋਂ ਆਪਣੇ ਬੌਲੀਵੁੱਡ ਹਿੱਟ 'ਯਾ ਅਲੀ' ਨਾਲ ਮਕਬੂਲ ਹੋਇਆ ਸੀ, ਜਦੋਂ ਕਿ ਅਸਾਮ ਅਤੇ ਉੱਤਰ-ਪੂਰਬ ਵਿੱਚ ਉਹ ਆਪਣੇ ਦਹਾਕਿਆਂ ਦੇ ਯੋਗਦਾਨ ਲਈ ਸੱਭਿਆਚਾਰਕ ਪ੍ਰਤੀਕ ਸੀ।

## ਬੀਬੀ ਸਟੈਂਡ ਲੈ ਗਈ



**ਵਡੋਦਰਾ :** 20 ਰੁਪਏ 'ਚ 6 ਦੀ ਜਗ੍ਹਾ ਸਿਰਫ਼ 4 ਗੋਲਗੱਪੇ ਦੇਣ 'ਤੇ ਨਾਰਾਜ਼ ਹੋ ਕੇ ਮਹਿਲਾ ਨੇ ਸੜਕ ਦੇ ਵਿਚਕਾਰ ਧਰਨਾ ਲਾ ਦਿੱਤਾ। ਮਾਮਲਾ ਵਡੋਦਰਾ ਦੇ ਸੁਰਸਾਗਰ ਝੀਲ ਇਲਾਕੇ ਦਾ ਹੈ। ਮਹਿਲਾ ਦਾ ਦੋਸ਼ ਸੀ ਕਿ ਗੋਲਗੱਪੇ ਵਾਲਾ 20 ਰੁਪਏ 'ਚ 6 ਦਿੰਦਾ ਹੈ, ਪਰ ਉਸ ਨੂੰ ਚਾਰ ਹੀ ਗੋਲਗੱਪੇ ਦਿੱਤੇ। ਉਸ ਨੇ ਕਿਹਾ ਕਿ ਉਹ ਇਨਸਾਫ਼ ਲੈਣ ਲਈ ਸੜਕ 'ਤੇ ਧਰਨਾ ਦੇ ਰਹੀ ਹੈ। ਟ੍ਰੈਫਿਕ 'ਚ ਰੁਕਾਵਟ ਪੈਣ 'ਤੇ ਪੁਲਸ ਨੇ ਉਸ ਨੂੰ ਸਮਝਾ ਕੇ ਰਸਤੇ ਤੋਂ ਹਟਾਇਆ।

## ਚੋਣ ਕਮਿਸ਼ਨ ਜਾਗਦੇ ਹੋਏ ਵੀ ਵੋਟ ਚੋਰੀ ਦੇਖ ਰਿਹੈ : ਰਾਹੁਲ

**ਨਵੀਂ ਦਿੱਲੀ :** ਰਾਹੁਲ ਗਾਂਧੀ ਨੇ ਸ਼ੁੱਕਰਵਾਰ 'ਵੋਟ ਚੋਰੀ' ਦੇ ਆਪਣੇ ਦੋਸ਼ਾਂ ਨੂੰ ਦੁਹਰਾਉਂਦਿਆਂ ਚੋਣ ਕਮਿਸ਼ਨ ਨੂੰ ਅਜਿਹਾ ਚੌਕੀਦਾਰ ਗਰਦਾਨਿਆ, ਜਿਹੜਾ ਜਾਗਦੇ ਹੋਏ ਵੀ ਚੋਰੀ ਹੁੰਦੀ ਦੇਖਦਾ ਹੈ ਅਤੇ ਚੋਰਾਂ ਦੀ ਰੱਖਿਆ ਕਰਦਾ ਹੈ। ਉਨ੍ਹਾ ਦੀ ਇਹ ਟਿੱਪਣੀ ਵੋਟ ਚੋਰੀ ਦੇ ਮੁੱਦੇ 'ਤੇ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨ ਨੂੰ ਘੇਰਨ ਤੋਂ ਇੱਕ ਦਿਨ ਬਾਅਦ ਆਈ ਹੈ। ਰਾਹੁਲ ਨੇ ਸ਼ੁੱਕਰਵਾਰ ਐੱਕਸ 'ਤੇ ਹਿੰਦੀ ਵਿੱਚ ਇੱਕ ਪੋਸਟ ਵਿੱਚ ਕਿਹਾ, "ਸਵੇਰੇ 4 ਵਜੇ ਉੱਠੋ। 36 ਸਕਿੰਟਾਂ ਵਿੱਚ ਦੋ ਵੋਟਰਾਂ ਨੂੰ ਮਿਟਾਓ, ਫਿਰ ਵਾਪਸ ਸੌਂ ਜਾਓ—ਇਸ ਤਰ੍ਹਾਂ ਵੋਟ ਚੋਰੀ ਹੁੰਦੀ ਹੈ!" ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੇ ਦੋਸ਼ ਲਗਾਇਆ, "ਚੁਨਾਵ ਕਾ ਚੌਕੀਦਾਰ ਜਾਗਤਾ ਰਹਾ, ਚੋਰੀ ਦੇਖਤਾ ਰਿਹਾ, ਚੋਰੋਂ ਕੋ ਬਚਾਤਾ ਰਹਾ (ਚੋਣ ਚੌਕੀਦਾਰ ਜਾਗਦਾ ਰਿਹਾ, ਚੋਰੀ ਦੇਖਦਾ ਰਿਹਾ, ਅਤੇ ਚੋਰਾਂ ਨੂੰ ਬਚਾਉਂਦਾ ਰਿਹਾ।)

## ਮਹਾਂ ਸੰਮੇਲਨ ਦੀਆਂ ਤਿਆਰੀਆਂ ਜ਼ੋਰਾਂ 'ਤੇ, ਵਲੰਟੀਅਰ ਅਤੇ ਆਗੂ ਪੱਬਾਂ ਭਾਰ

### ਅਮਰਜੀਤ ਕੌਰ ਤੇ ਪਲਵ ਸੈਨ ਗੁਪਤਾ ਚੰਡੀਗੜ੍ਹ ਪਹੁੰਚੇ



**ਚੰਡੀਗੜ੍ਹ (ਪਰਮਜੀਤ ਢਾਬਾਂ)**
ਭਾਰਤੀ ਕਮਿਊਨਿਸਟ ਪਾਰਟੀ ਦੇ ਪੰਜਾਬ ਸੂਬੇ ਵੱਲੋਂ ਚੰਡੀਗੜ੍ਹ ਵਿਖੇ ਕਰਵਾਏ ਜਾ ਰਹੇ ਕੌਮੀ ਮਹਾਂ ਸੰਮੇਲਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਹ ਮਹਾਂ ਸੰਮੇਲਨ 21 ਸਤੰਬਰ ਤੋਂ 25 ਸਤੰਬਰ ਤੱਕ ਚੱਲੇਗਾ ਅਤੇ ਪਹਿਲੇ ਦਿਨ 21 ਸਤੰਬਰ ਨੂੰ ਮੁਹਾਲੀ ਦੀ ਸਬਜ਼ੀ ਮੰਡੀ ਗਰਾਊਂਡ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਜਾਏਗੀ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਦੇ ਨੌਜਵਾਨ, ਵਿਦਿਆਰਥੀ, ਮਜ਼ਦੂਰ, ਕਿਸਾਨ ਅਤੇ ਆਮ ਲੋਕ ਸ਼ਮੂਲੀਅਤ ਕਰਨਗੇ।ਸੂਬਾ ਪਾਰਟੀ ਵੱਲੋਂ ਕਿਸਾਨ ਭਵਨ ਵਿਖੇ ਹੋ ਰਹੇ ਡੈਲੀਗੇਟ ਇਜਲਾਸ ਦੇ ਹਾਲ ਨੂੰ ਸਜਾਉਣ ਅਤੇ ਰੈਲੀ ਵਾਲੀ ਜਗ੍ਹਾ ਨੂੰ ਸ਼ਿੰਗਾਰਨ ਲਈ ਕਾਮਰੇਡ ਜਗਰੂਪ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੇ ਵਿਦਿਆਰਥੀ, ਨੌਜਵਾਨ ਵਲੰਟੀਅਰ ਪਹੁੰਚੇ ਹੋਏ ਹਨ ਅਤੇ ਉਹ ਆਪਣੀਆਂ ਤਿਆਰੀਆਂ ਵਿੱਚ ਜੁਟੇ ਹੋਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਕੌਮੀ ਕੌਂਸਲ ਮੈਂਬਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਰੈਲੀ ਦੀ ਕਾਮਯਾਬੀ ਲਈ ਸੂਬੇ ਭਰ ਦੇ ਹਰ ਜ਼ਿਲ੍ਹੇ ਦਾ ਹਰ ਪਾਰਟੀ ਵਰਕਰ ਤੋਂ ਲੈ ਕੇ ਆਗੂ ਤੱਕ ਆਪਣੀ ਪੂਰੀ ਤਨਦੇਹੀ ਤੇ ਸਖਤ ਮਿਹਨਤ ਦੇ ਨਾਲ ਕੰਮ ਕਰ ਰਿਹਾ ਹੈ। ਉਨ੍ਹਾ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ 21 ਸਤੰਬਰ ਨੂੰ ਹੋਣ ਜਾ ਰਹੀ ਰੈਲੀ ਇੱਕ ਇਤਿਹਾਸਕ ਰੈਲੀ ਹੋਏਗੀ ਅਤੇ ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਦੇ ਲੋਕ ਸ਼ਮੂਲੀਅਤ ਕਰਨਗੇ। ਉਨ੍ਹਾ ਦੱਸਿਆ ਕਿ ਕੇਂਦਰੀ ਲੀਡਰਸ਼ਿਪ ਦੀ ਟੀਮ ਚੰਡੀਗੜ੍ਹ ਵਿਖੇ ਪਹੁੰਚ ਚੁੱਕੀ ਹੈ ਅਤੇ ਸਾਰੀਆਂ ਤਿਆਰੀਆਂ ਦਾ ਜਾਇਜ਼ਾ ਲੈ ਰਹੀ ਹੈ। ਕੇਂਦਰੀ ਲੀਡਰਸ਼ਿਪ ਵਿੱਚ ਕਾਮਰੇਡ ਅਮਰਜੀਤ ਕੌਰ ਅਤੇ ਕਾਮਰੇਡ ਪਲਵ ਸੈਨ ਗੁਪਤਾ ਨੇ ਆ ਕੇ ਆਪਣਾ ਮੋਰਚਾ ਸੰਭਾਲ ਲਿਆ ਹੈ।ਹੋਰ ਜਾਣਕਾਰੀ ਦਿੰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਜਨਰਲ ਸਕੱਤਰ ਸਾਥੀ ਸੁਖਜਿੰਦਰ ਮਹੇਸ਼ਰੀ ਅਤੇ ਕਾਮਰੇਡ ਦਿਲਦਾਰ ਸਿੰਘ ਨੇ ਦੱਸਿਆ ਕਿ ਕੌਮੀ ਕਾਂਗਰਗ ਨੂੰ ਕਾਮਯਾਬ ਕਰਨ ਲਈ ਸਾਡੇ ਸਾਰੇ ਪਾਰਟੀ ਵਰਕਰਾਂ ਅਤੇ ਨੌਜਵਾਨਾਂ ਦੀ ਮੁੱਖ ਜ਼ਿੰਮੇਵਾਰੀ ਬਣ ਜਾਂਦੀ ਹੈ। ਆਉਣ ਵਾਲੇ ਡੈਲੀਗੇਟਾਂ ਦੀ ਦੇਖਭਾਲ ਕਰਨ ਅਤੇ ਉਹਨਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਉਹ ਆਪਣੇ ਵਲੰਟੀਅਰ ਸਾਥੀਆਂ ਦੀਆਂ ਡਿਊਟੀਆਂ ਲਗਾ ਰਹੇ ਹਨ। ਪੰਜਾਬ ਤੋਂ ਵਲੰਟੀਅਰ ਦੋਨਾਂ ਜਗ੍ਹਾਂ ਨੂੰ ਸਜਾਉਣ ਲਈ ਆਪਣੇ ਕੰਮ ਕਰ ਰਹੇ ਹਨ। ਇਸ ਮੌਕੇ ਸਾਥੀ ਬਲਵਿੰਦਰ ਜੰਮੂ, ਐਡਵੋਕੇਟ ਜਸਪਾਲ ਸਿੰਘ ਦੱਪਰ, ਚਰਨਜੀਤ ਛਾਂਗਾ ਰਾਏ, ਮਹਿੰਦਰ ਸਿੰਘ ਮੁਹਾਲੀ, ਵਰਿੰਦਰ ਖੁਰਾਣਾ ਅਤੇ ਨਵਜੀਤ ਸੰਗਰੂਰ ਮੌਜੂਦ ਸਨ।

## ਕਾਮਰੇਡ ਭਰਪੂਰ ਸਿੰਘ ਸਵੱਦੀ ਵੱਲੋਂ 50 ਹਜ਼ਾਰ ਦਾ ਯੋਗਦਾਨ



**ਲੁਧਿਆਣਾ (ਐੱਮ ਐੱਸ ਭਾਟੀਆ)**-21 ਤੋਂ 25 ਸਤੰਬਰ 2025 ਨੂੰ ਚੰਡੀਗੜ੍ਹ ਵਿਖੇ ਹੋ ਰਹੇ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ ਸੰਮੇਲਨ ਲਈ ਲੁਧਿਆਣਾ ਜ਼ਿਲ੍ਹੇ ਵਿੱਚ ਫੰਡ ਦੀ ਉਗਰਾਹੀ ਅਜੇ ਵੀ ਚੱਲ ਰਹੀ ਹੈ ।ਇਸੇ ਦੌਰਾਨ ਕਾਮਰੇਡ ਭਰਪੂਰ ਸਿੰਘ, ਜੋ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਸੂਬਾ ਕੌਂਸਲ ਦੇ ਮੈਂਬਰ ਵੀ ਰਹੇ ਹਨ, ਨੇ 50000 ਰੁਪਏ ਦੀ ਰਾਸ਼ੀ ਲੁਧਿਆਣਾ ਦੇ ਜ਼ਿਲ੍ਹਾ ਸਕੱਤਰ ਸਾਥੀ ਡੀ ਪੀ ਮੌੜ ਨੂੰ ਭੇਟ ਕੀਤੀ। ਸਾਥੀ ਭਰਪੂਰ ਸਿੰਘ ਆਲ ਇੰਡੀਆ ਕਿਸਾਨ ਸਭਾ ਦੇ ਵੀ ਸੀਨੀਅਰ ਆਗੂ ਹਨ। ਜ਼ਿਲ੍ਹਾ ਪਾਰਟੀ ਉਨ੍ਹਾਂ ਦੇ ਇਸ ਹੌਸਲਾ ਅਫਜ਼ਾਈ ਵਾਲੇ ਉੱਦਮ ਲਈ ਤਹਿ ਦਿਲੋਂ ਧੰਨਵਾਦੀ ਹੈ।

## ਬਲਜਿੰਦਰ ਕੌਰ ਵੱਲੋਂ ਪਾਰਟੀ ਕਾਂਗਰਸ ਲਈ ਗਿਆਰਾਂ ਹਜ਼ਾਰ ਦਾ ਸਹਿਯੋਗ



**ਸ਼ਾਹਕੋਟ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕਾਂਗਰਸ ਲਈ ਕਮਿਊਨਿਸਟ ਕਾਰਕੁਨਾਂ ਵਿੱਚ ਭਾਰੀ ਉਤਸ਼ਾਹ ਹੈ। ਇਹ ਉਤਸ਼ਾਹ 21 ਸਤੰਬਰ ਨੂੰ ਮੋਹਾਲੀ ਵਿੱਚ ਹੋ ਰਹੀ ਰੈਲੀ ਵਾਸਤੇ ਵੀ ਹੈ ਤੇ ਮਾਲੀ ਸਹਿਯੋਗ ਲਈ ਵੀ ਹੈ। ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਗਿਆਰਾ ਹਜ਼ਾਰ ਰੁਪਏ ਦਾ ਹੋਰ ਸਹਿਯੋਗ ਆਇਆ ਹੈ। ਇਹ ਯੋਗਦਾਨ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਕੱਤਰ ਕਾਮਰੇਡ ਬਲਜਿੰਦਰ ਕੌਰ ਰਾਹੀਂ ਮਿਲਿਆ ਹੈ। ਉਨ੍ਹਾਂ ਇਹ ਰਾਸ਼ੀ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੂੰ ਸੌਂਪੀ। ਸਰਹਾਲੀ ਕਲਾਂ ਨੇ ਇਸ ਸਹਿਯੋਗ ਲਈ ਕਾਮਰੇਡ ਬਲਜਿੰਦਰ ਕੌਰ ਦਾ ਧੰਨਵਾਦ ਕੀਤਾ। ਇਸ ਮੌਕੇ ਕਾਮਰੇਡ ਸੁਖਦੇਵ ਸਿੰਘ ਕੋਟ ਧਰਮਚੰਦ ਕਲਾਂ ਅਤੇ ਸਾਜਨਦੀਪ ਸਿੰਘ ਵੀ ਮੌਜੂਦ ਸਨ।

## ਚੀਮਾ ਨੇ ਤਿੰਨ ਐਂਬੂਲੈਂਸਾਂ ਨੂੰ ਹਰੀ ਝੰਡੀ ਦਿਖਾਈ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ਼ੁੱਕਰਵਾਰ ਹੜ੍ਹ ਪ੍ਰਭਾਵਿਤ ਸਰਹੱਦੀ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਮੁਹਾਲੀ ਤੋਂ ਤਿੰਨ ਐਂਬੂਲੈਂਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਅਜਿਹੇ ਲੋਕਹਿੱਤ ਉਪਰਾਲੇ ਕਰਨ ਲਈ ਵਿਧਾਇਕ ਕੁਲਵੰਤ ਸਿੰਘ ਦੀ ਸ਼ਲਾਘਾ ਕਰਦੇ ਹੋਏ ਵਿੱਤ ਮੰਤਰੀ ਨੇ ਕਿਹਾ ਕਿ ਇਨ੍ਹਾਂ ਐਂਬੂਲੈਂਸਾਂ ਰਾਹੀਂ ਅਗਲੇ 45 ਦਿਨਾਂ ਲਈ ਮੁਫ਼ਤ ਡਾਕਟਰੀ ਜਾਂਚ ਅਤੇ ਦਵਾਈਆਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਗੰਭੀਰ ਮਾਮਲਿਆਂ ਵਿੱਚ ਮਰੀਜ਼ਾਂ ਨੂੰ ਅਗਲੇ ਇਲਾਜ ਲਈ ਨੇੜਲੇ ਸਿਹਤ ਕੇਂਦਰਾਂ ਵਿੱਚ ਭੇਜਿਆ ਜਾਵੇਗਾ। ਉਨ੍ਹਾਂ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਆਮ ਸਥਿਤੀ ਬਹਾਲ ਕਰਨ ਲਈ ਪੰਜਾਬ ਸਰਕਾਰ ਦੇ ਯਤਨਾਂ ਦਾ ਸਮਰਥਨ ਕਰਨ ਲਈ ਪਰਨੋਡ ਰਿਕਾਰਡ ਇੰਡੀਆ ਫਾਊਂਡੇਸ਼ਨ ਦੀ ਵੀ ਸ਼ਲਾਘਾ ਕੀਤੀ।

## ਪਾੜ ਪੂਰਨ ਦੇ ਕੰਮਾਂ 'ਚ ਹੋਰ ਤੇਜ਼ੀ ਲਿਆਉਣ ਦੀ ਹਦਾਇਤ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸ਼ੁੱਕਰਵਾਰ ਅਧਿਕਾਰੀਆਂ ਨੂੰ ਦਰਿਆਵਾਂ ਦੇ ਪਾੜਾਂ ਨੂੰ ਪੂਰਨ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਇਥੇ ਹੰਗਾਮੀ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਸੂਬੇ ਭਰ ਵਿੱਚ ਬੰਨ੍ਹਾਂ ਦੇ ਪਾੜਾਂ ਨੂੰ ਪੂਰਨ ਅਤੇ ਸੰਵੇਦਨਸ਼ੀਲ ਹਿੱਸਿਆਂ ਨੂੰ ਮਜ਼ਬੂਤ ਕਰਨ ਲਈ ਵਿੱਢੇ ਕਾਰਜਾਂ ਬਾਰੇ ਵੀ ਜਾਣਕਾਰੀ ਲਈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਰਿਪੋਰਟ ਹੋਏ 44 ਪਾੜਾਂ ਵਿੱਚੋਂ ਜ਼ਿਆਦਾਤਰ ਪਾੜ ਪਹਿਲਾਂ ਹੀ ਪੂਰੇ ਜਾ ਚੁੱਕੇ ਹਨ ਜਦੋਂ ਕਿ ਬਾਕੀ ਪਾੜਾਂ ਨੂੰ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੇਕਰ ਭਵਿੱਖ ਵਿੱਚ ਪਾਣੀ ਦਾ ਵੱਧ ਵਹਾਅ ਆਉਂਦਾ ਹੈ ਤਾਂ ਵਿਭਾਗ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਤਿਆਰ-ਬਰ-ਤਿਆਰ ਰਹੇ।



## ਰੰਗਦਾਰ ਵਿਸ਼ੇਸ਼ ਸਪਲੀਮੈਂਟ



**ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ** ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ 28 ਸਤੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਨਾਲ ਮੋਬਾਇਲ 98153-26720 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**-ਜਨਰਲ ਮੈਨੇਜਰ**


## ਅੱਜ-ਨਾਮਾ

ਰਾਮਦੇਵ ਨਾ ਆਦਤ ਤੋਂ ਬਾਜ਼ ਆਉਂਦਾ,
ਚੱਲਿਆ ਫੇਰ ਕਸੂਤੀ ਜਿਹੀ ਚਾਲ ਬੇਲੀ।
ਉਲਟੀ ਪਈ ਜੋ ਅੱਗੇ ਇਸ਼ਤਿਹਾਰਬਾਜ਼ੀ,
ਚੁੱਕ ਲਿਆ ਉਸੇ ਦਾ ਫੇਰ ਸਵਾਲ ਬੇਲੀ।
ਲੱਗੀ ਰੋਕ ਸੀ ਗਿਆ ਤੁੜਵਾਉਣ ਸਿੱਧਾ,
ਗਲ਼ੀ ਓਧਰ ਨਹੀਂ ਸਾਧ ਦੀ ਦਾਲ ਬੇਲੀ।
ਝਿੜਕਾਂ ਖਾਇ ਕੇ ਨਿਕਲਿਆ ਜਦੋਂ ਯੋਗੀ,
ਬਾਹਲਾ ਹੋਇਆ ਸੀ ਮੰਦੜਾ ਹਾਲ ਬੇਲੀ।
ਜੀਹਨੇ ਕੀਤਾ ਨਹੀਂ ਕਦੇ ਕੁਝ ਕੰਮ ਸਿੱਧਾ,
ਚਲਾਕੀ ਨਵੀਂ ਕੋਈ ਘੜੂ-ਘੜਾਊ ਬੇਲੀ।
ਚੁਸਤੀ ਕਰਨ ਤੋਂ ਕਦੀ ਨਾ ਸਾਧ ਰਹਿਣਾ,
ਪਤਾ ਨਹੀਂ ਅੱਗੋਂ ਕੀ ਚੰਦ ਚੜ੍ਹਾਊ ਬੇਲੀ।

**-ਤੀਸ ਮਾਰ ਖਾਂ**

## ਸਾਢੇ 15 ਹਜ਼ਾਰ ਤੋਂ ਵੱਧ ਸੀ ਆਰ ਐਮ ਮਸ਼ੀਨਾਂ ਨੂੰ ਮਨਜ਼ੂਰੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਦੇ ਕਿਸਾਨਾਂ ਨੂੰ ਨਵੀਨਤਮ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ ਆਰ ਐਮ) ਮਸ਼ੀਨਰੀ ਨਾਲ ਲੈਸ ਕਰਨ ਲਈ ਪੰਜਾਬ ਸਰਕਾਰ ਨੇ ਰਾਜ ਭਰ ਦੇ ਕਿਸਾਨਾਂ ਵੱਲੋਂ 42,476 ਮਸ਼ੀਨਾਂ ਲਈ ਦਿੱਤੀਆਂ ਗਈਆਂ ਕੁੱਲ 16,837 ਅਰਜ਼ੀਆਂ ਵਿੱਚੋਂ ਹੁਣ ਤੱਕ 15,613 ਸੀ ਆਰ ਐਮ ਮਸ਼ੀਨਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਤ ਕਰਨ, ਪਰਾਲੀ ਸਾੜਨ ਕਾਰਨ ਵਾਤਾਵਰਣ ਉੱਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਨੂੰ ਘਟਾਉਣ ਅਤੇ ਪਰਾਲੀ ਦੇ ਸੁਚੱਜੇ ਤੇ ਪ੍ਰਭਾਵੀ ਪ੍ਰਬੰਧਨ ਲਈ 500 ਕਰੋੜ ਰੁਪਏ ਦੀ ਕਾਰਜ ਯੋਜਨਾ ਤਿਆਰ ਕੀਤੀ ਹੈ।

## ਡੀ ਸੀ ਤੇ ਵਿਧਾਇਕ ਨੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



**ਬਰੇਟਾ (ਰੀਤਵਾਲ)**-ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਤੇ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਬਰੇਟਾ ਮੰਡੀ ਵਿਖੇ ਝੋਨੇ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖ਼ਰੀਦ ਦੌਰਾਨ ਉਨ੍ਹਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਫ਼ਸਲ ਵੇਚਣ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਵਾਤਾਵਰਨ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਝੋਨੇ ਦੀ ਪਰਾਲੀ ਤੇ ਇਸ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ। ਉਨ੍ਹਾਂ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਹਦਾਇਤ ਕੀਤੀ ਕਿ ਮੰਡੀਆਂ ਅੰਦਰ ਪ੍ਰਬੰਧਾਂ ਵਿੱਚ ਕੋਈ ਕਮੀ ਨਾ ਆਵੇ ਤਾਂ ਜੋ ਖਰੀਦ ਪ੍ਰਕਿਰਿਆ ਸੁਖਾਲੇ ਢੰਗ ਨਾਲ ਨੇਪਰੇ ਚੜ੍ਹ ਸਕੇ। ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਕਿਸਾਨਾਂ ਦੀ ਫਸਲ ਦਾ ਇਕ ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਖਰੀਦ, ਅਦਾਇਗੀ ਜਾਂ ਲਿਫਟਿੰਗ ਸਬੰਧੀ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

## ਪੀ ਜੀ ਆਈ ਵਿਖੇ ਲੈਬੋਰਟਰੀ ਤਕਨੀਕ ਸੰਬੰਧੀ ਵਰਕਸ਼ਾਪ




**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਹਿਮੈਟੋਲੋਜੀ ਵਿਭਾਗ ਵੱਲੋਂ ਲੈਬੋਰੇਟਰੀ ਤਕਨੀਕ ਸੰਬੰਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਹ ਅਕਾਦਮਿਕ ਇਵੈਂਟ ਭਾਰਤ ਸਰਕਾਰ ਦੇ ਅਨੁਸੰਧਾਨ ਨੈਸ਼ਨਲ ਰਿਸਰਚ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਵਰਕਸ਼ਾਪ ਵਿੱਚ 80 ਤੋਂ ਵੱਧ ਹਿੱਸੇਦਾਰਾਂ, ਜਿਨ੍ਹਾਂ ਵਿੱਚ ਮੈਡੀਕਲ ਡਾਕਟਰ, ਪੋਸਟਗ੍ਰੈਜੂਏਟ ਵਿਦਿਆਰਥੀ, ਖੋਜ ਸਕਾਲਰ ਤੇ ਫੈਕਲਟੀ ਮੈਂਬਰ ਸ਼ਾਮਲ ਸਨ, ਨੂੰ ਪੀਜੀਆਈ ਦੇ ਮਾਹਰਾਂ ਵੱਲੋਂ ਡੀ.ਐਂਨ.ਏ. ਸੀਕਵੇਂਸਿੰਗ ਦੀ ਟ੍ਰੇਨਿੰਗ ਦਿੱਤੀ ਗਈ।ਇਸ ਵਰਕਸ਼ਾਪ ਵਿੱਚ ਰਿਸ਼ੀਕੇਸ਼, ਬਠਿੰਡਾ, ਹੋਮੀ ਭਾਭਾ ਕੈਂਸਰ ਹਸਪਤਾਲ (ਮੁਲਾਂਪੁਰ) ਤੇ ਅੰਬਾਲਾ ਸਿਵਲ ਹਸਪਤਾਲ ਦੇ ਫੈਕਲਟੀ ਮੈਂਬਰਾਂ ਨੇ ਆਪਣੇ ਗਿਆਨ ਤੇ ਤਜਰਬੇ ਨਾਲ ਵਿਗਿਆਨਕ ਚਰਚਾਵਾਂ ਵਿੱਚ ਹਿੱਸਾ ਲਿਆ।ਇਸ ਮੌਕੇ ਆਯੋਜਕਾਂ ਨੇ ਕਿਹਾ ਕਿ ਅਜਿਹੇ ਉਪਰਾਲੇ ਨਾ ਸਿਰਫ਼ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਹੀ ਨਹੀਂ ਕਰਦੇ, ਸਗੋਂ ਅਗਲੀ ਪੀੜ੍ਹੀ ਦੇ ਹਿਮੈਟੋਲੋਜਿਸਟਾਂ ਤੇ ਪੈਥੋਲੋਜਿਸਟਾਂ ਨੂੰ ਟੀਮ ਵਰਕ ਲਈ ਉਤਸ਼ਾਹਤ ਵੀ ਕਰਦੇ ਹਨ।

## ਸਨੇਕ ਬਾਈਟ ਜਾਗਰੂਕਤਾ ਦਿਵਸ ਮਨਾਇਆ




**ਮੂਨਕ (ਰਾਜਪਾਲ ਸਿੰਗਲਾ)**-ਸਿਵਲ ਸਰਜਨ ਡਾ. ਅਮਰਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਜੀਤ ਕੌਰ ਦੀ ਅਗਵਾਈ ਵਿੱਚ ਪੀ.ਐੱਚ.ਸੀ. ਮੂਨਕ ਅਧੀਨ ਵੱਖ-ਵੱਖ ਸਿਹਤ ਕੇਂਦਰਾਂ ਵਿਖੇ ਅੰਤਰਰਾਸ਼ਟਰੀ ਸਨੇਕ ਬਾਈਟ ਜਾਗਰੂਕਤਾ ਦਿਵਸ ਮਨਾਇਆ ਗਿਆ। ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ ਤੇ ਸਤੀਸ਼ ਕੁਮਾਰ ਜੂਨੀਅਰ ਸਹਾਇਕ ਵੱਲੋਂ ਐੱਸ.ਡੀ.ਐੱਚ. ਮੂਨਕ ਵਿਖੇ ਲੋਕਾਂ ਨੂੰ ਸੱਪ ਦੇ ਕੱਟਣ 'ਤੇ ਕੀਤੇ ਜਾਣ ਵਾਲੇ ਜ਼ਰੂਰੀ ਉਪਾਵਾਂ ਬਾਰੇ ਜਾਗਰੂਕ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸੱਪ ਦੇ ਕੱਟਣ 'ਤੇ ਘਬਰਾਉਣਾ ਨਹੀਂ ਚਾਹੀਦਾ, ਸਗੋਂ ਤੁਰੰਤ ਸਭ ਤੋਂ ਨੇੜੇ ਦੇ ਸਰਕਾਰੀ ਹਸਪਤਾਲ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸੱਪ ਜ਼ਹਿਰੀਲੇ ਨਹੀਂ ਹੁੰਦੇ, ਪਰ ਫਿਰ ਵੀ ਕਿਸੇ ਵੀ ਖ਼ਤਰੇ ਤੋਂ ਬਚਣ ਲਈ ਡਾਕਟਰੀ ਸਹਾਇਤਾ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੱਪ ਦੇ ਕੱਟਣ 'ਤੇ ਮਰੀਜ਼ ਨੂੰ ਸ਼ਾਂਤ ਰੱਖਣਾ, ਪ੍ਰਭਾਵਤ ਅੰਗ ਨੂੰ ਹਿਲਾਉਣ ਤੋਂ ਬਚਾਉਣਾ ਤੇ ਜਲਦੀ ਤੋਂ ਜਲਦੀ ਸਿਹਤ ਕੇਂਦਰ ਪਹੁੰਚਣਾ ਸਭ ਤੋਂ ਮਹੱਤਵਪੂਰਨ ਹੈ।

## 'ਸੂਚਨਾ ਤੇ ਸੰਚਾਰ ਤਕਨਾਲੋਜੀ' ਵਿਸ਼ੇ 'ਤੇ ਰਿਫ਼ਰੈਸ਼ਰ ਕੋਰਸ ਸੰਪੰਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਮਾਲਵੀਆ ਮਿਸ਼ਨ ਅਧਿਆਪਕ ਸਿਖਲਾਈ ਕੇਂਦਰ ਵਿਖੇ ਸੂਚਨਾ ਤੇ ਸੰਚਾਰ ਤਕਨਾਲੋਜੀ ਵਿਸ਼ੇ ਉੱਤੇ ਚੱਲ ਰਿਹਾ ਰਿਫ਼ਰੈਸ਼ਰ ਕੋਰਸ ਸਫ਼ਲਤਾਪੂਰਵਕ ਸੰਪੰਨ ਹੋ ਗਿਆ।ਵਿਦਾਇਗੀ ਸੈਸ਼ਨ 'ਚ ਯੂਨੀਵਰਸਿਟੀ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਮਨੀਸ਼ ਕਪੂਰ ਨੇ ਮੁੱਖ ਮਹਿਮਾਨ ਵਜੋਂ ਤੇ ਮਕੈਨੀਕਲ ਇੰਜਨਅਰਿੰਗ ਵਿਭਾਗ ਦੇ ਮੁਖੀ ਡਾ. ਵਿਨੋਦ ਵਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਮਨੀਸ਼ ਕਪੂਰ ਨੇ ਐੱਮ.ਟੀ.ਟੀ.ਸੀ. ਵੱਲੋਂ ਆਈ.ਸੀ.ਟੀ. ਜਾਗਰੂਕਤਾ ਵਧਾਉਣ ਤੇ ਯੂਨੀਵਰਸਿਟੀ ਪੱਧਰੀ ਪਾਠ ਪ੍ਰਣਾਲੀ ਤੇ ਮੁਲਾਂਕਣ 'ਚ ਡਿਜ਼ੀਟਲ ਸਮਰਥਾਵਾਂ ਜੋੜਨ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਹ ਕੋਰਸ ਯੂਨੀਵਰਸਿਟੀ 'ਚ ਤਕਨਾਲੋਜੀ ਅਧਾਰਤ ਸਿੱਖਿਆ ਤੇ ਸਾਂਝੇ ਰੂਪ ਵਿੱਚ ਸਿੱਖਣ ਦੇ ਸੱਭਿਆਚਾਰ ਨੂੰ ਵਧਾਉਣ 'ਚ ਕਾਰਗਰ ਸਿੱਧ ਹੋਵੇਗਾ।ਡਾ. ਵਿਨੋਦ ਵਰਮਾ ਨੇ ਰਵਾਇਤੀ ਪਾਠ-ਪ੍ਰਣਾਲੀ ਨੂੰ ਤਕਨਾਲੋਜੀ ਅਧਾਰਤ ਵਿਧੀਆਂ ਨਾਲ ਜੋੜਨ ਦੀ ਅਹਿਮ ਲੋੜ 'ਤੇ ਜ਼ੋਰ ਦਿੱਤਾ, ਤਾਂ ਜੁ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਐੱਮ.ਐੱਮ.ਟੀ.ਟੀ.ਸੀ. ਡਾਇਰੈਕਟਰ ਡਾ. ਰਮਨ ਮੈਣੀ ਨੇ ਸਵਾਗਤੀ ਭਾਸ਼ਣ ਦਿੰਦਿਆਂ ਕੋਰਸ 'ਚ ਸ਼ਾਮਲ ਹੋਏ ਮਾਹਿਰਾਂ ਦੀ ਵਿਸ਼ੇਸ਼ ਸ਼ਲਾਘਾ ਕੀਤੀ, ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਨੇ ਆਈ.ਸੀ.ਟੀ. ਦੇ ਸਿਧਾਂਤਕ ਪੱਖ ਨੂੰ ਬਹੁਤ ਰੌਚਕ ਢੰਗ ਨਾਲ ਸਮਝਾਇਆ ਹੈ।

## ਸੰਗਰੂਰ ਵਾਲੀ ਕੋਠੀ 'ਚ ਲਗਦਾ ਕੂੜੇ ਦਾ ਢੇਰ ਲੋਕਾਂ ਲਈ ਬਣਿਆ ਸਿਰਦਰਦੀ



**ਧੂਰੀ (ਮਨੋਹਰ ਸਿੰਘ ਸੱਗੂ)**-ਸਥਾਨਕ ਸ਼ਹਿਰ ਦੀ ਪੁਰਾਣੀ ਦਾਣਾ ਮੰਡੀ ਅੰਦਰ ਸਥਿਤ ਸੰਗਰੂਰ ਵਾਲੀ ਕੋਠੀ 'ਚ ਨਗਰ ਕੌਂਸਲ ਵੱਲੋਂ ਲਗਾਏ ਜਾਂਦੇ ਕੂੜੇ ਦੇ ਢੇਰ ਨੂੰ ਲੋਕਾਂ ਵੱਲੋਂ ਇਥੋਂ ਤਬਦੀਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਸ਼ਹਿਰ 'ਚ ਸਥਿਤ ਸੰਗਰੂਰ ਵਾਲੀ ਕੋਠੀ 'ਚ ਡੀ ਐੱਸ ਪੀ ਤੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਦਫ਼ਤਰ ਤੋਂ ਇਲਾਵਾ ਖੁਫ਼ੀਆ ਪੁਲਸ ਦਾ ਦਫ਼ਤਰ ਸਥਿਤ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਆਪਣੇ ਕੰਮ-ਕਾਜ ਲਈ ਆਉਂਦੇ-ਜਾਂਦੇ ਹਨ ਅਤੇ ਇਸੇ ਸੰਗਰੂਰ ਵਾਲੀ ਕੋਠੀ 'ਚ ਹਰ ਸਾਲ ਰਾਮਲੀਲ੍ਹਾ ਵੀ ਕਰਵਾਈ ਜਾਂਦੀ ਹੈ, ਪਰ ਇਥੇ ਸਥਾਨਕ ਨਗਰ ਕੌਂਸਲ ਵੱਲੋਂ ਸ਼ਹਿਰ ਦਾ ਕੂੜਾ ਇਕੱਠਾ ਕਰਕੇ ਡੰਪ ਕੀਤਾ ਜਾ ਰਿਹਾ ਹੈ ਅਤੇ ਕੂੜੇ ਦੇ ਢੇਰ ਉੱਪਰ ਫਿਰਦੇ ਆਵਾਰਾ ਪਸ਼ੂਆਂ ਤੇ ਕੁੱਤਿਆਂ ਵੱਲੋਂ ਫੈਲਾਈ ਜਾਂਦੀ ਗੰਦਗੀ ਲੋਕਾਂ ਲਈ ਪ੍ਰੇਸ਼ਾਨੀਆਂ ਦਾ ਸਬੱਬ ਸਾਬਿਤ ਹੋ ਰਹੀ ਹੈ। ਰਾਮਲੀਲ੍ਹਾ ਹੋਣ ਕਾਰਨ ਸ਼ਹਿਰ ਨਿਵਾਸੀਆਂ ਵੱਲੋਂ ਕੂੜੇ ਦਾ ਢੇਰ ਕਿਧਰੇ ਹੋਰ ਤਬਦੀਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਮਹਾਰਾਜਾ ਅਗਰਸੈਨ ਜਯੰਤੀ 22 ਨੂੰ ਮਨਾਈ ਜਾਵੇਗੀ : ਸਿੰਗਲਾ



**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮਹਿਤ ਗਰਗ)**-ਅੱਗਰਵਾਲ ਸਮਾਜ ਸਭਾ (ਰਜਿ:) ਧੂਰੀ ਦੇ ਚੇਅਰਮੈਨ ਅਸ਼ਵਨੀ ਗੋਇਲ ਤੇ ਪ੍ਰਧਾਨ ਮਦਨ ਲਾਲ ਬਾਂਸਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਮਹਾਰਾਜਾ ਅਗਰਸੈਨ ਜਯੰਤੀ ਮਨਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਉਪਰੰਤ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਨਰੇਸ਼ ਸਿੰਗਲਾ ਨੇ ਦੱਸਿਆ ਕਿ ਸਰਬਸੰਮਤੀ ਨਾਲ 22 ਸਤੰਬਰ ਨੂੰ ਸ਼ਾਮ 7 ਵਜੇ ਇੱਛਾ ਪੂਰਨ ਸ੍ਰੀ ਬਾਲਾ ਜੀ ਧਾਮ, ਬਾਲਾ ਜੀ ਇੰਨਕਲੇਵ, ਧੂਰੀ ਵਿਖੇ ਮਹਾਰਾਜਾ ਅਗਰਸੈਨ ਜੈਯੰਤੀ ਮਨਾਉਣ ਦਾ ਫੈਸਲਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਮੌਕੇ ਸ੍ਰੀ ਸੁੰਦਰ ਕਾਂਡ ਦੇ ਪਾਠ ਕਰਵਾਏ ਜਾਣਗੇ ਤੇ ਮਹਾਰਾਜਾ ਅਗਰਸੈਨ ਜੀ ਦੇ ਜੀਵਨ ਬਾਰੇ ਅਤੇ ਅੱਗਰਵਾਲ ਸਮਾਜ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਤੇ ਸਮਾਜ ਦੀ ਮਜ਼ਬੂਤੀ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਮੌਕੇ ਜਨਕ ਰਾਜ ਮੀਮਸਾ, ਲੁਕੇਸ਼ ਸਿੰਗਲਾ, ਪਵਨ ਗਰਗ, ਵਿਜੈ ਗੋਇਲ, ਨਰੇਸ਼ ਗਰਗ, ਰਾਕੇਸ਼ ਗਰਗ ਠੇਕੇਦਾਰ, ਅਰੁਣ ਆਰੀਆ, ਰਾਜ ਕੁਮਾਰ, ਯਸ਼ਪਾਲ ਬਾਂਸਲ, ਬਲਰਾਜ ਬਾਂਸਲ, ਯਸ਼ ਗੁਪਤਾ, ਭੁਪਿੰਦਰਪਾਲ ਮਿੱਠਾ, ਰਾਕੇਸ਼ ਬਾਂਸਲ, ਅਸ਼ੋਕ ਸਿੰਗਲਾ, ਪ੍ਰਦੀਪ ਮਿੱਤਲ, ਸੁਸ਼ੀਲ ਗਰਗ, ਰਾਕੇਸ਼ ਕੁਮਾਰ ਕਾਂਝਲਾ, ਬਲਵਿੰਦਰ ਸਿੰਗਲਾ ਆਦਿ ਹਾਜ਼ਰ ਸਨ।

## ਕੀਟਨਾਸ਼ਕ ਨਿਗਲਣ ਵਾਲੇ ਵਿਦਿਆਰਥੀ ਨੇ ਦਮ ਤੋੜਿਆ, ਪ੍ਰਿੰਸੀਪਲ ਸਣੇ ਪੰਜ ਅਧਿਆਪਕਾਂ ਖਿਲਾਫ਼ ਕੇਸ ਦਰਜ

**ਧਰਮਕੋਟ** : ਕੀਟਨਾਸ਼ਕ ਦਵਾਈ ਨਿਗਲਣ ਵਾਲੇ ਵਿਦਿਆਰਥੀ ਨੇ ਅੱਜ ਤੜਕਸਾਰ ਦਮ ਤੋੜ ਦਿੱਤਾ। ਪਿਛਲੇ 25 ਦਿਨਾਂ ਦੌਰਾਨ ਵੱਖ-ਵੱਖ ਹਸਪਤਾਲਾਂ ਵਿੱਚ ਉਸ ਦਾ ਇਲਾਜ ਚੱਲਦਾ ਰਿਹਾ ਸੀ। ਏਮਜ਼ ਹਸਪਤਾਲ ਬਠਿੰਡਾ ਦੇ ਡਾਕਟਰਾਂ ਨੇ ਪਰਵਾਰ ਨੂੰ 17 ਸਤੰਬਰ ਨੂੰ ਉਸ ਨੂੰ ਘਰ ਲੈ ਕੇ ਜਾਣ ਦੀ ਸਲਾਹ ਦਿੱਤੀ ਸੀ। ਉਸ ਦਿਨ ਤੋਂ ਹੀ ਉਹ ਬਣਾਉਟੀ ਸਾਹ ਪ੍ਰਣਾਲੀ ਉੱਤੇ ਸੀ। ਅੱਜ ਤੜਕਸਾਰ ਤਿੰਨ ਵਜੇ ਉਸ ਨੇ ਆਖ਼ਰੀ ਸਾਹ ਲਿਆ। ਪੀੜਤ ਪਰਵਾਰ ਵੱਲੋਂ ਮੋਗਾ-ਜਲੰਧਰ ਹਾਈਵੇ 'ਤੇ ਜਾਮ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਧਰਮਕੋਟ ਦੇ ਡੀ ਐੱਸ ਪੀ ਜਸਵਰਿੰਦਰ ਸਿੰਘ ਨੇ ਮੌਕੇ ਉੱਤੇ ਪੁੱਜ ਕੇ ਪਰਵਾਰ ਨੂੰ ਇਨਸਾਫ ਦਾ ਭਰੋਸਾ ਦਿਵਾ ਕੇ ਜਾਮ ਖੁਲ੍ਹਵਾਇਆ। ਇਸ ਮੌਕੇ ਆਲ ਇੰਡੀਆ ਰਾਏ ਸਿੱਖ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਆਪਣੇ ਸਾਥੀਆਂ ਸਮੇਤ ਉੱਥੇ ਪੁੱਜੇ ਹੋਏ ਸਨ। ਪੁਲਸ ਨੇ ਸਕੂਲ ਪ੍ਰਿੰਸੀਪਲ ਸੁਰਿੰਦਰਪਾਲ ਸਿੰਘ ਸਮੇਤ ਪੰਜ ਅਧਿਆਪਕਾਂ ਹਰਦੀਪ ਸਿੰਘ, ਕਾਲੂ ਰਾਮ, ਨੈਲਸਨ ਕੌੜਾ, ਜੋਤੀ ਅਤੇ ਰਜਿੰਦਰ ਕੌਰ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਮਗਰੋਂ ਪਰਵਾਰ ਜਸ਼ਨਦੀਪ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਰਾਜ਼ੀ ਹੋ ਗਿਆ। ਜ਼ਿਕਰਯੋਗ ਹੈ ਕਿ 23 ਅਗਸਤ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਲਕੇ ਦੇ ਉਕਤ ਵਿਦਿਆਰਥੀ ਜਸ਼ਨਦੀਪ ਸਿੰਘ ਦੀ ਅਧਿਆਪਕਾਂ ਵੱਲੋਂ ਕੀਤੀ ਗਈ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ ਸੀ।

ਮ੍ਰਿਤਕ ਦੇ ਪਿਤਾ ਕੁਲਵਿੰਦਰ ਸਿੰਘ ਨੇ ਦੋਸ਼ ਲਗਾਏ ਸਨ ਕਿ ਜਸ਼ਨਦੀਪ ਸਿੰਘ ਨਾਲ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸਮੇਤ ਅੱਧੀ ਦਰਜਨ ਅਧਿਆਪਕਾਂ ਨੇ ਕੁੱਟਮਾਰ ਕੀਤੀ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਲੀਲ ਕੀਤਾ ਸੀ। ਜਸ਼ਨਦੀਪ ਨੇ ਘਰ ਆ ਕੇ ਕੀਟਨਾਸ਼ਕ ਦਵਾਈ ਨਿਗਲ ਲਈ ਸੀ। ਮਾਮਲਾ ਭਖ ਜਾਣ ਤੋਂ ਬਾਅਦ ਸਕੂਲ ਦੇ ਉਕਤ ਸਾਰੇ ਅਧਿਆਪਕ ਮੈਡੀਕਲ ਛੁੱਟੀ 'ਤੇ ਚਲੇ ਗਏ ਹਨ।

## ਫਗਵਾੜਾ 'ਚ ਵੱਡੇ ਸਾਈਬਰ ਫ਼ਰਾਡ ਰੈਕੇਟ ਦਾ ਪਰਦਾਫਾਸ਼

**39 ਵਿਅਕਤੀ ਗ੍ਰਿਫ਼ਤਾਰ; 40 ਲੈਪਟਾਪ, 67 ਮੋਬਾਈਲ ਤੇ 10 ਲੱਖ ਦੀ ਨਕਦੀ ਬਰਾਮਦ**

**ਫਗਵਾੜਾ** : ਇੱਥੇ ਪੁਲਸ ਨੇ ਵੱਡੇ ਸਾਈਬਰ ਫ਼ਰਾਡ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪਲਾਹੀ ਰੋਡ ਫਗਵਾੜਾ ਸਥਿਤ ਇੱਕ ਹੋਟਲ ਵਿੱਚੋਂ ਚੱਲ ਰਹੇ ਇਸ ਗੈਰਕਾਨੂੰਨੀ ਰੈਕੇਟ 'ਤੇ ਵੀਰਵਾਰ ਦੇਰ ਰਾਤ ਛਾਪਾ ਮਾਰਿਆ ਗਿਆ। ਇਸ ਪੂਰੇ ਅਪਰੇਸ਼ਨ, ਜੋ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਕਪੂਰਥਲਾ ਤੇ ਫਗਵਾੜਾ ਸਿਟੀ ਪੁਲਸ ਵੱਲੋਂ ਚਲਾਇਆ ਗਿਆ, ਦੌਰਾਨ 39 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ ਪੁਲਸ ਨੇ 40 ਲੈਪਟਾਪ, 67 ਮੋਬਾਈਲ ਫੋਨ ਅਤੇ 10 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ। ਪੁਲਸ ਨੇ ਮੁਲਜ਼ਮਾਂ ਖਿਲਾਫ਼ ਕਪੂਰਥਲਾ ਦੇ ਸਾਈਬਰ ਕ੍ਰਾਈਮ ਪੁਲਸ ਥਾਣੇ ਵਿਚ ਕੇਸ ਦਰਜ ਕੀਤੇ ਹਨ। ਮੁੱਢਲੀ ਜਾਂਚ ਦੌਰਾਨ ਖੁਲਾਸਾ ਹੋਇਆ ਕਿ ਇਹ ਰੈਕੇਟ ਅਮਰਿੰਦਰ ਸਿੰਘ ਉਰਫ਼ ਸਾਬੀ ਟੋਹਰੀ ਵਾਸੀ ਮੁਹੱਲਾ ਗੁਜਰਾਤੀਆਂ ਵੱਲੋਂ ਚਲਾਇਆ ਜਾ ਰਿਹਾ ਸੀ। ਉਸ ਨੇ ਲੀਜ਼ 'ਤੇ ਇਹ ਹੋਟਲ ਲੈ ਕੇ ਇੱਥੇ ਗੈਰਕਾਨੂੰਨੀ ਸੈਂਟਰ ਬਣਾਇਆ ਸੀ। ਕਾਲ ਸੈਂਟਰ ਦੀ ਦੇਖਭਾਲ ਜਸਪ੍ਰੀਤ ਸਿੰਘ ਤੇ ਸਾਜਨ ਮਦਾਨ (ਸਾਊਥ ਐਵੇਨਿਊ, ਨਵੀਂ ਦਿੱਲੀ) ਕਰ ਰਹੇ ਸਨ। ਦੋਹਾਂ ਦੇ ਸਿੱਧੇ ਸੰਪਰਕ ਦਿੱਲੀ ਦੇ ਇੱਕ ਵਿਅਕਤੀ ਸੂਰਜ ਨਾਲ ਮਿਲੇ ਹਨ, ਜੋ ਕਿ ਕੋਲਕਾਤਾ ਦੇ ਸ਼ੈਨ ਨਾਲ ਜੁੜਿਆ ਹੋਇਆ ਹੈ। ਪੁਲਸ ਮੁਤਾਬਕ ਇਹ ਗਰੋਹ ਅਮਰੀਕਾ ਅਤੇ ਕੈਨੇਡਾ ਦੇ ਲੋਕਾਂ ਨਾਲ ਸਾਫਟਵੇਅਰ ਸੋਲੂਸ਼ਨ ਮੁਹੱਈਆ ਕਰਵਾਉਣ ਦੇ ਨਾਂਅ 'ਤੇ ਧੋਖਾਧੜੀ ਕਰ ਰਿਹਾ ਸੀ। ਇਨ੍ਹਾਂ ਦੇ ਲੈਣ-ਦੇਣ ਮੁੱਖ ਤੌਰ 'ਤੇ ਬਿਟਕੋਇਨ ਰਾਹੀਂ ਹੁੰਦੇ ਸਨ, ਜਦ ਕਿ ਹਵਾਲਾ ਚੈਨਲਾਂ ਰਾਹੀਂ ਵੀ ਪੈਸੇ ਟਰਾਂਸਫਰ ਕੀਤੇ ਜਾਂਦੇ ਸਨ।

## ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਓਜ਼ੋਨ ਦਿਵਸ 'ਤੇ ਸਮਾਗਮ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਰਸਾਇਣ ਵਿਗਿਆਨ, ਬਾਇਓਟੈਕਨਾਲੋਜੀ ਤੇ ਜੀਵ ਵਿਗਿਆਨ ਵਿਭਾਗ ਨੇ ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਦੀ ਅਗਵਾਈ ਹੇਠ ਵਿਸ਼ਵ ਓਜ਼ੋਨ ਦਿਵਸ ਮਨਾਉਣ ਲਈ ਕਈ ਪ੍ਰੋਗਰਾਮਾਂ ਦਾ ਆਯੋਜਨ ਕੀਤਾ।ਪ੍ਰੋਗਰਾਮ ਵਿੱਚ ਮਾਹਰ ਭਾਸ਼ਣ, ਪੌਦੇ ਲਗਾਉਣ ਦੀ ਮੁਹਿੰਮ ਤੇ ਪੋਸਟਰ ਮੇਕਿੰਗ, ਸਲੋਗਨ ਲਿਖਣ, ਰੰਗੋਲੀ ਬਣਾਉਣ ਤੇ ਵਿਗਿਆਨਕ ਕੁਇੱਜ਼ ਸਮੇਤ ਮੁਕਾਬਲੇ ਸ਼ਾਮਲ ਸਨ, ਜਿਨ੍ਹਾਂ ਦਾ ਉਦੇਸ਼ ਓਜ਼ੋਨ ਦੀ ਮਹੱਤਤਾ, ਓਜ਼ੋਨ ਪਰਤ ਦੀ ਸੁਰੱਖਿਆ ਤੇ ਵਾਤਾਵਰਣ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਮੁੱਖ ਭਾਸ਼ਣ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਸਾਇਣ ਵਿਗਿਆਨ ਵਿਭਾਗ ਤੋਂ ਡਾ. ਜਤਿੰਦਰ ਸਿੰਘ ਔਲਖ ਨੇ 'ਓਜ਼ੋਨ ਪਰਤ ਸੁਰੱਖਿਆ ਤੇ ਵਾਤਾਵਰਣ ਰਸਾਇਣ ਵਿਗਿਆਨ' ਵਿਸ਼ੇ 'ਤੇ ਭਾਸ਼ਣ ਦਿੱਤਾ।ਉਨ੍ਹਾ ਓਜ਼ੋਨ ਪਰਤ ਦੇ ਘਟਣ ਦੇ ਵਿਸਤ੍ਰਿਤ ਕਾਰਨਾਂ, ਜਿਵੇਂ ਕਿ ਕਲੋਰੋਫਲੋਰੋਕਾਰਬਨ, ਐੱਚ ਸੀ ਐੱਫ ਸੀ ਤੇ ਐੱਚ ਐੱਫ ਸੀ, ਜੋ ਆਮ ਤੌਰ 'ਤੇ ਕੂਲੈਂਟ ਵਜੋਂ ਵਰਤੇ ਜਾਂਦੇ ਹਨ, 'ਤੇ ਚਾਨਣਾ ਪਾਇਆ।ਉਨ੍ਹਾਂ ਵਿਸ਼ਲੇਸ਼ਣਾਤਮਕ ਰਸਾਇਣ ਵਿਗਿਆਨ ਦੇ ਆਧੁਨਿਕ ਤਰੀਕਿਆਂ 'ਤੇ ਵੀ ਚਰਚਾ ਕੀਤੀ, ਜਿਨ੍ਹਾਂ ਨੂੰ ਓਜ਼ੋਨ ਪਰਤ ਤੇ ਵਾਤਾਵਰਣ ਦੀ ਨਿਗਰਾਨੀ ਅਤੇ ਸੁਰੱਖਿਆ ਲਈ ਵਰਤਿਆ ਜਾ ਸਕਦਾ ਹੈ। ਪ੍ਰਧਾਨਗੀ ਭਾਸ਼ਣ ਵਿੱਚ ਮਾਨਯੋਗ ਵਾਇਸ-ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਓਜ਼ੋਨ ਪਰਤ ਦੀ ਖੋਜ ਤੇ ਮਨੁੱਖੀ ਜੀਵਨ ਨੂੰ ਕਾਇਮ ਰੱਖਣ ਵਿੱਚ ਇਸ ਦੀ ਮਹੱਤਵਪੂਰਨ ਭੂਮਿਕਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਵਾਤਾਵਰਣ ਸੁਰੱਖਿਆ ਵਿੱਚ ਯੋਗਦਾਨ ਪਾਉਣ ਲਈ ਨੌਜਵਾਨ ਪੀੜ੍ਹੀਆਂ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ।ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ, ਪ੍ਰੋ. ਤੇਜਬੀਰ ਸਿੰਘ ਰਜਿਸਟਰਾਰ ਤੇ ਚੇਅਰਮੈਨ ਸੀਐੱਸਆਰਆਈ, ਡਾ. ਅੰਕਦੀਪ ਕੌਰ ਅਟਵਾਲ ਡਾਇਰੈਕਟਰ ਆਈਕਿਊਏਸੀ, ਡਾ. ਰੁਪਿੰਦਰ ਕੌਰ, ਮੁਖੀ ਬਾਇਓਟੈਕਨਾਲੋਜੀ ਵਿਭਾਗ, ਡਾ. ਪ੍ਰੀਤ ਕੌਰ, ਮੁਖੀ ਭੌਤਿਕ ਵਿਗਿਆਨ ਵਿਭਾਗ ਅਤੇ ਹੋਰ ਫੈਕਲਟੀ ਮੈਂਬਰਾਂ ਨੇ ਇਸ ਮੌਕੇ 'ਤੇ ਸ਼ਿਰਕਤ ਕੀਤੀ। ਵਾਇਸ-ਚਾਂਸਲਰ ਦੀ ਅਗਵਾਈ ਹੇਠ ਇੱਕ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ, ਜਿਸ ਵਿੱਚ ਡੀਨ ਅਕਾਦਮਿਕ ਮਾਮਲੇ, ਰਜਿਸਟਰਾਰ, ਡਾ. ਜਤਿੰਦਰ ਔਲਖ ਤੇ ਕੈਮਿਸਟਰੀ ਵਿਭਾਗ ਦੇ ਫੈਕਲਟੀ ਮੈਂਬਰ ਸ਼ਾਮਲ ਹੋਏ।ਇਸ ਸਮਾਗਮ ਵਿੱਚ ਲਗਭਗ 120 ਵਿਦਿਆਰਥੀਆਂ ਨੇ ਰੰਗੋਲੀ ਬਣਾਉਣ, ਪੋਸਟਰ ਬਣਾਉਣ, ਸਲੋਗਨ ਲਿਖਣ ਤੇ ਕੁਇੱਜ਼ ਮੁਕਾਬਲੇ ਸਮੇਤ ਵੱਖ-ਵੱਖ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਤੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।

## 'ਨਸਲੀ ਨਫ਼ਰਤ ਤੇ ਵਿਤਕਰੇ' ਦਾ ਸ਼ਿਕਾਰ ਹੋਇਆ ਤਿਲੰਗਾਨਾ ਦਾ ਨੌਜਵਾਨ

### ਅਮਰੀਕਾ 'ਚ ਪੁਲਸ ਦੀ ਗੋਲੀ ਨਾਲ ਹੋਈ ਸੀ ਮੌਤ

**ਹੈਦਰਾਬਾਦ** : ਤਿਲੰਗਾਨਾ ਦੇ 30 ਸਾਲਾ ਵਿਅਕਤੀ, ਜਿਸ ਨੂੰ ਕਥਿਤ ਤੌਰ 'ਤੇ ਅਮਰੀਕੀ ਪੁਲਸ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ, ਨੇ ਦਾਅਵਾ ਕੀਤਾ ਸੀ ਕਿ ਉਹ 'ਨਸਲੀ ਨਫ਼ਰਤ ਅਤੇ ਵਿਤਕਰੇ' ਦਾ ਸ਼ਿਕਾਰ ਸੀ। ਪੀੜਤ ਪਰਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਮਹਿਬੂਬਨਗਰ ਜ਼ਿਲ੍ਹੇ ਦੇ ਮੁਹੰਮਦ ਨਿਜ਼ਾਮੂਦੀਨ ਦੀ ਅਮਰੀਕਾ ਵਿਚ ਆਪਣੇ ਕਮਰੇ ਵਿਚ ਰਹਿੰਦੇ ਸਾਥੀ ਨਾਲ ਕਥਿਤ 'ਝਗੜੇ' ਤੋਂ ਬਾਅਦ ਪੁਲਸ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੋਸ਼ਲ ਮੀਡੀਆ 'ਤੇ ਇੱਕ ਹਾਲੀਆ ਪੋਸਟ ਵਿੱਚ ਨਿਜ਼ਾਮੂਦੀਨ ਨੇ ਕਿਹਾ, "ਮੈਂ ਨਸਲੀ ਨਫ਼ਰਤ, ਨਸਲੀ ਵਿਤਕਰੇ, ਨਸਲੀ ਪਰੇਸ਼ਾਨੀ, ਤਸ਼ੱਦਦ, ਤਨਖਾਹ ਧੋਖਾਧੜੀ, ਨੌਕਰੀ ਤੋਂ ਗਲਤ ਤਰੀਕੇ ਨਾਲ ਕੱਢਣ ਅਤੇ ਨਿਆਂ ਵਿੱਚ ਰੁਕਾਵਟ ਦਾ ਸ਼ਿਕਾਰ ਹੋਇਆ ਹਾਂ। ਅੱਜ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਮੈਂ ਬੋਲਣ ਦਾ ਫੈਸਲਾ ਕੀਤਾ... ਕਾਰਪੋਰੇਟ ਜ਼ਾਲਮਾਂ ਵੱਲੋਂ ਪਰੇਸ਼ਾਨੀ ਬੰਦ ਹੋਣੀ ਚਾਹੀਦੀ ਹੈ, ਅਤੇ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।" ਨਿਜ਼ਾਮੂਦੀਨ ਦੇ ਪਿਤਾ ਮੁਹੰਮਦ ਹਸਨੂਦੀਨ ਨੇ ਆਪਣੇ ਪੁੱਤਰ ਦੇ ਇਕ ਦੋਸਤ ਤੋਂ ਮਿਲੀ ਜਾਣਕਾਰੀ ਦੇ ਹਵਾਲੇ ਨਾਲ ਦੱਸਿਆ ਕਿ ਇਹ ਘਟਨਾ 3 ਸਤੰਬਰ ਨੂੰ ਵਾਪਰੀ ਸੀ, ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਅਸਲ ਵਿੱਚ ਕੀ ਹੋਇਆ ਸੀ। ਇਸ ਦੌਰਾਨ ਪੀੜਤ ਪਿਤਾ ਨੇ ਪੁੱਤਰ ਦੀ ਮ੍ਰਿਤਕ ਦੇਹ ਮਹਿਬੂਬਨਗਰ ਲਿਆਉਣ ਲਈ ਵਾਸ਼ਿੰਗਟਨ ਡੀ ਸੀ ਸਥਿਤ ਭਾਰਤੀ ਅੰਬੈਸੀ ਤੇ ਸਾਨਫਰਾਂਸਿਸਕੋ ਵਿਚਲੇ ਕੌਂਸਲੇਟ ਜਨਰਲ ਨੂੰ ਮਦਦ ਦੀ ਅਪੀਲ ਕੀਤੀ ਹੈ।

## ਨਸ਼ਿਆਂ ਤੋਂ ਆਜ਼ਾਦੀ ਲਈ ਲੜਾਈ ਸਭ ਇਕੱਠੇ ਹੋ ਕੇ ਲੜਾਂਗੇ : ਡਾ. ਅਮਿਤ ਕਾਂਸਲ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲੈਣ ਦਾ ਸੁਭਾਗ ਸਾਨੂੰ ਨਹੀਂ ਮਿਲਿਆ, ਪਰ ਅਜ਼ਾਦੀ ਦੇ ਇਸ ਅੰਮ੍ਰਿਤਕਾਲ ਵਿੱਚ ਸਾਨੂੰ ਸਾਰਿਆਂ ਨੂੰ ਮਿਲ ਕੇ ਨਸ਼ਿਆਂ ਤੋਂ ਆਜ਼ਾਦੀ ਲਈ ਲੜਨਾ ਚਾਹੀਦਾ ਹੈ।2047 ਦਾ ਵਿਕਸਤ ਭਾਰਤ ਨਿਸਚਿਤ ਰੂਪ ਵਿੱਚ ਨਸ਼ਾ ਮੁਕਤ ਭਾਰਤ ਹੋਵੇਗਾ ਤੇ ਪੰਜਾਬ ਦੇਸ਼ ਦਾ ਮੋਹਰੀ ਸੂਬਾ ਹੋਵੇਗਾ।ਨਸ਼ਾ ਮੁਕਤੀ ਚੇਤਨਾ ਸੰਘ ਪੰਜਾਬ ਦੇ ਸੂਬਾ ਸਹਿ ਸੰਯੋਜਕ ਤੇ ਰਾਸ਼ਟਰਵਾਦੀ ਚਿੰਤਕ ਕਾਂਸਲ ਫਾਊਂਡੇਸ਼ਨ ਦੇ ਸੰਸਥਾਪਕ ਡਾ. ਅਮਿਤ ਕਾਂਸਲ ਨੇ ਸੰਗਰੂਰ, ਸੁਨਾਮ, ਘਰਾਚੋਂ ਤੇ ਲੌਂਗੋਵਾਲ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ 'ਚ ਆਯੋਜਤ ਨਸ਼ਾ ਮੁਕਤੀ ਚੇਤਨਾ ਸਮਾਗਮਾਂ ਵਿੱਚ ਵਿਦਿਆਰਥੀਆਂ ਤੇ ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਇਹ ਵਿਚਾਰ ਪ੍ਰਗਟ ਕੀਤੇ।ਡਾ. ਕਾਂਸਲ ਨੇ ਕਿਹਾ ਕਿ ਸਕੂਲੀ ਵਿਦਿਆਰਥੀ ਤੇ ਨੌਜਵਾਨ ਨਸ਼ਾ ਵੇਚਣ ਵਾਲਿਆਂ ਦਾ ਮੁੱਖ ਨਿਸ਼ਾਨਾ ਹਨ। ਜਾਗਰੂਕਤਾ ਦੀ ਘਾਟ ਕਾਰਨ ਉਹ ਅਣਜਾਣੇ ਵਿੱਚ ਨਸ਼ੇ ਦੇ ਹਨੇਰੇ ਜਾਲ 'ਚ ਫਸ ਜਾਂਦੇ ਹਨ ਤੇ ਆਪਣੀ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ।ਸਰਕਾਰਾਂ ਆਪਣਾ ਕੰਮ ਕਰ ਰਹੀਆਂ ਹਨ ਤੇ ਕਾਨੂੰਨ ਦੇ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀਆਂ ਹਨ।ਡਾ. ਕਾਂਸਲ ਨੇ ਕਿਹਾ ਨਸ਼ਾ ਮੁਕਤ ਪੰਜਾਬ ਮੇਰਾ ਲਈ ਇੱਕ ਮਿਸ਼ਨ ਹੈ ਤੇ ਮੇਰੀ ਸੰਸਥਾ ਦੇ ਮੇਰੇ ਸਾਰੇ ਸਾਥੀ ਇਸ ਮਿਸ਼ਨ ਲਈ ਸਮਰਪਤ ਹਨ। ਅਸੀਂ ਤਨ, ਮਨ, ਧਨ ਅਰਪਿਤ ਕਰ ਇਸ ਮਿਸ਼ਨ ਵਿੱਚ ਲੱਗੇ ਹਾਂ। ਨਸ਼ਾ ਮੁਕਤ ਪੰਜਾਬ ਦੀ ਪ੍ਰਾਪਤੀ ਆਜ਼ਾਦੀ ਦੇ ਇਸ ਅੰਮ੍ਰਿਤਕਾਲ ਵਿੱਚ ਵਿੱਚ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਸੁਖਦੇਵ ਥਾਪਰ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ...ਸਫ਼ਾ 1 ਦੇ ਬਾਕੀ

### ਮੁੱਖ ਮੰਤਰੀ ਵੱਲੋਂ...

ਵਿੱਚ ਆੜ੍ਹਤੀਆਂ ਨਾਲ ਆਪਣੇ ਨਿੱਜੀ ਤਜਰਬੇ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਖ਼ਰੀਦ ਪ੍ਰਕਿਰਿਆ ਦਾ ਮਹੱਤਵਪੂਰਨ ਅੰਗ ਹਨ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕੇਂਦਰ ਸਰਕਾਰ ਤਰਫੋਂ ਅਨਾਜ ਖਰੀਦਦੀ ਹੈ ਅਤੇ ਸਾਉਣੀ ਮੰਡੀਕਰਨ ਸੀਜ਼ਨ 2025-26 ਦੌਰਾਨ ਸੁਚਾਰੂ ਅਤੇ ਨਿਰਵਿਘਨ ਖ਼ਰੀਦ ਪ੍ਰਕਿਰਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆੜ੍ਹਤੀਆਂ ਦੇ ਲਾਇਸੈਂਸਾਂ ਦੀ ਪ੍ਰਮਾਣਿਕਤਾ ਨੂੰ ਪੰਜ ਤੋਂ ਵਧਾ ਕੇ ਦਸ ਸਾਲ ਕੀਤਾ ਜਾਵੇਗਾ ਅਤੇ ਨਵੇਂ ਲਾਇਸੈਂਸ 48 ਘੰਟਿਆਂ ਦੇ ਅੰਦਰ ਜਾਰੀ ਕੀਤੇ ਜਾਣਗੇ।

ਉਨ੍ਹਾ ਅੱਗੇ ਕਿਹਾ ਕਿ ਜਦੋਂ ਮੰਡੀਆਂ ਅਸਲ ਵਿੱਚ ਸਥਾਪਤ ਕੀਤੀਆਂ ਗਈਆਂ ਸਨ, ਉਸ ਸਮੇਂ ਆੜ੍ਹਤੀਆਂ ਨੂੰ ਅਲਾਟ ਕੀਤੀਆਂ ਦੁਕਾਨਾਂ ਦੀ ਉਸਾਰੀ ਨਾ ਕਰਨ ਨਾਲ ਸੰਬੰਧਤ ਲੰਬਿਤ ਬਕਾਏ, ਜੁਰਮਾਨੇ ਅਤੇ ਵਿਆਜ ਦਾ ਨਿਪਟਾਰਾ ਕਰਨ ਲਈ ਸਰਕਾਰ ਵੱਲੋਂ ਯਕਮੁਸ਼ਤ ਨਿਬੇੜਾ ਯੋਜਨਾ ਸ਼ੁਰੂ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਐਨ ਸੀ ਸੀ ਕੈਡਿਟਸ ਦੀ ਚੋਣ ਕਰਾਈ

**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਯੋਗ ਅਗਵਾਈ ਹੇਠ 19 ਪੰਜਾਬ ਬਟਾਲੀਅਨ, ਲੁਧਿਆਣਾ ਦੇ ਚੱਲ ਰਹੇ ਐੱਨ.ਸੀ.ਸੀ. ਕੈਡਿਟਸ ਦੀ ਚੋਣ ਮੁਕੰਮਲ ਕਰਾਈ ਗਈ।ਇਹ ਚੋਣ ਲੈਫ਼ਟੀਨੈਂਟ ਕਰਨਲ ਫੈਜ਼ਾਨ ਜ਼ਹੂਰ, ਸੂਬੇਦਾਰ ਮੇਜਰ ਸੁਖਦੇਵ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪ੍ਰੋਫੈਸਰ ਲੈਫ਼ਟੀਨੈਂਟ ਸੁਰਿੰਦਰ ਕੌਰ ਦੀ ਨਿਗਰਾਨੀ ਹੇਠ ਸੂਬੇਦਾਰ ਕੁਲਵਿੰਦਰ ਸਿੰਘ ਤੇ ਹਵਲਦਾਰ ਲਖਵੀਰ ਸਿੰਘ ਵੱਲੋਂ ਆਰਮੀ ਵਿੰਗ ਦੀ ਚੋਣ ਲਈ ਕੀਤੀ ਗਈ।ਇਸ ਪ੍ਰਕਿਰਿਆ ਵਿੱਚ ਕਾਲਜੀਏਟ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਚੋਣ ਪ੍ਰਕਿਰਿਆ ਲਈ ਵਿਦਿਆਰਥੀਆਂ ਦੀ ਪਹਿਲਾਂ ਫ਼ਿਜ਼ੀਕਲ ਪ੍ਰੀਖਿਆ ਲਈ ਗਈ ਉਪਰੰਤ ਲਿਖਤੀ ਪ੍ਰੀਖਿਆ ਲਈ ਗਈ।ਇਨ੍ਹਾਂ ਪ੍ਰੀਖਿਆਵਾਂ ਵਿੱਚ ਪਾਸ ਹੋਏ ਵਿਦਿਆਰਥੀਆਂ ਨੂੰ ਐੱਨ.ਸੀ.ਸੀ. ਕੈਡਿਟਸ ਵਜੋਂ ਚੁਣਿਆ ਗਿਆ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਚੁਣੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਅਗਲੇ ਇਮਤਿਹਾਨਾਂ ਤੇ ਭਰਤੀ ਪ੍ਰਕਿਰਿਆ ਲਈ ਡਟ ਕੇ ਮਿਹਨਤ ਕਰਨ ਤੇ ਉੱਚ ਬੁਲੰਦੀਆਂ ਨੂੰ ਛੂਹਣ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਲੈਕਚਰਾਰ ਕਰਮਪ੍ਰੀਤ ਕੌਰ ਵੀ ਹਾਜ਼ਰ ਸਨ।

## ਸੁਖਮਨੀ ਸਾਹਿਬ ਦੇ ਪਾਠ ਨਾਲ ਬਾਬਾ ਫ਼ਰੀਦ ਮੇਲੇ ਦੀ ਸ਼ੁਰੂਆਤ


**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਟਿੱਲਾ ਬਾਬਾ ਫ਼ਰੀਦ ਵਿਖੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਤੇ ਕੀਰਤਨ ਨਾਲ ਸਾਲਾਨਾ ਆਗਮਨ ਪੁਰਬ ਦੀ ਸ਼ੁਰੂਆਤ ਹੋਈ।ਇਸ ਮੌਕੇ ਵੱਡੀ ਗਿਣਤੀ 'ਚ ਪਹੁੰਚੀ ਸੰਗਤ ਨੇ ਨਤਮਸਤਕ ਹੋ ਕੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ਼ ਫ਼ਰੀਦ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ, ਐੱਸ.ਐੱਸ.ਪੀ. ਡਾ. ਪ੍ਰੱਗਿਆ ਜੈਨ ਤੇ ਐੱਸ.ਡੀ.ਐੱਮ. ਮੇਜਰ ਡਾ. ਵਰੁਣ ਕੁਮਾਰ, ਜੀ.ਏ ਗੁਰਕਿਰਨਦੀਪ ਸਿੰਘ ਵੀ ਗੁਰੂ ਘਰ ਨਤਮਸਤਕ ਹੋਏ।ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਸੰਗਤਾਂ ਨੂੰ ਬਾਬਾ ਫ਼ਰੀਦ ਆਗਮਨ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਬਾਬਾ ਫ਼ਰੀਦ ਜੀ ਮਹਾਨ ਸੂਫ਼ੀ ਸੰਤ ਸਨ, ਜਿਨ੍ਹਾਂ ਦੀ ਬਾਣੀ ਮਾਨਸਿਕ ਤੇ ਆਤਮਿਕ ਤੌਰ 'ਤੇ ਸਾਨੂੰ ਪ੍ਰੇਰਿਤ ਕਰਦੀ ਹੈ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕਿਹਾ ਕਿ ਬਾਬਾ ਫ਼ਰੀਦ ਦੀ ਬਾਣੀ ਸਾਰੇ ਧਰਮਾਂ ਤੇ ਵਰਗਾਂ ਦੇ ਲੋਕਾਂ ਨੂੰ ਇਕਜੁਟ ਕਰਦੀ ਹੈ।ਉਨ੍ਹਾਂ ਕਿਹਾ ਕਿ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਪਿਆਰ, ਭਾਈਚਾਰੇ ਤੇ ਇਨਸਾਨੀਅਤ ਦਾ ਸੰਦੇਸ਼ ਦਿੰਦੀਆਂ ਹਨ।

## ਸ਼ਰਧਾਲੂਆਂ ਦਾ ਜਥਾ ਧਾਰਮਿਕ ਯਾਤਰਾ ਲਈ ਮਾਂ ਚਿੰਤਪੁਰਨੀ ਧਾਮ ਲਈ ਹੋਇਆ ਰਵਾਨਾ





**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਂ ਚਿੰਤਪੂਰਨੀ ਧਾਮ ਲਈ ਬਾਘਾ ਪੁਰਾਣਾ ਤੋਂ ਸ਼ਰਧਾਲੂਆਂ ਦਾ ਜੱਥਾ ਯਾਤਰਾ ਕਰਨ ਦੇ ਲਈ ਰਵਾਨਾ ਹੋਇਆ।ਬੱਸ ਯਾਤਰਾ ਨੂੰ ਝੰਡੀ ਦੇਣ ਦੀ ਰਸਮ ਰਾਜ ਕੁਮਾਰ ਗਰਗ ਪ੍ਰਧਾਨ ਸ੍ਰੀ ਸ਼ਿਵ ਸਨੀ ਮੰਦਿਰ ਵਲੋਂ ਦਿੱਤੀ ਗਈ।ਇਸ ਮੌਕੇ ਸ਼੍ਰੀ ਸ਼ਿਵ ਸਨੀ ਮੰਦਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ।ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਰਾਜ ਕੁਮਾਰ ਗਰਗ ਨੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਯਾਤਰਾ ਕਰਨਾ ਇਕ ਬਹੁਤ ਵਧੀਆ ਕਾਰਜ ਹੈ, ਜਿਸ ਤਹਿਤ ਅੱਜ ਬਾਘਾ ਪੁਰਾਣਾ ਤੋਂ ਮਾਤਾ ਚਿੰਤਪੂਰਨੀ ਧਾਮ ਲਈ ਇਕ ਸ਼ਰਧਾਲੂਆਂ ਦਾ ਜੱਥਾ ਮਾਤਾ ਰਾਣੀ ਜੀ ਦੇ ਦਰਬਾਰ ਵਿੱਚ ਨਤਮਸਤਕ ਹੋਣ ਲਈ ਚੱਲਿਆ ਹੈ ਤੇ ਮਾਤਾ ਚਿੰਤਪੂਰਨੀ ਇਨ੍ਹਾਂ ਭਗਤਾਂ ਦੀਆਂ ਮਨੋਕਾਮਨਾਵਾਂ ਪੂਰੀਆ ਕਰੇ।ਉਨ੍ਹਾਂ ਨੂੰ ਸ਼ਰਧਾਲੂਆਂ ਨੂੰ ਬੇਨਤੀ ਕੀਤੀ ਕਿ ਜੇਕਰ ਕੋਈ ਵੀ ਸ਼ਰਧਾਲੂ ਮਾਤਾ ਚਿੰਤਪੂਰਨੀ ਜਾਂ ਕਿਸੇ ਹੋਰ ਧਾਰਮਿਕ ਸਥਾਨ 'ਤੇ ਜਾਣਾ ਚਾਹੁੰਦਾ ਹੈ ਤਾਂ ਉਹ ਕਿਸੇ ਵੀ ਕਮੇਟੀ ਮੈਂਬਰ ਨੂੰ ਆਪਣਾ ਨਾਮ ਦਰਜ ਕਰਵਾ ਸਕਦਾ ਹੈ।ਇਸ ਮੌਕੇ ਸਮੁੱਚੀ ਸੰਗਤ ਨੇ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ।ਇਸ ਮੌਕੇ ਯੋਗੇਸ਼ ਬਾਂਸਲ ਯੋਗੀ, ਦੀਪਕ ਰੇਲੂ, ਜਸਵੀਰ, ਲੱਭਾ, ਕਾਕੂ, ਪਵਨ ਖੁਰਾਣਾ, ਸ਼ਿਵ ਸ਼ਰਮਾ, ਰਿੰਦਾ ਜਿੰਦਾ, ਓਮ ਪ੍ਰਕਾਸ਼, ਜਸਪਾਲ ਸਿੰਘ ਆਦਿ ਹਾਜ਼ਰ ਸਨ।

## ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹੈ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਨਿਵਾਸ ਸਥਾਨ 'ਤੇ ਸਥਿਤ ਦਫ਼ਤਰ ਵਿੱਚ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਹ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਕੋਈ ਵੀ ਦਫ਼ਤਰ ਤੋਂ ਦੁਖੀ ਨਾ ਹੋਵੇ।ਇਸ ਲਈ ਵੱਧ ਤੋਂ ਵੱਧ ਸਮੱਸਿਆਵਾਂ ਨੂੰ ਮੌਕੇ 'ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਹਲਕਾ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਸ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ, ਕੌਂਸਲਰ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਭਾਈ ਨਿਰਵੈਰ ਦੀ ਪਹਿਲੀ ਬਰਸੀ ਮਨਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਤਿਲਕ ਨਗਰ ਗਲੀ ਨੰਬਰ 5 ਸਥਿਤ ਵਿਸ਼ਵ ਸ਼ਾਂਤੀ ਭਵਨ ਵਿਖੇ ਬ੍ਰਹਮਾਕੁਮਾਰੀ ਸੰਸਥਾਨ ਦੁਆਰਾ ਬੀਕੇ ਭਾਈ ਨਿਰਵੈਰ ਜੀ ਦੀ ਪਹਿਲੀ ਬਰਸੀ ਮਨਾਈ ਗਈ।ਸਚਲ ਦੀਦੀ ਨੇ ਭਾਈ ਨਿਰਵੈਰ ਜੀ ਦੇ ਜੀਵਨ ਸਬੰਧੀ ਚਰਚਾ ਕਰਦਿਆਂ ਕਿਹਾ ਕਿ ਉਹ ਅਥੱਕ ਸੇਵਾਧਾਰੀ ਤੇ ਸਮਰਪਤ ਜੀਵਨ ਦੇ ਧਾਰਨੀ ਸਨ, ਜਿਨ੍ਹਾਂ ਨੇ ਸੰਸਥਾਨ ਦੀ ਬਹੁਤ ਲੰਬਾ ਸਮਾਂ ਸੇਵੀ ਕੀਤੀ।ਬੱਚਿਆਂ ਦੇ ਡਾਕਟਰ ਰਜਿੰਦਰ ਬਾਂਸਲ ਸਮਾਰੋਹ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਦੱਸ ਦਈਏ ਕਿ ਡਾ. ਰਜਿੰਦਰ ਬਾਂਸਲ ਆਪਣੇ ਪਰਵਾਰ ਸਮੇਤ ਮਾਊਂਟ ਆਬੂ ਸਥਿਤ ਬ੍ਰਹਮਾਕੁਮਾਰੀ ਸੰਸਥਾਨ ਤੋਂ ਕਾਨਫਰੰਸ 'ਚ ਸ਼ਾਮਲ ਹੋ ਕੇ ਵਾਪਸ ਮੁਕਤਸਰ ਪਰਤੇ ਹਨ।ਸਮਾਰੋਹ ਦੌਰਾਨ ਉਨ੍ਹਾਂ ਆਪਣੀ ਮਾਊਂਟ ਆਬੂ ਯਾਤਰਾ ਬਾਰੇ ਗੱਲਬਾਤ ਕਰਦਿਆਂ ਆਪਣੇ ਅਨੁਭਵ ਸਾਂਝੇ ਕੀਤੇ।ਸਮਾਰੋਹ ਉਪਰੰਤ ਸੰਤੋਸ਼ੀ ਦੀਦੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

## 'ਇੱਕ ਪੌਦਾ ਮਾਂ ਦੇ ਨਾਂਅ' ਮੁਹਿੰਮ ਤਹਿਤ ਬੂਟੇ ਲਾਏ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਲਾਈ ਜਾ ਰਹੀ ਸਵੱਛਤਾ ਦੀ ਮੁਹਿੰਮ ਤਹਿਤ ਇੱਕ ਪੌਦਾ ਮਾਂ ਦੇ ਨਾਂਅ ਤਹਿਤ ਨਗਰ ਕੌਂਸਲ ਦੋਰਾਹਾ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਤਹਿਤ ਜਿਸ ਵਿੱਚ ਈ ਓ ਹਰਨਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਇਹ ਐਕਟੀਵਿਟੀ ਕੀਤੀ ਗਈ ਜਿਸ ਵਿੱਚ ਸੁਪਰਡੈਂਟ ਵਿਸ਼ਨੂ ਦੱਤ ਸ਼ਰਮਾ, ਸੈਂਨਟਰੀ ਇੰਸਪੈਕਟਰ ਅਸ਼ਵਨੀ ਕੁਮਾਰ,ਕਲਰਕ ਅਨਿਲ ਕੁਮਾਰ, ਏਡੀਸੀ ਦਫਤਰ ਤੋ ਰਾਮ ਸਿੰਘ, ਆਈ ਈ ਸੀ ਐਸ ਐਕਸਪਰਟ ਵੱਲੋਂ ਨਗਰ ਕੌਂਸਲ ਦੋਰਾਹਾ ਵੱਲੋਂ ਬਣਾਈ ਗਈ ਆ ਪਿੱਟਾਂ ਕੋਲ ਬੂਟੇ ਲਗਾਏ ਗਏ ਅਤੇ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਵੀ ਬੂਟੇ ਲਗਾਏ ਗਏ ਇਸ ਮੌਕੇ ਮੋਟੀਵੇਟਰ ਪੂਜਾ, ਰਮਨਦੀਪ,ਸਿਮਰਨ ਅਤੇ ਮਾਲੀ ਸਤਪਾਲ ਹਣੀ ਹਾਜ਼ਰ ਸਨ।

## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦਾ ਵਫਦ ਬੈਂਕ ਅਧਿਕਾਰੀ ਨੂੰ ਮਿਲਿਆ



**ਧੂਰੀ (ਮਨੋਹਰ ਸਿੰਘ ਸੱਗੂ)**-ਗੌਰਮਿਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦਾ ਇੱਕ ਵਫਦ ਸੂਬਾਈ ਆਗੂ ਹਰਦੇਵ ਸਿੰਘ ਜਵੰਧਾ ਤੇ ਸਥਾਨਕ ਯੂਨਿਟ ਦੇ ਚੇਅਰਮੈਨ ਕੁਲਵੰਤ ਸਿੰਘ ਧੂਰੀ ਦੀ ਅਗਵਾਈ ਹੇਠ ਸਟੇਟ ਬੈਂਕ ਆਫ ਇੰਡੀਆ ਦੀ ਮੂਲੋਵਾਲ ਸ਼ਾਖਾ ਦੇ ਡੀ ਐੱਮ ਮਰਤੰਜੇ ਕੁਮਾਰ ਨੂੰ ਮਿਲਿਆ।ਵਫਦ ਨੇ ਬੈਂਕ ਅਧਿਕਾਰੀਆਂ ਨਾਲ ਪੈਨਸ਼ਨਰਾਂ ਤੇ ਫੈਮਲੀ ਪੈਨਸ਼ਨਰਾਂ ਦੀਆਂ ਛੇਵੇਂ ਪੇ ਕਮਿਸ਼ਨ ਦੇ ਬਕਾਇਆਂ ਤੇ ਲਾਈਫ ਟਾਈਮ ਬਕਾਇਆਂ ਸਬੰਧੀ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ।ਬੈਂਕ ਅਧਿਕਾਰੀਆਂ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਪੈਨਸ਼ਨਰਾਂ ਨੂੰ ਉਨ੍ਹਾਂ ਦੀ ਬ੍ਰਾਂਚ ਨਾਲ ਸੰਬੰਧਤ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਵਫਦ ਵਿੱਚ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੁੱਖ ਸਲਾਹਕਾਰ ਜੰਗ ਸਿੰਘ ਬਾਦਸ਼ਾਹਪੁਰ, ਦਫ਼ਤਰ ਸਕੱਤਰ ਕਰਮ ਸਿੰਘ ਮਾਨ, ਸਹਾਇਕ ਸਕੱਤਰ ਅਵਤਾਰ ਸਿੰਘ ਔਲਖ, ਜੀਤ ਸਿੰਘ ਧੰਦੀਵਾਲ, ਪੂਰਨ ਸਿੰਘ ਮੂਲੋਵਾਲ, ਵਿੱਕੀ ਸਿੰਘ ਮੂਲੋਵਾਲ ਆਦਿ ਪੈਨਸ਼ਨਰ ਆਗੂ ਹਾਜ਼ਰ ਸਨ।

## ਅਕਾਲ ਅਕਾਦਮੀ ਦੇ ਵਿਦਿਆਰਥੀਆਂ ਦੀ ਰਾਜ ਪੱਧਰੀ ਖੇਡਾਂ ਲਈ ਚੋਣ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕਾਦਮੀ ਚੀਮਾ ਸਾਹਿਬ ਪੀ.ਐੱਸ.ਈ.ਬੀ. ਦੇ ਵਿਦਿਆਰਥੀਆਂ ਨੇ 69ਵੀਆਂ ਜ਼ਿਲ੍ਹਾ ਜੂਡੋ ਸਕੂਲ ਮੁਕਾਬਲਿਆਂ ਵਿੱਚ ਆਪਣੇ ਜੋਸ਼, ਲਗਨ ਤੇ ਮਿਹਨਤ ਨਾਲ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਕਰਦਿਆਂ ਅਕੈਡਮੀ ਦਾ ਨਾਮ ਰੌਸ਼ਨ ਕੀਤਾ।ਇਸ ਦੌਰਾਨ (ਲੜਕੀਆਂ) ਉਮਰ ਵਰਗ-17 ਸਾਲ ਅਵਨੀਤ ਕੌਰ ਨੇ ਪਹਿਲਾ, ਕੋਮਲਪ੍ਰੀਤ ਕੌਰ ਨੇ ਦੂਸਰਾ ਤੇ ਉਮਰ ਵਰਗ-19 ਲੜਕਿਆਂ ਵਿੱਚੋਂ ਹੁਸਨਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਇਨ੍ਹਾਂ ਵਿਦਿਆਰਥੀਆਂ ਦੀ ਚੋਣ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਕੀਤੀ ਗਈ, ਜੋ ਅਕੈਡਮੀ ਲਈ ਮਾਣ ਦੀ ਗੱਲ ਹੈ।ਅਕੈਡਮੀ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ 'ਤੇ ਮੁਬਾਰਕਬਾਦ ਦਿੰਦਿਆਂ ਖੇਡ ਅਧਿਆਪਕ ਪ੍ਰਗਟ ਸਿੰਘ ਦੀ ਸਖ਼ਤ ਮਿਹਨਤ ਤੇ ਸਮਰਪਣ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਉਪਲਬਧੀਆਂ ਪਿੱਛੇ ਬੱਚਿਆਂ ਦੀ ਲਗਨ ਤੇ ਅਧਿਆਪਕਾਂ ਦੀ ਮਿਹਨਤ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਉੱਚੀਆਂ ਪ੍ਰਾਪਤੀਆਂ ਹਾਸਲ ਕਰਨ ਦੀ ਪ੍ਰੇਰਨਾ ਵੀ ਦਿੱਤੀ ਅਤੇ ਕਿਹਾ ਕਿ ਸਕੂਲ ਦਾ ਨਾਂ ਹੋਰ ਉੱਚਾਈਆਂ 'ਤੇ ਲਿਜਾਣ ਲਈ ਇਸੇ ਤਰ੍ਹਾਂ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

## ਚਿਕਨਗੁਨੀਆ ਬਾਰੇ ਲੋਕਾਂ ਨੂੰ ਘਬਰਾਉਣ ਦੀ ਨਹੀਂ, ਸਾਵਧਾਨੀ ਦੀ ਲੋੜ : ਡਾ. ਬਾਵਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਇਲਾਕੇ ਵਿੱਚ ਚਿਕਨਗੁਨੀਆ ਦੇ ਵਧਦੇ ਮਾਮਲਿਆਂ ਵਿੱਚ ਲੋਕਾਂ 'ਚ ਫੈਲ ਰਹੀ ਚਿੰਤਾ ਨੂੰ ਦੇਖਦੇ ਹੋਏ ਜੀ. ਐੱਮ. ਹਸਪਤਾਲ ਮਾਇਆ ਗਾਰਡਨ ਸੁਨਾਮ ਦੇ ਇੰਚਾਰਜ ਡਾ. ਹਰਦੀਪ ਸਿੰਘ ਬਾਵਾ ਨੇ ਨਿਵਾਸੀਆਂ ਨੂੰ ਘਬਰਾਉਣ ਦੀ ਬਜਾਏ ਸਾਵਧਾਨੀ ਤੇ ਸਮੇਂ-ਸਿਰ ਇਲਾਜ 'ਤੇ ਧਿਆਨ ਦੇਣ ਦੀ ਅਪੀਲ ਕੀਤੀ ਹੈ।ਡਾ. ਬਾਵਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚਿਕਨਗੁਨੀਆ ਇੱਕ ਵਾਇਰਸ ਬਿਮਾਰੀ ਹੈ, ਜੋ ਐਡਿਸ ਮੱਛਰ ਰਾਹੀਂ ਫੈਲਦੀ ਹੈ, ਪਰ ਜੇ ਸਮੇਂ-ਸਿਰ ਜਾਂਚ ਤੇ ਸਹੀ ਇਲਾਜ ਮਿਲੇ ਤਾਂ ਇਸ ਦਾ ਸੰਭਾਲ ਕੀਤਾ ਜਾ ਸਕਦਾ ਹੈ।ਘਬਰਾਉਣ ਜਾਂ ਗਲਤ ਜਾਣਕਾਰੀ 'ਚ ਆਉਣ ਦੀ ਲੋੜ ਨਹੀਂ।ਸ਼ੁਰੂਆਤੀ ਪਹਿਚਾਣ, ਵਧੀਆ ਹਾਈਡ੍ਰੇਸ਼ਨ, ਅਰਾਮ ਤੇ ਡਾਕਟਰੀ ਸਲਾਹ ਨਾਲ ਦਿੱਤੀਆਂ ਦਵਾਈਆਂ ਲੈਣ ਨਾਲ ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਸਕਦੇ ਹਨ ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕ ਆਪਣੇ ਘਰਾਂ ਤੇ ਗਲੀਆਂ ਵਿੱਚ ਖੜ੍ਹਾ ਪਾਣੀ ਨਾ ਰਹਿਣ, ਮੱਛਰ ਭਜਾਉਣ ਵਾਲੇ ਪ੍ਰੋਡਕਟ ਵਰਤਣ, ਪੂਰੀ ਬਾਂਹਾਂ ਵਾਲੇ ਕੱਪੜੇ ਪਹਿਨਣ ਤੇ ਆਸ-ਪਾਸ ਦਾ ਵਾਤਾਵਰਣ ਸਾਫ ਰੱਖਣ 'ਤੇ ਧਿਆਨ ਦੇਣ ਤਾਂ ਜੋ ਮੱਛਰਾਂ ਦੀ ਵਾਧੂ ਪੈਦਾਵਾਰ ਰੋਕੀ ਜਾ ਸਕੇ।

## ਹੋਲੀ ਹਾਰਟ ਸਕੂਲ 'ਚ ਵਾਤਾਵਰਣ ਜਾਗਰੂਕਤਾ ਅਭਿਆਨ ਸ਼ੁਰੂ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਾਤਾਵਰਣ ਨੂੰ ਸਾਫ-ਸੁਥਰਾ ਤੇ ਹਰਾ-ਭਰਾ ਬਣਾਉਣ ਲਈ ਵਾਤਾਵਰਣ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ ਕੀਤੀ ਗਈ।ਇਸ ਅਭਿਆਨ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਰੁੱਖ ਲਗਾ ਕੇ ਕੀਤੀ ਗਈ।ਇਸ ਮੌਕੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ।ਬੱਚਿਆਂ ਨੂੰ ਵਾਤਾਵਰਣ ਸੁਰੱਖਿਆ ਬਾਰੇ ਕੀਮਤੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਸਾਫ-ਸੁਥਰੇ ਮਾਹੌਲ ਦੀ ਮਹੱਤਤਾ ਸਮਝਾਈ ਗਈ।ਵਿਦਿਆਰਥੀਆਂ ਵੱਲੋਂ ਸਕੂਲ ਪ੍ਰੰਗਣ ਵਿੱਚ ਪੌਦੇ ਲਗਾਏ ਗਏ ਤੇ ਹਰਿਆ ਭਰਿਆ ਪੰਜਾਬ-ਸਾਫ਼ ਸੁਥਰਾ ਪੰਜਾਬ ਦੇ ਨਾਅਰੇ ਵੀ ਲਗਾਏ ਗਏ।ਇਸ ਅਭਿਆਨ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨੀ ਤੇ ਉਨ੍ਹਾਂ ਨੂੰ ਰੁੱਖ ਲਗਾਉਣ, ਪਲਾਸਟਿਕ ਦੀ ਵਰਤੋਂ ਘਟਾਉਣ ਤੇ ਪਾਣੀ ਬਚਾਉਣ ਵੱਲ ਪ੍ਰੇਰਿਤ ਕਰਨਾ ਸੀ।ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਅਭਿਆਨ ਬੱਚਿਆਂ ਨੂੰ ਨਾ ਸਿਰਫ਼ ਸਿਖਲਾਈ ਦਿੰਦੇ ਹਨ, ਸਗੋਂ ਉਨ੍ਹਾਂ ਨੂੰ ਕੁਦਰਤ ਨਾਲ ਜੋੜਦੇ ਹੋਏ ਸਮਾਜ ਪ੍ਰਤੀ ਵੀ ਜ਼ਿੰਮੇਵਾਰ ਬਣਾਉਂਦੇ ਹਨ।ਇਹ ਅਭਿਆਨ ਅਗਲੇ ਕਈ ਦਿਨਾਂ ਤੱਕ ਜਾਰੀ ਰਹੇਗਾ, ਜਿਸ ਵਿੱਚ ਕਈ ਹੋਰ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ, ਨਾਟਕ ਪ੍ਰਦਰਸ਼ਨ ਤੇ ਰੈਲੀ ਦਾ ਆਯੋਜਨ ਵੀ ਕੀਤਾ ਜਾਵੇਗਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਦੁਆਰਾ ਪੌਦੇ ਲਗਾਏ ਗਏ।

## ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਜਲਦੀ ਦਿੱਤਾ ਜਾਵੇ : ਭੱਟੀਆਂ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਚੌਧਰੀ ਨਿਰਮਲ ਭੱਟੀਆਂ ਨੇ ਕਿਹਾ ਕਿ ਹਾਲੀਆ ਹੜ੍ਹਾਂ ਕਾਰਨ ਪੰਜਾਬ ਦੇ ਕਈ ਇਲਾਕਿਆਂ ਦੇ ਕਿਸਾਨ ਬਹੁਤ ਵੱਡੇ ਸੰਕਟ ਵਿੱਚੋਂ ਗੁਜ਼ਰ ਰਹੇ ਹਨ।ਖੇਤਾਂ ਵਿੱਚ ਖੜ੍ਹੀਆਂ ਫਸਲਾਂ ਪਾਣੀ ਹੇਠ ਆਉਣ ਕਾਰਨ ਨਾਸ ਹੋ ਚੁੱਕੀਆਂ ਹਨ ਅਤੇ ਪਸ਼ੂਆਂ ਲਈ ਚਾਰਾ ਵੀ ਖਰਾਬ ਹੋ ਗਿਆ ਹੈ, ਜਿਸ ਕਰਕੇ ਕਈ ਪਰਵਾਰ ਆਰਥਿਕ ਤੌਰ 'ਤੇ ਕੰਗਾਲੀ ਦੇ ਦਰਵਾਜ਼ੇ 'ਤੇ ਖੜੇ ਹਨ, ਉਹ ਅੱਜ ਪਿੰਡ ਖੇੜੀ ਰਣਵਾਂ ਵਿਖੇ ਸਵਰਗਵਾਸੀ ਗੁਰਮੀਤ ਕੌਰ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਗਿਰਦਾਵਰੀ ਦੇ ਹੁਕਮ ਜਾਰੀ ਤਾਂ ਹੋਏ ਹਨ, ਪਰ ਇਹ ਕੰਮ ਧੀਮੀ ਗਤੀ ਨਾਲ ਚੱਲ ਰਿਹਾ ਹੈ।ਜਿੰਨੀ ਜਲਦੀ ਸਰਵੇ ਮੁਕੰਮਲ ਹੋਵੇਗਾ, ਓਨੀ ਜਲਦੀ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਮਿਲੇਗਾ।ਚੌਧਰੀ ਭੱਟੀਆਂ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਹੜ੍ਹ ਪੀੜਤਾਂ ਲਈ ਕੇਵਲ ਐਲਾਨ ਕਰਨਾ ਕਾਫ਼ੀ ਨਹੀਂ, ਬਲਕਿ ਜ਼ਮੀਨੀ ਪੱਧਰ 'ਤੇ ਰਾਹਤ ਪਹੁੰਚਾਉਣੀ ਸਭ ਤੋਂ ਵੱਡੀ ਜ਼ਰੂਰਤ ਹੈ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਖਾਸ ਰਾਹਤ ਪੈਕੇਜ ਦਾ ਐਲਾਨ ਕਰੇ, ਜਿਸ ਵਿਚ ਖੇਤੀਬਾੜੀ ਦੇ ਨੁਕਸਾਨ ਦੀ ਪੂਰੀ ਭਰਪਾਈ, ਪਸ਼ੂਆਂ ਦੇ ਨੁਕਸਾਨ ਦੀ ਭਰਪਾਈ ਤੇ ਘਰਾਂ ਨੂੰ ਪਹੁੰਚੇ ਨੁਕਸਾਨ ਲਈ ਵੱਖਰਾ ਫੰਡ ਸ਼ਾਮਲ ਕੀਤਾ ਜਾਵੇ।ਇਸ ਮੌਕੇ ਚੇਅਰਮੈਨ ਤਰਸੇਮ ਕੁਮਾਰ ਸ਼ਰਮਾ, ਮਹਿੰਦਰ ਸਿੰਘ ਫੌਜੀ, ਮਨਦੀਪ ਸਿੰਘ, ਸੰਦੀਪ ਸਿੰਘ, ਗੁਰਮੀਤ ਬਾਵਾ, ਦਵਿੰਦਰ ਸਿੰਘ ਕੋਲੇ ਮਾਜਰਾ ਤੇ ਗੁਰਜੀਤ ਸਿੰਘ ਰਣਵਾਂ ਹਾਜ਼ਰ ਸਨ।

## ਲਾਲਾ ਕਸਤੂਰੀ ਲਾਲ ਵਿੱਦਿਆ ਮੰਦਰ ਵਿਖੇ ਨੌਸੈਨਿਕ ਪ੍ਰੀਖਣ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿੱਚ ਪ੍ਰਿੰਸੀਪਲ ਰਪਿੰਦਰ ਪਟਿਆਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ 3 ਪੀ. ਬੀ. ਨੈਵਲ ਯੂਨਿਟ ਐੱਨ.ਸੀ.ਸੀ. ਦੇ ਸਹਿਯੋਗ ਨਾਲ ਐੱਨ.ਸੀ.ਸੀ. ਕੈਡਿਟਸ ਲਈ ਵਿਸ਼ੇਸ਼ ਨੌਸੈਨਿਕ ਪ੍ਰੀਖਣ ਦਾ ਆਯੋਜਨ ਕੀਤਾ ਗਿਆ।ਕਮਾਂਡਿੰਗ ਅਫ਼ਸਰ ਇਸ਼ਰਾਜ ਸਿੰਘ ਦੀ ਤਹਿ ਕੀਤੀ ਯੋਜਨਾ ਅਨੁਸਾਰ ਪ੍ਰੀਖਣ ਦੇ ਪ੍ਰਮੁੱਖ ਮੋਹਿਤ ਮਹਲਵਤ ਤੇ ਅਕਸ਼ੈ (ਸਟਾਫ, 3 ਪੀ.ਬੀ. ਨੈਵਲ ਯੂਨਿਟ) ਹਾਜ਼ਰ ਰਹੇ।ਪ੍ਰੀਖਣ ਵਰਗ ਵਿੱਚ ਕੈਡਿਟਸ ਨੂੰ ਨੈਵਲ ਔਰੀਐਂਟੇਸ਼ਨ ਵਿਸ਼ੇ ਅਧੀਨ ਐਨ.ਸੀ.ਸੀ. ਤੇ ਨੌਸੈਨਾ ਦੀ ਸੰਰਚਨਾ, ਰੈਂਕਸ, ਕਮਾਂਡਸ, ਫਲੀਟਸ ਤੇ ਸ਼ਿਪਸ ਬਾਰੇ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਕਮਿਊਨੀਕੇਸ਼ਨ ਖੇਤਰ ਵਿੱਚ ਏ ਤੋਂ ਜ਼ੈੱਡ ਫੋਨੇਟਿਕਸ, ਸੇਮਾਫੋਰ, ਸ਼ਿਪ ਉੱਤੇ ਕਮਿਊਨੀਕੇਸ਼ਨ ਆਰਗੈਨਾਈਜ਼ੇਸ਼ਨ ਤੇ ਸਬ-ਬ੍ਰਾਂਚੇਜ਼ ਆਫ ਕਮਿਊਨੀਕੇਸ਼ਨ ਉੱਤੇ ਵੀ ਖ਼ਾਸ ਧਿਆਨ ਕੇਂਦਰਿਤ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਕਿਹਾ ਕਿ ਐੱਨ.ਸੀ.ਸੀ. ਅਨੁਸ਼ਾਸਨ ਤੇ ਦੇਸ਼ਭਗਤੀ ਦਾ ਪ੍ਰਤੀਕ ਹੈ।ਅਜਿਹੇ ਪ੍ਰੀਖਣ ਕਾਰਜਕ੍ਰਮ ਵਿਦਿਆਰਥੀਆਂ ਨੂੰ ਸਿਰਫ਼ ਗਿਆਨ ਹੀ ਨਹੀਂ ਦਿੰਦੇ, ਸਗੋਂ ਉਨ੍ਹਾਂ ਵਿੱਚ ਆਤਮਵਿਸ਼ਵਾਸ ਤੇ ਦੇਸ਼ ਸੇਵਾ ਦੀ ਭਾਵਨਾ ਵੀ ਜਗਾਉਂਦੇ ਹਨ। ਇਸ ਰਾਹੀਂ ਕੈਡਿਟਸ ਨੇ ਨੌਸੈਨਾ ਦੀ ਕਾਰਗੁਜ਼ਾਰੀ, ਅਨੁਸ਼ਾਸਨ ਤੇ ਸੰਚਾਰ ਪ੍ਰਣਾਲੀ ਬਾਰੇ ਗਹਿਰੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਆਪਣੇ ਅਨੁਭਵਾਂ ਨੂੰ ਯਾਦਗਾਰ ਬਣਾਉਣ ਦਾ ਸੰਕਲਪ ਕੀਤਾ।

## ਹਰਿੰਦਰਪਾਲ ਵੱਲੋਂ ਚੀਨੀ ਵਾਇਰਸ ਦੀ ਲਪੇਟ 'ਚ ਆਈ ਝੋਨੇ ਦੀ ਫ਼ਸਲ ਦਾ ਨਿਰੀਖਣ

**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦੁੱਧਨ ਗੁੱਜਰਾਂ, ਖਤੌਲੀ, ਅਹਿਰੂ ਖੁਰਦ ਖਾਲਸਪੁਰ, ਬੱਤਾ, ਬੱਤੀ, ਕਰਨਪੁਰ ਤੇ ਕੋਟਲਾ ਆਦਿ ਇਲਾਕਿਆਂ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾ ਚੀਨੀ ਵਾਇਰਸ (ਮਧਰੇਪਣ ਰੋਗ) ਦੀ ਲਪੇਟ ਵਿੱਚ ਆਈ ਫ਼ਸਲ ਦਾ ਨਰੀਖਣ ਕੀਤਾ। ਉਨ੍ਹਾਂ ਕਿਹਾ ਕਿ ਤਿੰਨ ਸਾਲਾਂ 'ਚ ਝੋਨੇ 'ਤੇ ਦੂਜੀ ਵਾਰ ਚੀਨੀ ਵਾਇਰਸ ਨੇ ਹਮਲਾ ਕੀਤਾ ਹੈ।ਇਨ੍ਹਾਂ ਪਿੰਡਾਂ ਦੇ ਕਈ ਕਿਸਾਨਾਂ ਨੇ ਤਾਂ ਆਪਣਾ ਝੋਨਾ ਵਹਾਅ ਹੀ ਦਿੱਤਾ ਹੈ, ਜਿਸ ਦੀ ਕਿਸਾਨਾਂ ਨੂੰ ਬਹੁਤ ਵੱਡੀ ਮਾਰ ਪਈ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕਿਸਾਨਾਂ ਨੂੰ ਇਸ ਦਾ ਮੁਆਵਜ਼ਾ ਨਹੀਂ ਮਿਲ ਸਕਿਆ।ਉਨ੍ਹਾਂ ਕਿਹਾ ਕਿ ਹੁਣ ਜਿੱਥੇ ਹੜ੍ਹਾਂ ਕਾਰਨ ਫ਼ਸਲ ਦਾ ਨੁਕਸਾਨ ਹੋਇਆ ਹੈ, ਉਥੇ ਫ਼ਸਲ ਵਾਇਰਸ ਦੀ ਲਪੇਟ ਵਿੱਚ ਆ ਗਈ ਹੈ। ਚੰਦੂਮਾਜਰਾ ਨੇ ਜਦੋਂ ਪਿੰਡ ਪੰਜੌਲਾ ਵਿੱਚ ਮਧਰੇਪਣ ਰੋਗ ਨਾਲ ਖਰਾਬ ਹੋਈਆਂ ਫ਼ਸਲਾਂ ਦਾ ਜਾਇਜ਼ਾ ਲਿਆਂ ਤਾਂ ਉਨ੍ਹਾਂ ਤੁਰੰਤ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ।ਇਸ ਮਗਰੋਂ ਤਹਿਸੀਲਦਾਰ ਕਰਨਪ੍ਰੀਤ ਸਿੰਘ ਭੁੱਲਰ ਤੇ ਪਟਵਾਰੀ ਭੁਪਿੰਦਰ ਸਿੰਘ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਚੰਦੂਮਾਜਰਾ ਵੱਲੋਂ ਉਨ੍ਹਾਂ ਦੇ ਨਾਲ ਬਿਮਾਰੀ ਦੇ ਮਾਰ ਹੇਠ ਆਈ ਫ਼ਸਲ ਦਾ ਨਰੀਖਣ ਕੀਤਾ ਗਿਆ।ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਜਲਦ ਤੋਂ ਜਲਦ ਮੁਆਵਜ਼ਾ ਦਿੱਤਾ ਜਾਵੇ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

20 Sep Page 3.qxd 9/19/2025 10:44 PM Page 1



# ਸੀ ਪੀ ਆਈ ਦੇ 25ਵੇਂ ਮਹਾਂਸੰਮੇਲਨ
## ਨੂੰ ਸਮਰਪਤ ਲੇਖ ਲੜੀ-4

# ਬਾਬਾ ਵਿਸਾਖਾ ਸਿੰਘ



ਭੌਤਿਕਵਾਦ ਅਤੇ ਧਰਮਵਾਦ ਦੋਵੇਂ ਇਕ ਦੂਸਰੇ ਤੋਂ ਬਿਲਕੁਲ ਵੱਖਰੀਆਂ ਧਾਰਾਵਾਂ ਹਨ। ਇਕ ਕੱਟੜ ਭੌਤਿਕਵਾਦੀ ਕਦੀ ਧਾਰਮਿਕ ਭੁੱਲ-ਭੁਲੇਖਿਆਂ ਵਿੱਚ ਨਹੀਂ ਪੈ ਸਕਦਾ, ਉਹ ਸਾਰੇ ਧਾਰਮਿਕ ਪੂਜਾ-ਪਾਠਾਂ, ਸਾਰੇ ਧਾਰਮਿਕ ਆਚਾਰ-ਵਿਚਾਰਾਂ ਨੂੰ ਸ਼ੱਕ ਦੀ ਨਜ਼ਰ ਨਾਲ਼ ਵੇਖਦਾ ਹੈ ਅਤੇ ਧਾਰਮਿਕ ਮਹੰਤਾਂ ਦਾ ਨਾਮ ਸੁਣਨ ਦੀ ਇੱਛਾ ਵੀ ਨਹੀਂ ਰੱਖਦਾ। ਪਰ ਦੁਨੀਆ ਵਿੱਚ ਬਹੁਤ ਸਾਰੇ ਵਿਰੋਧੀ ਸਮਾਗਮ ਮਿਲਦੇ ਹਨ। ਤੁਸੀਂ ਧਿਆਨ ਦਿਓ, ਇਕ ਵਿਗਿਆਨਿਕ ਵਿਚਾਰ ਰੱਖਣ ਵਾਲਾ ਕੱਟੜ ਭੌਤਿਕਵਾਦੀ ਹੈ। ਬੁੱਧੀ ਅਤੇ ਤਜ਼ਰਬਿਆਂ ਨੂੰ ਛੱਡ ਕੇ ਕਿਸੇ ਚੀਜ਼ ਵਿੱਚ ਉਸ ਦੀ ਭੋਰਾ ਵੀ ਸ਼ਰਧਾ ਨਹੀਂ ਹੈ। ਧਾਰਮਿਕ ਜਗਤ ਨੂੰ ਦਹਾਕਿਆਂ ਤੱਕ ਬਹੁਤ ਨੇੜਿਓਂ ਵੇਖਣ ਉੱਤੇ ਉਸ ਦੇ ਪ੍ਰਤੀ ਜਿਸ ਦੇ ਦਿਲ ਵਿੱਚ ਸਿਰਫ਼ ਨਫ਼ਰਤ ਹੀ ਨਫ਼ਰਤ ਭਰੀ ਹੋਈ ਹੈ ਅਤੇ ਉਹ ਅਜਿਹੇ ਵਿਅਕਤੀ ਦੇ ਕੋਲ਼ ਜਾਂਦਾ ਹੈ, ਜਿਸ ਦੀ ਧਰਮ ਵਿੱਚ ਅਥਾਹ ਸ਼ਰਧਾ ਹੈ। ਉੱਥੇ ਉਸ ਨੂੰ ਵੈਰਾਗ ਛੱਡ ਕੇ ਹੋਰ ਕੁਝ ਨਹੀਂ ਹੋਣਾ ਚਾਹੀਦਾ। ਪਰ ਗੱਲ ਕੁਝ ਉਲਟੀ ਹੀ ਹੁੰਦੀ ਹੈ। ਉਹ ਧਾਰਮਿਕ ਸ਼ਰਧਾ ਪ੍ਰਤੀ ਓਦਾਂ ਦਾ ਹੀ ਵੈਰਾਗ ਰੱਖਦੇ ਹੋਏ ਵੀ ਅਜਿਹੇ ਵਿਅਕਤੀ ਦੇ ਸਾਹਮਣੇ ਸਿਰ ਝੁਕਾ ਦਿੰਦਾ ਹੈ- ਸਰੀਰਕ ਰੂਪ ਵਿੱਚ ਭਾਵੇਂ ਨਾ ਹੋਵੇ ਪਰ ਦਿਲੋਂ ਜ਼ਰੂਰ। ਤਾਂ ਇਸ ਨੂੰ ਸ਼ਾਨਦਾਰ ਚਮਤਕਾਰ ਦੀ ਥਾਂ ਹੋਰ ਕੀ ਕਹਿਣਾ ਚਾਹੀਦਾ ਹੈ? ਬਾਬਾ ਵਿਸਾਖਾ ਸਿੰਘ ਇਸ ਤਰ੍ਹਾਂ ਦਾ ਇਕ ਧਾਰਮਿਕ ਵਿਅਕਤੀ ਹੈ। ਜਵਾਨੀ ਦੀ ਉਮਰ ਵਿੱਚ ਹੀ ਭਗਤੀ ਭਾਵ ਦਾ ਜੋ ਨਸ਼ਾ ਉਨ੍ਹਾਂ ਦੇ ਉੱਤੇ ਚੜ੍ਹਿਆ, ਉਹ ਉਮਰ ਦੇ ਗੁਜ਼ਰਨ ਨਾਲ਼ ਹੋਰ ਗੂੜ੍ਹਾ ਹੁੰਦਾ ਗਿਆ। ਕਿਹੜੀ ਗੱਲ ਹੈ, ਜੋ ਇਸ ਬੰਦੇ ਦੇ ਪ੍ਰਤੀ ਦੂਜੇ ਵਿਅਕਤੀ ਦੀ ਭਾਵਨਾ ਨੂੰ ਬਦਲ ਦਿੰਦੀ ਹੈ? 70 ਸਾਲਾਂ ਦੀ ਉਮਰ ਵਿੱਚ ਜਦੋਂ ਬਾਬਾ ਵਿਸਾਖਾ ਸਿੰਘ ਦੀ ਦਾੜ੍ਹੀ ਅਤੇ ਵਾਲ਼ ਬਿਲਕੁਲ ਸਣ ਵਾਂਗ ਚਿੱਟੇ ਹਨ, ਸਾਲਾਂ ਬੱਧੀ ਜੇਲ੍ਹ ਯਾਤਨਾਵਾਂ ਅਤੇ ਕਿੰਨੇ ਹੀ ਸਾਲਾਂ ਦੀ ਤਪਦਿਕ ਨੇ ਉਨ੍ਹਾਂ ਦੇ ਸਰੀਰ ਨੂੰ ਜਰਜਰ ਕਰ ਦਿੱਤਾ ਹੈ; ਤਦ ਵੀ ਉਨ੍ਹਾਂ ਦੇ ਮੁਖ 'ਤੇ ਇਕ ਖ਼ਾਸ ਤਰ੍ਹਾਂ ਦਾ ਨੂਰ ਨਜ਼ਰ ਆਉਂਦਾ ਹੈ। ਯਕੀਨਨ ਹੀ ਉਹ ਜਵਾਨੀ ਵੇਲ਼ੇ ਬਹੁਤ ਸੋਹਣਾ ਸੁਨੱਖਾ ਜਵਾਨ ਰਿਹਾ ਹੋਵੇਗਾ। ਉਸ ਦਾ ਦਗਦਾ ਮੁਖੜਾ, ਉਸ ਦਾ ਉੱਚਾ ਲੰਮਾ ਨੱਕ, ਉਸ ਦੀ ਚੌੜੀ ਛਾਤੀ, ਉਸ ਦੇ ਸੁਘੜ ਸਿਆਣੇ ਚਿਹਰੇ ਨੇ ਹਾਲੇ ਵੀ ਆਪਣੀ ਜਵਾਨੀ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਪਰ ਇਸ ਸਭ ਤੋਂ ਉੱਤੋਂ ਉਸ ਦੇ ਚਿਹਰੇ 'ਤੇ ਇਕ ਖ਼ਾਸ ਤਰ੍ਹਾਂ ਦੀ ਸੰਜੀਦਗੀ ਹੈ, ਜਿਸ ਨੂੰ ਅਧਿਆਤਮਕ ਭਾਸ਼ਾ ਵਿੱਚ ਕਿਹਾ ਜਾ ਸਕਦਾ ਹੈ ਕਿ ਜਿਵੇਂ ਨਿਰਾ ਨੂਰ ਵਰ੍ਹਦਾ ਹੈ। ਉਹ ਬਿਨਾਂ ਬੋਲੇ, ਬਿਨਾਂ ਕੁਝ ਜਾਣੇ ਹੀ ਪਾਠਕਾਂ ਦੇ ਦਿਲ ਵਿੱਚ ਬਾਬਾ ਵਿਸਾਖਾ ਸਿੰਘ ਦੇ ਪ੍ਰਤੀ ਸ਼ਰਧਾ ਭਾਵ ਉਤਪੰਨ ਕਰ ਦਿੰਦਾ ਹੈ ਅਤੇ ਬੋਲੀ ਕਿੰਨੀ ਮਿੱਠੀ? ਹੋਰ ਵੀ ਕਿੰਨੇ ਹੀ ਮਿੱਠਾ ਬੋਲਣ ਵਾਲੇ ਵੇਖੇ ਜਾਂਦੇ ਹਨ ਪਰ ਜਿਸ ਦੀ ਮਿੱਠੀ ਬੋਲੀ ਵਿੱਚ ਬਣਾਉਟੀਪਣ ਬਹੁਤ ਘੱਟ ਹੋਵੇ, ਅਜਿਹੇ ਵਿਅਕਤੀ ਦੁਨੀਆ ਵਿੱਚ ਦੁਰਲੱਭ ਹੀ ਹੁੰਦੇ ਹਨ ਅਤੇ ਫਿਰ ਬਾਬਾ ਵਿਸਾਖਾ ਦਾ ਜੀਵਨ ਸਦਾ ਆਪਾ ਕੁਰਬਾਨ ਕਰਨ ਅਤੇ ਪਰਾਏ ਦੁੱਖਾਂ ਨਾਲ਼ ਪਿਘਲ ਜਾਣ ਵਾਲਾ ਜੀਵਨ ਰਿਹਾ ਹੈ, ਜਿਸ ਨੂੰ ਇਹ ਸਭ ਪਤਾ ਹੋਵੇ, ਉਹ ਕਿਉਂ ਨਾ ਅਜਿਹੇ ਮਹਾਂਪੁਰਸ਼ ਨੂੰ ਆਪਣੇ ਹਿਰਦੇ ਅੰਦਰ ਸਭ ਤੋਂ ਉੱਚਾ ਰੁਤਬਾ ਦੇਵੇਗਾ?

ਦੇਵਲੀ ਵਿੱਚ ਜੇਲ੍ਹ ਦੇ ਦੁੱਖਾਂ ਤੋਂ ਉਕਤਾ ਦੇ ਉਨ੍ਹਾਂ ਨੂੰ ਦੂਰ ਕਰਨ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਸੈਂਕੜੇ ਰਾਜਕੈਦੀ ਭੁੱਖ ਹੜਤਾਲ ਕਰ ਰਹੇ ਸਨ। ਬਾਬਾ ਵਿਸਾਖਾ ਸਿੰਘ ਉੱਤੇ ਤਪਦਿਕ ਦਾ ਅਜਿਹਾ ਹਮਲਾ ਸੀ ਕਿ ਉਨ੍ਹਾਂ ਨੂੰ ਭੁੱਖ ਹੜਤਾਲ ਵਿੱਚ ਸ਼ਾਮਿਲ ਕਰਨ ਦਾ ਮਤਲਬ ਸੀ, ਹਫ਼ਤੇ ਦੇ ਅੰਦਰ-ਅੰਦਰ ਹੀ ਇਸ ਮਹਾਨ ਆਤਮਾ ਤੋਂ ਹੱਥ ਧੋ ਲੈਣਾ। ਸਾਥੀਆਂ ਨੇ ਬਹੁਤ ਬੇਨਤੀ ਕੀਤੀ, ਬਹੁਤ ਜ਼ੋਰ ਲਗਾ ਕੇ ਇਸ ਗੱਲ ਲਈ ਰਾਜ਼ੀ ਕੀਤਾ ਕਿ ਉਹ ਭੁੱਖ ਹੜਤਾਲ ਵਿੱਚ ਸ਼ਾਮਿਲ ਨਹੀਂ ਹੋਣਗੇ। ਪਰ ਜਦੋਂ ਆਪਣੇ ਬੱਚਿਆਂ (ਦੇਵਲੀ ਦੇ ਸਾਰੇ ਨਜ਼ਰਬੰਦ ਉਨ੍ਹਾਂ ਦੇ ਲਈ ਦਿਲੋਂ ਆਪਣੀ ਕੁੱਖੋਂ ਜੰਮੇ ਪੁੱਤਰਾਂ ਦੇ ਸਮਾਨ ਸਨ) ਨੂੰ ਉਨ੍ਹਾਂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਸੁੱਕਦੇ ਵੇਖਿਆ, ਤਾਂ ਉਹ ਸਾਰੀਆਂ ਗੱਲਾਂ ਭੁੱਲ ਗਏ। ਪਰ ਨਾਲ਼ ਹੀ ਉਨ੍ਹਾਂ ਨੇ ਇਹ ਵੀ ਧਿਆਨ ਰੱਖਿਆ ਕਿ ਉਨ੍ਹਾਂ ਦੇ ਇਸ ਫ਼ੈਸਲੇ ਨਾਲ਼ ਦੂਜੇ ਸਾਥੀਆਂ ਨੂੰ ਕੋਈ ਦੁੱਖ ਨਾ ਹੋਵੇ, ਇਸ ਲਈ ਉਨ੍ਹਾਂ ਚੁੱਪ-ਚੁਪੀਤੇ ਹੀ ਇਕ ਵੱਡਾ ਕਦਮ ਚੁੱਕਿਆ। ਦੇਵਲੀ ਦੇ ਸੇਵਕ ਕੈਦੀ ਤਾਂ ਇਸ ਸੰਤ ਤੋਂ ਹੋਰ ਵੀ ਪ੍ਰਭਾਵਿਤ ਸਨ। ਉਨ੍ਹਾਂ ਨੇ ਰਸੋਈਏ ਨੂੰ ਆਪਣੇ ਕੋਲ਼ ਬੁਲਾ ਕੇ ਕਿਹਾ, "ਮੈਂ ਇਕ ਗੱਲ ਕਹਾਂ, ਬੱਚਾ! ਕੀ ਤੂੰ ਮੰਨੇਂਗਾ?"

"ਜ਼ਰੂਰ, ਬਾਬਾ ਜੀ! ਤੁਹਾਡੀ ਗੱਲ ਮੈਂ ਭਲਾ ਕਿਵੇਂ ਟਾਲ ਸਕਦਾ ਹਾਂ?"

"ਜ਼ਰੂਰ ਮੰਨੇਂਗਾ?"

"ਜ਼ਰੂਰ ਬਾਬਾ ਜੀ।"

"ਜ਼ਰੂਰ?"

"ਜ਼ਰੂਰ।"

ਤਿੰਨ ਵਾਰੀ ਅਖਵਾ ਕੇ ਬਾਬੇ ਨੇ ਉਸ ਨੂੰ ਕਿਹਾ, "ਮੇਰੇ ਖਾਣ ਦੀਆਂ ਚੀਜ਼ਾਂ ਰੋਜ਼ ਲੈ ਲਿਆ ਕਰਨਾ ਅਤੇ ਉਨ੍ਹਾਂ ਨੂੰ ਚੁੱਪ-ਚੁਪੀਤੇ ਸੰਦੂਕ ਵਿੱਚ ਰੱਖ ਦਿਆ ਕਰਨਾ। ਖ਼ਬਰਦਾਰ! ਜੇ ਕਿਸੇ ਨੂੰ ਇਸ ਬਾਰੇ ਕੁਝ ਕਿਹਾ ਤਾਂ।"

ਵਿਚਾਰੇ ਉਸ ਸਾਧਾਰਨ ਕੈਦੀ ਲਈ ਬਾਬੇ ਦਾ ਬਚਨ "ਬ੍ਰਹਮ ਬਚਨ" ਦੇ ਸਮਾਨ ਸੀ, ਉਹ ਉਸ ਦੇ ਵਿਰੁੱਧ ਕਿਵੇਂ ਜਾ ਸਕਦਾ ਸੀ। ਬਾਬੇ ਦੀ ਭੁੱਖ ਹੜਤਾਲ ਚੁੱਪ-ਚਾਪ ਚਾਰ ਪੰਜ ਦਿਨ ਤੱਕ ਚੱਲਦੀ ਰਹੀ। ਬਾਬੇ ਦੇ ਸਰੀਰ ਨੇ ਇਕ ਦਿਨ ਧੋਖਾ ਦਿੱਤਾ ਅਤੇ ਉਹ ਡਿੱਗ ਗਏ। ਸੰਜੋਗ ਨਾਲ਼ ਭੁੱਖ ਹੜਤਾਲ ਵੀ ਸਫ਼ਲਤਾ ਪੂਰਵਕ ਖ਼ਤਮ ਹੋ ਗਈ, ਪਰ ਬਾਬੇ ਦੇ ਸਖ਼ਤ ਬਚਨ ਦੀ ਗੱਲ ਸੁਣ ਕੇ ਬਾਕੀ ਸਾਥੀਆਂ ਦਾ ਦਿਲ ਤਾਂ ਸੁੰਨ ਜਿਹਾ ਹੋ ਗਿਆ। ਉਨ੍ਹਾਂ ਨੇ ਬਾਬੇ ਨੂੰ ਦੁੱਖੀ ਮਨ ਨਾਲ਼ ਸ਼ਿਕਵਾ ਕਰਦੇ ਹੋਏ ਕਿਹਾ, "ਬਾਬਾ! ਤੂੰ ਤਾਂ ਬਹੁਤ ਸਖ਼ਤ ਇਰਾਦਾ ਕਰ ਲਿਆ ਸੀ।" ਬਾਬੇ ਨੇ ਕਿਹਾ, "ਕੀ ਕਰਦਾ, ਮੈਂ ਆਪਣੇ ਹਿਰਦੇ ਦੀ ਵੇਦਨਾ ਨੂੰ ਬਰਦਾਸ਼ਤ ਨਹੀਂ ਕਰ ਸਕਿਆ।" ਇਹ ਘਟਨਾ ਇਨ੍ਹਾਂ ਸਤਰਾਂ ਦੇ ਲੇਖਕ ਦੇ ਸਾਹਮਣੇ ਦੀ ਹੈ।

**ਜਨਮ-** ਅੰਮ੍ਰਿਤਸਰ ਜ਼ਿਲ੍ਹੇ ਦੇ ਦੱਖਣ ਵਿੱਚ ਤਰਨਤਾਰਨ ਦੀ ਤਹਿਸੀਲ ਹੈ। ਤਰਨਤਾਰਨ ਤੋਂ 14-15 ਮੀਲ 'ਤੇ ਦਦੇਹਰ ਨਾਮ ਦਾ ਇਕ ਚੰਗਾ ਖ਼ਾਸਾ ਵੱਡਾ ਪਿੰਡ ਹੈ। ਸਾਰੇ ਇਲਾਕੇ ਦੀ ਜ਼ਮੀਨ ਬਹੁਤ ਉਪਜਾਊ ਹੈ ਅਤੇ ਪਿੰਡ ਦੇ 300 ਦੇ ਕਰੀਬ ਸੰਧੂ ਜੱਟ ਪਰਿਵਾਰ ਕਾਫ਼ੀ ਖ਼ੁਸ਼ਹਾਲ ਹਨ। ਕਣਕ ਤਾਂ ਹੁੰਦੀ ਹੀ ਹੈ, ਮੱਕੀ, ਕਪਾਹ, ਝੋਨਾ, ਕਮਾਦ ਵੀ ਚੋਖਾ ਹੁੰਦਾ ਹੈ। ਜੇ ਪੰਜਾਬ ਸਿਪਾਹੀਆਂ ਦਾ ਸੂਬਾ ਹੈ, ਤਾਂ ਇਹ ਇਲਾਕਾ ਖ਼ਾਸ ਕਰਕੇ ਬਹਾਦੁਰ ਸਿਪਾਹੀਆਂ ਦਾ ਇਲਾਕਾ ਹੈ, ਅਤੇ ਦਦੇਹਰ ਤਾਂ ਇਸ ਦੇ ਲਈ ਹੋਰ ਵੀ ਮਸ਼ਹੂਰ ਹੈ। ਸਗੋਂ ਬਹਾਦਰੀ ਨੇ ਕਦੀ-ਕਦੀ ਉਲਟਾ ਰਸਤਾ ਲੈ ਕੇ ਦਦੇਹਰ ਵਿੱਚ ਕਿੰਨੇ ਹੀ ਮਸ਼ਹੂਰ ਡਾਕੂ ਪੈਦਾ ਕੀਤੇ ਹਨ, ਹਾਂ! ਕਾਇਰ ਨਹੀਂ ਵੀਰ ਡਾਕੂ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਦਦੇਹਰ ਫ਼ੌਜੀ ਪੈਦਾ ਕਰਨ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਚੁੱਕਿਆ ਸੀ। ਬਾਬਾ ਦਿਆਲ ਸਿੰਘ ਦੇ ਪੁਰਖੇ ਨਾਦਿਰ ਸ਼ਾਹ ਦੇ ਹਮਲੇ ਦੇ ਸਮੇਂ ਮਾਲਵਾ (ਪੂਰਬੀ ਪੰਜਾਬ) ਤੋਂ ਉੱਜੜ ਕੇ ਦਦੇਹਰ ਵਿੱਚ ਆ ਕੇ ਆਬਾਦ ਹੋ ਗਏ ਸਨ। ਉਨ੍ਹਾਂ ਦੇ ਖ਼ਾਨਦਾਨ ਵਿੱਚ ਪਹਿਲਾਂ ਵੀ ਕਿੰਨੇ ਹੀ ਸੰਤ ਸੁਭਾਅ ਵਾਲੇ ਵਿਅਕਤੀ ਹੋ ਚੁੱਕੇ ਸਨ। ਬਾਬਾ ਦਿਆਲ ਸਿੰਘ ਆਪ ਵੀ ਬਹੁਤ ਚੰਗੇ ਸੁਭਾਅ ਵਾਲੇ ਸਨ। ਪਿੰਡ ਦੇ ਸਾਰੇ ਮੁੰਡੇ ਉਨ੍ਹਾਂ ਦੇ ਲਈ ਜਿਵੇਂ ਆਪਣੇ ਮੁੰਡੇ ਸਨ। ਕਿਸੇ ਦੇ ਤੀਲੇ ਨੂੰ ਵੀ ਚੁੱਕਣਾ ਉਨ੍ਹਾਂ ਲਈ ਅਸੰਭਵ ਗੱਲ ਸੀ। ਹਾਲਾਂਕਿ ਪਿੰਡ ਦੇ ਕਿੰਨੇ ਹੀ ਲੋਕ ਨੌਕਰੀ-ਚਾਕਰੀ ਕਰਨ ਲਈ ਬਾਹਰ ਜਾਇਆ ਕਰਦੇ ਸਨ, ਪਰ ਬਾਬਾ ਦਿਆਲ ਸਿੰਘ ਆਪਣੇ ਹਲ਼, ਬਲ਼ਦ ਅਤੇ ਗਾਂਵਾਂ-ਮੱਝਾਂ ਵਿੱਚ ਹੀ ਲੱਗੇ ਰਹਿੰਦੇ। ਬਾਬਾ ਦਿਆਲ ਸਿੰਘ (ਮੌਤ 1915) ਅਤੇ ਉਨ੍ਹਾਂ ਦੀ ਪਤਨੀ ਇੰਦਰ ਕੌਰ (ਮੌਤ 1905) ਦੇ ਤਿੰਨ ਮੁੰਡੇ ਹੋਏ। ਸਭ ਤੋਂ ਵੱਡੇ ਬਾਬਾ ਵਿਸਾਖਾ ਸਿੰਘ ਅਤੇ ਉਨ੍ਹਾਂ ਦੇ ਦੋ ਛੋਟੇ ਭਰਾ ਮਗਰ ਸਿੰਘ ਅਤੇ ਭਗਤ ਸਿੰਘ। ਬਾਬਾ ਵਿਸਾਖਾ ਸਿੰਘ ਦਾ ਜਨਮ 1877 ਦੇ ਆਸ-ਪਾਸ ਵਿਸਾਖ (ਅਪ੍ਰੈਲ) ਦੇ ਮਹੀਨੇ ਵਿੱਚ ਹੋਇਆ ਸੀ। ਉਨ੍ਹਾਂ ਦਾ ਸਰੀਰ ਸਿਹਤਮੰਦ ਸੀ। ਤਾਂ ਵੀ ਉਸ ਸਮੇਂ ਤੋਂ ਹੀ ਬਹੁਤ ਸ਼ਾਂਤ ਪ੍ਰਵਿਰਤੀ ਦੇ ਧਾਰਨੀ ਸਨ। ਖੇਡਣ ਵਿੱਚ ਉਨ੍ਹਾਂ ਦਾ ਮਨ ਨਹੀਂ ਲੱਗਦਾ ਸੀ। ਹਾਂ, ਜਦੋਂ ਕਦੀ ਕੁੱਦਣਾ ਹੁੰਦਾ ਤਾਂ ਉਨ੍ਹਾਂ ਦੀ ਛਾਲ ਸਭ ਤੋਂ ਲੰਮੀ ਹੁੰਦੀ। ਉਨ੍ਹਾਂ ਦੀ ਯਾਦਸ਼ਕਤੀ ਬਹੁਤ ਤੇਜ਼ ਸੀ ਅਤੇ ਪਿੰਡ ਦੇ ਬੁੱਢਿਆਂ ਦੇ ਮੂੰਹੋਂ ਭਗਤ ਬਜ਼ੁਰਗਾਂ ਦੀਆਂ ਕਥਾ-ਕਹਾਣੀਆਂ ਨੂੰ ਉਹ ਬਹੁਤ ਚਾਅ ਨਾਲ਼ ਸੁਣਿਆ ਕਰਦਾ ਸੀ। ਬਾਬਾ ਤੇਗਾ ਸਿੰਘ ਜਵਾਨ ਸਨ। ਉਹ ਖੇਤਾਂ ਨੂੰ ਸਿੰਜਣ ਲਈ ਖੂਹ ਚਲਾ ਰਹੇ ਸਨ। ਉਨ੍ਹਾਂ ਦੇ ਵਿਆਹ ਲਈ ਕੁੜਮਾਈ ਦਾ ਛੁਹਾਰਾ ਆਇਆ। ਬਾਬੇ ਤੇਗੇ ਨੇ ਸੋਚਿਆ, ਇਹ ਜੀਵਨ ਬੰਧਨਾਂ ਵਿੱਚ ਪੈਣ ਦੇ ਲਈ ਨਹੀਂ ਹੈ। ਉਹ ਭੱਜ ਕੇ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਵਿੱਚ ਚਲੇ ਗਏ ਅਤੇ ਫ਼ੌਜ ਵਿੱਚ ਭਰਤੀ ਹੋ ਕੇ ਸੈਨਾਪਤੀ ਹਰੀ ਸਿੰਘ ਨਲਵਾ ਦੇ ਨਾਲ਼ ਕਿੰਨੀਆਂ ਹੀ ਲੜਾਈਆਂ ਵਿੱਚ ਲੜੇ। ਅਖੀਰ ਵਿੱਚ ਪਸ਼ੌਰ ਦੇ ਕੋਲ਼ ਜਮਰੌਦ ਵਿੱਚ ਘੋੜੇ ਦੀ ਕਾਠੀ 'ਤੇ ਬੈਠੇ-ਬੈਠੇ ਹੀ ਸ਼ਹੀਦ ਹੋਏ। ਬਾਲਕ ਵਿਸਾਖਾ ਸਿੰਘ ਸੋਚਦਾ ਕਿ ਉਹ ਮੌਤ ਕਿੰਨੀ ਸੋਹਣੀ ਸੀ।

**ਪੜ੍ਹਾਈ-** ਛੇ-ਸੱਤ ਸਾਲ ਦੀ ਉਮਰ ਸੀ, ਜਦੋਂ ਵਿਸਾਖਾ ਸਿੰਘ ਨੂੰ ਪਿੰਡ ਦੇ ਇਕ ਸਾਧੂ ਸੰਤ ਈਸ਼ਵਰ ਦਾਸ ਦੇ ਕੋਲ਼ ਪੜ੍ਹਨ ਲਈ ਭੇਜ ਦਿੱਤਾ ਗਿਆ। ਇੱਥੇ ਉਹ ਤਿੰਨ-ਚਾਰ ਸਾਲ ਤੱਕ ਗੁਰਮੁਖੀ ਅਤੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਦਾ ਰਿਹਾ। ਸੰਤ ਈਸ਼ਵਰ ਦਾਸ ਨੇ ਉਨ੍ਹਾਂ ਨੂੰ "ਬਾਲ ਉਪਦੇਸ਼", "ਪੰਜ ਗ੍ਰੰਥੀ" ਅਤੇ "ਦਸ਼ਮਗ੍ਰੰਥੀ" ਪੜ੍ਹਾ ਕੇ ਅਖੀਰ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਵੀ ਪੜ੍ਹਾ ਦਿੱਤਾ, ਕੁਝ ਮਾਮੂਲੀ ਹਿਸਾਬ-ਕਿਤਾਬ ਵੀ ਦੱਸ ਦਿੱਤਾ। ਉਸ ਸਮੇਂ ਅਜਿਹੇ ਦੂਰ-ਦੁਰੇਡੇ ਪਿੰਡਾਂ ਦੇ ਲਈ ਇਹ ਵਿੱਦਿਆ ਕਾਫ਼ੀ ਸੀ।

ਇਸ ਤੋਂ ਬਾਅਦ (1886 ਵਿੱਚ) ਵਿਸਾਖਾ ਸਿੰਘ ਦੇ ਸੱਤ ਸਾਲ ਮੱਝਾਂ ਅਤੇ ਗਾਂਵਾਂ ਨੂੰ ਚਰਾਉਣ ਵਿੱਚ ਹੀ ਗੁਜ਼ਰੇ। ਪੰਜਾਂ ਚਾਚਿਆਂ ਦੀਆਂ ਦੋ-ਦੋ ਮੱਝਾਂ ਸਨ, ਉਹ ਸਾਰੀਆਂ ਨੂੰ ਲੈ ਜਾਂਦੇ ਚਰਾਉਣ ਲਈ। ਵਿਸਾਖੀ ਦਾ ਮੇਲਾ ਆਉਂਦਾ ਤਾਂ ਅੰਮ੍ਰਿਤਸਰ ਚਲੇ ਜਾਂਦੇ ਅਤੇ ਦੂਜੇ ਦਿਨ ਤਿਉਹਾਰ 'ਤੇ ਨੇੜਲੇ ਸਥਾਨਾਂ 'ਤੇ ਚਲੇ ਜਾਂਦੇ। ਹੁਣ ਵਿਸਾਖਾ ਸਿੰਘ ਦੀ ਉਮਰ 18 ਸਾਲ ਹੋ ਗਈ ਸੀ। ਰਹਿ-ਰਹਿ ਕੇ ਉਨ੍ਹਾਂ ਨੂੰ ਬਾਬਾ ਤੇਗਾ ਸਿੰਘ ਦੀ ਯਾਦ ਆਉਂਦੀ।

**ਰਿਸਾਲੇ ਦੀ ਨੌਕਰੀ-** ਇਕ ਦਿਨ ਵਿਸਾਖਾ ਸਿੰਘ ਨੇ ਦਦੇਹਰ ਛੱਡ ਦਿੱਤਾ। ਬਾਬਾ ਤੇਗਾ ਸਿੰਘ ਵਾਂਗ ਉਸ ਨੇ ਵੀ ਸਵਾਰ (ਘੁੜ) ਯੋਧਾ ਬਣਨਾ ਸੀ। ਜਿਹਲਮ ਵਿੱਚ 11 ਨੰਬਰ ਦੇ ਰਿਸਾਲੇ ਵਿੱਚ ਉਹ ਭਰਤੀ ਹੋ ਗਏ। ਫਿਰ ਲਾਹੌਰ ਛਾਉਣੀ ਪਹੁੰਚ ਆਏ। ਉਸ ਸਮੇਂ ਰਿਸਾਲੇ ਵਿੱਚ ਘੋੜੇ ਦੇ ਮੁੱਲ ਦੇ ਤੌਰ 'ਤੇ 250 ਰੁਪਏ ਦੇਣੇ ਪੈਂਦੇ ਸਨ, ਫਿਰ 34 ਰੁਪਏ ਮਹੀਨਾ ਤਨਖ਼ਾਹ ਮਿਲਦੀ। ਇਨ੍ਹਾਂ 34 ਰੁਪਇਆਂ ਵਿੱਚ ਹੀ ਸਵਾਰ ਨੂੰ ਆਪਣੇ ਘੋੜੇ ਦੀ ਖ਼ੁਰਾਕ ਦਾ ਵੀ ਧਿਆਨ ਰੱਖਣਾ ਪੈਂਦਾ। ਬਾਬਾ ਵਿਸਾਖਾ ਸਿੰਘ ਨੇ ਲਾਹੌਰ ਵਿੱਚ ਆਪਣੇ ਜੌਹਰ ਵਿਖਾਏ ਅਤੇ ਸਾਰੇ ਰਿਸਾਲੇ ਵਿੱਚ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਵਿੱਚ ਅੱਵਲ ਰਹੇ। ਫਿਰ ਜਿਸ ਸਮੇਂ ਪੰਜਾਬ ਦੇ ਸਾਰੇ ਅੰਗਰੇਜ਼ੀ ਹਿੰਦੁਸਤਾਨੀਆਂ ਰਿਸਾਲਿਆਂ ਦੀ ਘੁੜਦੌੜ ਹੋਈ ਤਾਂ ਉਸ ਵਿੱਚ ਵੀ ਉਹ ਅੱਵਲ ਰਹੇ। ਰਿਸਾਲੇ ਵਿੱਚ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋ ਚੁੱਕੀ ਸੀ, ਪਰ ਵਿਸਾਖਾ ਸਿੰਘ ਇਸ ਪ੍ਰਸਿੱਧੀ ਤੋਂ ਕੋਈ ਫ਼ਾਇਦਾ ਨਹੀਂ ਚੁੱਕਣਾ ਚਾਹੁੰਦਾ ਸੀ। ਅਫ਼ਸਰਾਂ ਦੀ ਖ਼ੁਸ਼ਾਮਦ ਕਰਨਾ ਉਹ ਜਾਣਦਾ ਹੀ ਨਹੀਂ ਸੀ। ਹਾਂ, ਹੁਣ ਸੰਤਾਂ ਦਾ ਜੀਵਨ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲੱਗਾ ਸੀ। ਉਹ ਗੁਰੂ ਨਾਨਕ, ਸੰਤ ਕਬੀਰ ਅਤੇ ਦੂਜੇ ਮਹਾਂ-ਪੁਰਖਾਂ ਦੀਆਂ ਜੀਵਨੀਆਂ ਅਤੇ ਬਚਨਾਂ ਤੋਂ ਏਨੇ ਪ੍ਰਭਾਵਿਤ ਸੀ ਕਿ ਉਨ੍ਹਾਂ ਉੱਤੇ ਵੀ ਭਗਤੀ ਦਾ ਰੰਗ ਚੜ੍ਹਨ ਲੱਗਾ। 1906 ਵਿੱਚ ਇਕ ਹੋਰ ਰੰਗ ਵੀ ਉਨ੍ਹਾਂ 'ਤੇ ਚੜ੍ਹਨਾ ਸ਼ੁਰੂ ਹੋਇਆ। ਉਸ ਸਮੇਂ ਪੰਜਾਬ ਵਿੱਚ ਇਕ ਨਵੀਂ ਰਾਜਨੀਤਿਕ ਲਹਿਰ ਜਨਮ ਲੈ ਚੁੱਕੀ ਸੀ। ਇਕ ਦਿਨ ਰਾਵਲਪਿੰਡੀ ਵਿੱਚ ਉਨ੍ਹਾਂ ਨੂੰ ਇਕ ਰਾਜਨੀਤਿਕ ਸਭਾ ਵਿੱਚ ਜਾਣ ਦਾ ਮੌਕਾ ਪ੍ਰਾਪਤ ਹੋਇਆ। ਉੱਥੇ ਉਨ੍ਹਾਂ ਨੇ ਸੁਣਿਆ ਕਿ ਅਸੀਂ ਵਿਦੇਸ਼ੀ ਸ਼ਾਸਕਾਂ ਦੇ ਕਿਸ ਤਰ੍ਹਾਂ ਗ਼ੁਲਾਮ ਹਾਂ ਅਤੇ ਸਾਨੂੰ ਆਪਣੀ ਗ਼ੁਲਾਮੀ ਦੀਆਂ ਬੇੜੀਆਂ ਨੂੰ ਤੋੜਨ ਲਈ ਕਿਉਂ ਕੋਸ਼ਿਸ਼ ਕਰਨੀ ਚਾਹੀਦੀ ਹੈ। ਨੌਜਵਾਨ ਵਿਸਾਖਾ ਸਿੰਘ ਨੇ ਵਾਪਿਸ ਆ ਕੇ ਸਿਪਾਹੀਆਂ ਵਿੱਚ ਉਹੀ ਗੱਲਾਂ ਕਹਿਣੀਆਂ ਸ਼ੁਰੂ ਕੀਤੀਆਂ। ਪਲਟਨ ਦੇ ਕਮਾਂਡਰ ਨੂੰ ਭਿਣਕ ਲੱਗ ਗਈ। ਉਨ੍ਹਾਂ ਉੱਤੇ ਨਿਗਰਾਨੀ ਕਰਨੀ ਸ਼ੁਰੂ ਦਿੱਤੀ ਗਈ। ਅਫ਼ਸਰ ਅਜਿਹੇ ਪ੍ਰਸਿੱਧ ਸਵਾਰ ਨੂੰ ਛੱਡਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਨੇ ਲਾਲਚ ਦੇਣਾ ਸ਼ੁਰੂ ਕੀਤਾ, "ਤੈਨੂੰ ਅਸੀਂ ਰਿਸਾਲੇਦਾਰ ਬਣਾ ਦੇਵਾਂਗੇ, ਛੱਡ ਇਨ੍ਹਾਂ ਗੱਲਾਂ ਨੂੰ।" ਪਰ ਵਿਸਾਖਾ ਸਿੰਘ ਦੇ ਲਈ ਇਸ ਗੱਲ ਨੂੰ ਛੱਡਣਾ ਓਨਾ ਹੀ ਮੁਸ਼ਕਲ ਸੀ ਜਿੰਨਾ ਕਿ ਕੋਈ ਗੁਰੂਆਂ ਦੀ ਬਾਣੀ ਨੂੰ ਛੱਡਣ ਦੇ ਲਈ ਆਖਦਾ। ਉਨ੍ਹਾਂ ਨੇ 1906 ਵਿੱਚ ਅਸਤੀਫ਼ਾ ਦੇ ਦਿੱਤਾ ਅਤੇ ਰਿਸਾਲੇ ਵਿੱਚੋਂ ਨਾਮ ਕਟਵਾ ਕੇ ਘਰ ਨੂੰ ਤੁਰ ਆਏ।

**ਚੀਨ ਵਿੱਚ-** ਘਰ ਆਏ ਹਾਲੇ ਮਹੀਨਾ ਹੀ ਹੋਇਆ ਸੀ ਕਿ ਮਨ ਫਿਰ ਉਚਾਟ ਹੋਣ ਲੱਗਾ। ਬਾਬਾ ਵਿਸਾਖਾ ਸਿੰਘ ਦਾ ਪਹਿਲਾ ਵਿਆਹ 18 ਸਾਲ ਦੀ ਉਮਰ ਵਿੱਚ ਹੋਇਆ ਸੀ, ਪਰ ਪਤਨੀ ਵਿਆਹ ਦੇ 6 ਸਾਲ ਬਾਅਦ ਮਰ ਗਈ। ਫਿਰ ਉਨ੍ਹਾਂ ਦਾ ਦੂਜਾ ਵਿਆਹ ਹੋਇਆ। ਪਰ ਭਜਨ-ਬੰਦਗੀ ਅਤੇ ਸਾਹਸ ਯਾਤਰਾ ਦੇ ਸ਼ੌਕ ਨੇ ਉਨ੍ਹਾਂ ਨੂੰ ਦੱਸ ਦਿੱਤਾ ਕਿ ਉਹ ਵਿਆਹੁਤਾ ਜੀਵਨ ਦੇ ਲਈ ਨਹੀਂ ਹਨ। ਘਰ ਛੱਡਣ ਤੋਂ ਪਹਿਲੇ ਉਨ੍ਹਾਂ ਨੇ ਆਪਣੀ ਪਤਨੀ ਨੂੰ ਨਿੱਕੇ ਭਰਾ ਦੇ ਹਵਾਲੇ ਕਰ ਦਿੱਤਾ, ਪਤੀ ਤੋਂ ਪਿੱਛੋਂ ਦਿਓਰ ਦਾ ਹੀ ਤਾਂ ਹੱਕ ਹੁੰਦਾ ਹੈ। ਉਸ ਸਮੇਂ ਚੀਨ ਵਿੱਚ ਪਿੰਡ ਦੇ ਕਿੰਨੇ ਹੀ ਲੋਕ ਨੌਕਰੀ ਕਰਦੇ ਸਨ। 1907 ਵਿੱਚ ਬਾਬਾ ਵਿਸਾਖਾ ਸਿੰਘ ਵੀ ਹਾਂਗਕਾਊ ਨਗਰ ਵਿੱਚ ਪਹੁੰਚੇ ਅਤੇ ਅੰਗਰੇਜ਼ ਅਧੀਨ ਇਲਾਕੇ ਵਿੱਚ ਪੁਲਿਸ ਕਾਂਸਟੇਬਲ ਬਣ ਗਏ। ਜੋ ਆਦਮੀ ਗ਼ਰੀਬਾਂ ਦੇ ਦੁੱਖ-ਦਰਦ ਨੂੰ ਵੇਖਕੇ ਵੀ ਬਰਦਾਸ਼ਤ ਨਹੀਂ ਕਰ ਸਕਦਾ, ਉਹ ਆਪ ਉਨ੍ਹਾਂ ਨੂੰ ਕਿਵੇਂ ਦੁੱਖ ਦੇਵੇਗਾ? ਕਮਜ਼ੋਰ ਚੀਨ ਨੂੰ ਦਬਾ ਕੇ ਯੂਰਪੀ ਰਾਜਾਂ ਨੇ ਚੀਨ ਦੇ ਕਿੰਨੇ ਹੀ ਸ਼ਹਿਰਾਂ 'ਤੇ ਆਪਣਾ ਰਾਜ ਕਾਇਮ ਕਰ ਲਿਆ ਸੀ, ਇਹ ਮੁਰਦਾ ਲਾਸ਼ ਦਾ ਨਹੀਂ ਸਗੋਂ ਜ਼ਿੰਦਾ ਲਾਸ਼ ਦਾ ਬਟਵਾਰਾ ਸੀ। ਅਜਿਹੇ ਹਿੱਸਿਆਂ ਨੂੰ ਕਨਸੈਸ਼ਨ (ਰਿਆਇਤ) ਕਹਿੰਦੇ ਸਨ। ਚੀਨ ਦੇ ਅੰਗਰੇਜ਼ੀ ਕਨਸੈਸ਼ਨਾਂ ਦੀ ਪੁਲਿਸ ਵਿੱਚ ਅਕਸਰ ਪੰਜਾਬੀ ਪੁਲਿਸ ਕਾਂਸਟੇਬਲ ਹੁੰਦੇ ਸਨ। ਅਫ਼ਸਰ ਚਾਹੁੰਦੇ ਸਨ ਕਿ ਉਹ ਵੀ ਅਫ਼ਸਰਾਂ ਦੀ ਤਰ੍ਹਾਂ ਹੀ ਚੀਨੀਆਂ ਉੱਤੇ ਧੌਂਸ ਜਮਾਉਣ, ਨਿੱਕੀ-ਨਿੱਕੀ ਗੱਲ 'ਤੇ ਉਨ੍ਹਾਂ ਦੀਆਂ ਲੰਮੀਆਂ ਚੋਟੀਆਂ ਨੂੰ ਫੜ ਕੇ ਖਿੱਚਣ, ਬੇਇੱਜ਼ਤ ਕਰਨ ਅਤੇ ਰਿਸ਼ਵਤ ਨਾਲ਼ ਆਪਣੀਆਂ ਜੇਬਾਂ ਭਰਨ- ਕਾਂਸਟੇਬਲਾਂ ਦੀਆਂ ਜੇਬਾਂ 'ਤੇ ਅਫ਼ਸਰਾਂ ਦਾ ਵੀ ਕੁਝ ਅਧਿਕਾਰ ਮੰਨਿਆ ਹੀ ਜਾਂਦਾ ਹੈ। ਬਾਬਾ ਵਿਸਾਖਾ ਸਿੰਘ ਨੇ ਕਦੇ ਕਿਸੇ ਚੀਨੀ ਨੂੰ ਨਹੀਂ ਫੜਿਆ। ਅਫ਼ਸਰ ਨੇ ਕਿਹਾ, "ਤੂੰ ਕਦੇ ਕਿਸੇ ਨੂੰ ਫੜ ਕੇ ਨਹੀਂ ਲਿਆਉਂਦਾ?" "ਮੇਰੇ ਪਾਸੇ ਕੋਈ ਗੜਬੜ ਹੀ ਨਹੀਂ ਕਰਦਾ" "ਨਹੀਂ ਲਿਆਵੇਂਗਾ ਤਾਂ ਤੇਰੀ ਵਰਦੀ ਖੋਹ ਲਵਾਂਗੇ।" "ਲੈ ਲਓ।" ਅਖੀਰ ਵਿੱਚ ਬਾਬਾ ਵਿਸਾਖਾ ਸਿੰਘ ਨੂੰ ਨੌਕਰੀ ਛੱਡਣੀ ਪਈ।

**ਅਮਰੀਕਾ ਵਿੱਚ-** ਬਾਬਾ ਵਿਸਾਖਾ ਸਿੰਘ ਹੁਣ 30 ਸਾਲ ਦੇ ਜਵਾਨ ਸਨ ਅਤੇ ਭਗਤੀ ਭਾਵ ਹੁੰਦਿਆਂ ਵੀ ਉਨ੍ਹਾਂ ਦੇ ਸਰੀਰ ਵਿੱਚ ਜਵਾਨੀ ਦਾ ਗਰਮ ਖ਼ੂਨ ਦੌੜ ਰਿਹਾ ਸੀ। ਉਸ ਸਮੇਂ ਗ਼ਰੀਬ ਪੰਜਾਬੀ ਕਿਸਾਨ ਵੱਧ ਤੋਂ ਵੱਧ ਤਨਖਾਹ ਦਾ ਖ਼ਿਆਲ ਕਰਕੇ ਜਿਸ ਤਰ੍ਹਾਂ ਕਲਕੱਤਾ ਤੋਂ ਸਿੰਗਾਪੁਰ ਅਤੇ ਸਿੰਗਾਪੁਰ ਤੋਂ ਚੀਨ ਚਲੇ ਜਾਂਦੇ ਸਨ, ਉਸੇ ਤਰ੍ਹਾਂ ਅਮਰੀਕਾ ਦੀ ਵੱਧ ਮਜ਼ਦੂਰੀ ਨੂੰ ਸੁਣਕੇ ਉੱਥੇ ਵੀ ਪਹੁੰਚ ਜਾਂਦੇ ਸਨ। ਬਾਬਾ ਵਿਸਾਖਾ ਸਿੰਘ ਨੇ ਵੀ ਅਮਰੀਕਾ ਜਾਣ ਦਾ ਫ਼ੈਸਲਾ ਕੀਤਾ। ਚੰਘਈ (ਸ਼ੰਘਾਈ) ਤੋਂ ਆਪਣੇ ਪਿੰਡ ਦੇ ਭਾਈ ਹਜ਼ਾਰਾ ਸਿੰਘ ਆਦਿ ਬਾਰ੍ਹਾਂ ਅਤੇ ਕਿੰਨੇ ਹੀ ਪੰਜਾਬੀ ਮੁਸਲਮਾਨਾਂ ਅਤੇ ਸਿੱਖਾਂ ਦੇ ਨਾਲ਼ ਅਮਰੀਕਾ ਦੇ ਲਈ ਜਹਾਜ਼ 'ਤੇ ਸਵਾਰ ਹੋਏ ਅਤੇ 1907 ਦੇ ਕਿਸੇ ਮਹੀਨੇ ਵਿੱਚ ਸਾਨਫਰਾਂਸਿਸਕੋ ਜਾ ਉਤਰੇ। ਉਸ ਸਮੇਂ ਬਾਹਰੋਂ ਆਉਣ ਵਾਲੇ ਮਜ਼ਦੂਰਾਂ ਦੇ ਲਈ ਅਮਰੀਕਾ ਵਿੱਚ ਉਤਰਨ ਦੀ ਕੋਈ ਰੁਕਾਵਟ ਨਹੀਂ ਸੀ, ਡਾਕਟਰ ਲੋਕ ਸਿਰਫ਼ ਅੱਖਾਂ ਦਾ ਹੀ ਚੰਗੀ ਤਰ੍ਹਾਂ ਟੈਸਟ ਕਰਦੇ ਸਨ। ਬਾਬਾ ਵਿਸਾਖਾ ਸਿੰਘ ਪਹਿਲਾਂ ਇਕ ਸਾਲ ਤੱਕ ਕੈਲੀਫੋਰਨੀਆ ਵਿੱਚ ਆਲੂ-ਕਣਕ ਦੇ ਖੇਤਾਂ ਵਿੱਚ ਮਜ਼ਦੂਰੀ ਵੀ ਕਰਦੇ ਰਹੇ, ਮਜ਼ਦੂਰੀ ਦੋ ਡਾਲਰ (ਛੇ ਰੁਪਏ 2 ਆਨੇ ਰੋਜ਼) ਸੀ। ਇਸ ਦੌਰਾਨ ਉਨ੍ਹਾਂ ਨੇ ਕੁਝ ਰੁਪਿਆ ਜਮ੍ਹਾਂ ਕਰ ਲਿਆ। ਫਿਰ ਸਟਾਕਟਨ ਸ਼ਹਿਰ ਦੇ ਨੇੜੇ ਹੋਲਟ ਸਟੇਸ਼ਨ 'ਤੇ 20 ਨੰਬਰ ਦੀ ਖੇਤੀ ਖ਼ਰੀਦ ਲਈ। ਇੱਥੇ ਪੰਜ-ਛੇ ਸੌ ਏਕੜ ਆਲੂ-ਕਣਕ ਦੇ ਖੇਤ ਸਨ। ਖੇਤੀ ਦੇ ਨੌਂ ਹਿੱਸਿਆਂ ਵਿੱਚੋਂ ਤੀਜਾ ਹਿੱਸਾ ਸੀ ਬਾਬਾ ਵਿਸਾਖਾ ਸਿੰਘ ਅਤੇ ਹਜ਼ਾਰਾ ਸਿੰਘ ਦਾ, ਚੌਥਾ ਹਿੱਸਾ ਬਾਬਾ ਜਵਾਲਾ ਸਿੰਘ ਦਾ ਅਤੇ ਦੋ ਹਿੱਸੇ ਸੰਤ ਤਾਰਾ ਸਿੰਘ ਦੇ। ਇਹ ਜ਼ਮੀਨ ਇਕ ਤਰ੍ਹਾਂ ਨਾਲ਼ ਸਮੁੰਦਰ ਦੇ ਢਿੱਡ ਵਿੱਚ ਬੰਨ੍ਹ ਮਾਰ ਕੇ ਕੱਢੀ ਗਈ ਸੀ। ਸਿੰਚਾਈ ਲਈ ਨਹਿਰ ਅਤੇ ਨਦੀ ਸੀ। ਬਾਬਾ ਵਿਸਾਖਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਆਪਣੇ ਖੇਤਾਂ ਵਿੱਚ ਆਲੂ-ਪਿਆਜ਼ ਅਤੇ ਕਣਕ ਦੀ ਖੇਤੀ ਕਰਦੇ। ਉਨ੍ਹਾਂ ਦੇ ਕੋਲ਼ ਹਲ਼ ਵਾਹੁਣ ਲਈ ਬਾਰ੍ਹਾਂ-ਚੌਦਾਂ ਘੋੜੇ ਸਨ ਅਤੇ ਲੋੜ ਪੈਣ 'ਤੇ ਉਹ ਮਜ਼ਦੂਰ ਵੀ ਰੱਖ ਲੈਂਦੇ।

ਬਾਬਾ ਜਵਾਲਾ ਸਿੰਘ ਮਲਾਇਆ ਤੋਂ ਪਹਿਲਾਂ ਹੀ ਅਮਰੀਕਾ ਪਹੁੰਚੇ ਸਨ ਅਤੇ ਉਨ੍ਹਾਂ ਨੂੰ ਹੀ ਸਭ ਤੋਂ ਪਹਿਲਾਂ ਪਤਾ ਲੱਗਾ ਕਿ ਇਕ ਗ਼ੁਲਾਮ ਦੇਸ਼ ਵਿੱਚ ਪੈਦਾ ਹੋਣਾ ਕਿੰਨੀ ਵੱਡੀ ਸ਼ਰਮ ਵਾਲੀ ਗੱਲ ਹੈ। ਉਨ੍ਹਾਂ ਨੇ ਆਪਣੇ ਸਾਥੀਆਂ ਵਿੱਚ ਵੀ ਦੇਸ਼ ਪ੍ਰੇਮ ਦੀ ਭਾਵਨਾ ਪੈਦਾ ਕੀਤੀ। ਬਾਬਾ ਵਿਸਾਖਾ ਸਿੰਘ ਦੇ ਕੋਮਲ ਸੁਭਾਅ ਨੂੰ ਵੇਖ ਕੇ ਅਮਰੀਕੀ ਬਾਲਕਾਂ ਦਾ ਵੀ ਉਨ੍ਹਾਂ ਨਾਲ਼ ਮੇਲ-ਜੋਲ ਹੋਣਾ ਸੁਭਾਵਿਕ ਹੀ ਸੀ। ਉਨ੍ਹਾਂ ਵਿੱਚੋਂ ਕਿੰਨਿਆਂ ਨੇ ਹਾਲੇ ਭੂਗੋਲ ਦੀ ਪੜ੍ਹਾਈ ਨਹੀਂ ਕੀਤੀ ਸੀ, ਪਰ ਉਨ੍ਹਾਂ ਦੇ ਕੋਲ਼ ਆਜ਼ਾਦ ਦੇਸ਼ਾਂ ਦੇ ਰਾਸ਼ਟਰੀ ਝੰਡਿਆਂ ਦੇ ਚਿੱਤਰ ਜ਼ਰੂਰ ਹੁੰਦੇ ਸਨ। ਕਦੀ-ਕਦੀ ਉਹ ਉਨ੍ਹਾਂ ਨੂੰ ਲਿਆ ਕੇ ਬਾਬਾ ਵਿਸਾਖਾ ਸਿੰਘ ਤੋਂ ਪੁੱਛਦੇ, "ਤੁਹਾਡਾ ਝੰਡਾ ਕਿੰਨਵਾਂ ਹੈ?" ਬਾਬਾ ਵਿਸਾਖਾ ਸਿੰਘ ਕੀ ਜਵਾਬ ਦਿੰਦੇ? ਜਦੋਂ ਉਹ ਅੰਗਰੇਜ਼ੀ ਯੂਨੀਅਨ ਜੈਕ 'ਤੇ ਹੱਥ ਰੱਖਦੇ ਤਾਂ ਉਹ ਬੋਲ ਪੈਂਦੇ, "ਇਹ ਤਾਂ ਅੰਗਰੇਜ਼ਾਂ ਦਾ ਝੰਡਾ ਹੈ। ਹਿੰਦੂਆਂ (ਹਿੰਦੁਸਤਾਨੀਆਂ) ਦਾ ਝੰਡਾ ਕਿਹੜਾ ਹੈ? ਬਾਬਾ ਵਿਸਾਖਾ ਸਿੰਘ ਦੇ ਕਲੇਜੇ ਵਿੱਚ ਸੂਈਆਂ ਚੁਭਣ ਲੱਗ ਜਾਂਦੀਆਂ।



**ਰਾਹੁਲ ਸੰਕਰਤਾਇਣ**
(ਪਾਲੀ ਤੇ ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਤੇ ਸੀ ਪੀ ਆਈ ਦੇ ਕਾਰਕੁੰਨ)

ਖੇਤੀ ਚੰਗੀ ਚੱਲ ਰਹੀ ਸੀ। ਨਾਲ਼ ਹੀ ਨਾਲ਼ ਅਮਰੀਕਾ ਦੀ ਹਵਾ ਅਤੇ ਬਾਬਾ ਜਵਾਲਾ ਸਿੰਘ ਦਾ ਨਾਮ ਜਪਣਾ ਵੀ ਅਸਰ ਪਾ ਰਿਹਾ ਸੀ। ਬਾਬਾ ਵਿਸਾਖਾ ਸਿੰਘ ਦੇ ਸਰੀਰ ਅਤੇ ਮਨ ਦਾ ਇੱਕ-ਇੱਕ ਕਣ ਧਰਮ ਦੇ ਰੰਗ ਵਿੱਚ ਰੰਗਿਆ ਹੈ। ਜਦੋਂ ਉਨ੍ਹਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਆਪਣੇ ਗ਼ੁਲਾਮ ਦੇਸ਼ ਦੇ ਉਦਾਰ ਲਈ ਜੀਵਨ ਕੁਰਬਾਨ ਕਰਨਾ ਵੀ ਧਰਮ ਦਾ ਹੀ ਇਕ ਅਟੁੱਟ ਅੰਗ ਹੈ, ਤਾਂ ਉਨ੍ਹਾਂ ਨੇ ਆਪਣੇ ਇਸ ਸੰਕਲਪ ਨੂੰ ਵੀ ਧਾਰਮਿਕ ਵਿਧੀ ਦੁਆਰਾ ਪ੍ਰਗਟ ਕਰਨਾ ਪਸੰਦ ਕੀਤਾ। ਇਹ ਸ਼ਾਇਦ 1910 ਦੇ ਨੇੜੇ-ਤੇੜੇ ਦਾ ਸਮਾਂ ਸੀ। ਉਸ ਦਿਨ ਪੋਹ ਸੁਦੀ ਸੱਤਵੀਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਗੁਰਪੁਰਬ ਸੀ। ਬਾਬਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਬਹੁਤ ਵੱਡਾ ਜੱਗ ਕੀਤਾ। ਉਂਵ ਤਾਂ ਇੱਥੇ ਲਗਾਤਾਰ ਹੀ ਅਟੁੱਟ ਲੰਗਰ ਚੱਲਦਾ ਸੀ, ਪਰ ਅੱਜ ਪੂਜਾ ਦੇ ਲਈ ਖ਼ਾਸ ਤੌਰ 'ਤੇ ਕੜਾਹ ਪ੍ਰਸਾਦਿ ਅਤੇ ਦੂਜੇ ਹਿੰਦੁਸਤਾਨੀ ਪਦਾਰਥ ਤਿਆਰ ਕੀਤੇ ਗਏ ਸਨ। ਕੈਲੀਫੋਰਨੀਆ ਦੇ ਵੱਧ ਤੋਂ ਵੱਧ "ਹਿੰਦੂਆਂ" (ਹਿੰਦੂ-ਸਿੱਖ-ਮੁਸਲਮਾਨਾਂ) ਨੂੰ ਸੱਦਾ ਦਿੱਤਾ ਗਿਆ ਸੀ। ਬਾਬੇ ਨੇ "ਅਖੰਡ ਸਾਹਿਬ" ਦਾ ਭੋਗ ਪਾਇਆ। ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕੀਤੀ ਗਈ ਅਤੇ ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ, ਸੰਤੋਖ ਸਿੰਘ ਅਤੇ ਕੁਝ ਦੂਸਰਿਆਂ ਨੇ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਾ ਦਿੱਤਾ। ਉਦੋਂ ਤੋਂ ਬਾਬਾ ਵਿਸਾਖਾ ਸਿੰਘ ਨੇ ਧਾਰਮਿਕ ਭਾਵਨਾ ਨਾਲ਼ ਆਪਣੇ ਜੀਵਨ ਨੂੰ ਦੇਸ਼ ਦੀ ਜਮ੍ਹਾਂ-ਪੂੰਜੀ (ਅਮਾਨਤ) ਸਮਝਿਆ। ਇਸ ਭੰਡਾਰੇ ਵਿੱਚ ਭਾਈ ਪਰਮਾਨੰਦ ਅਤੇ ਲਾਲਾ ਹਰਦਿਆਲ ਵੀ ਆਏ ਸਨ। ਅਰਦਾਸ ਦੀ ਖ਼ਬਰ ਖ਼ਾਲਸਾ ਸਮਾਚਾਰ ਵਿੱਚ ਛਪੀ, ਜਿਸ ਦੇ ਨਾਲ਼ ਇਕ ਪਾਸੇ ਸੀ.ਆਈ.ਡੀ. ਦੇ ਕੰਨ ਖੜ੍ਹੇ ਹੋ ਗਏ, ਦੂਜੇ ਪਾਸੇ ਪੰਜਾਬ ਵਿੱਚ ਕਿੰਨੇ ਹੀ ਸਿੱਖਾਂ ਵਿੱਚ ਉਤਸ਼ਾਹ ਵਧਿਆ। ਬਾਬੇ ਦਾ ਛੋਟਾ ਭਰਾ ਮਗਰ ਸਿੰਘ ਉਸ ਸਮੇਂ ਤੋਪਖ਼ਾਨੇ ਵਿੱਚ ਸਿਪਾਹੀ ਸੀ। ਉਹ ਨੌਕਰੀ ਛੱਡ ਕੇ ਚਲਿਆ ਆਇਆ। ਇਸ ਭੰਡਾਰੇ ਵਿੱਚ ਦੇਸ਼-ਭਗਤਾਂ ਦੀ ਇਕ ਕਮੇਟੀ ਬਣਾਈ ਗਈ। ਖੇਤੀ ਵਿੱਚ ਇਕ ਗੁਰਦੁਆਰਾ ਅਤੇ ਗ੍ਰੰਥੀ (ਪੁਜਾਰੀ) ਕਾਇਮ ਕੀਤਾ ਗਿਆ। ਭੰਡਾਰੇ ਦਾ ਪਹਿਲਾ ਦਿਨ ਸਿਰਫ਼ ਧਾਰਮਿਕ ਕਾਰਜਾਂ ਦੇ ਲਈ ਸੀ। ਦੋ ਦਿਨ ਦੇਸ਼ ਦੀ ਅਵਸਥਾ ਬਾਰੇ ਸੋਚਣ ਅਤੇ ਭਾਸ਼ਣ ਕਰਨ ਲਈ ਖ਼ਰਚ ਕੀਤੇ ਗਏ। ਇਸ ਸਮੇਂ ਬਾਬੇ ਦਾ ਧਾਰਮਿਕ ਜੀਵਨ ਦੇਸ਼ ਦੀ ਆਜ਼ਾਦੀ ਦੇ ਯੁੱਧ ਨਾਲ਼ ਸੰਬੰਧਿਤ ਹੋ ਗਿਆ ਅਤੇ ਸੰਬੰਧ ਕਿਸੇ ਕੱਚੇ ਧਾਗੇ ਨਾਲ਼ ਨਹੀਂ ਸਗੋਂ ਅੰਤਰਮਨ ਦੀ ਭਾਵਨਾ ਦੇ ਸ਼ਕਤੀਸ਼ਾਲੀ ਸੀਮਿੰਟ ਨਾਲ਼ ਹੋਇਆ। ਇਸ ਜਲਸੇ ਵਿੱਚ ਬਾਬਾ ਸੋਹਨ ਸਿੰਘ ਭਕਨਾ ਨੇ ਵੀ ਭਾਸ਼ਣ ਦਿੱਤਾ ਸੀ।

ਜਦੋਂ ਮਾਰਚ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਤਾਂ ਬਾਬਾ ਵਿਸਾਖਾ ਸਿੰਘ ਉਸ ਦੇ ਲਈ ਪਹਿਲਾਂ ਤੋਂ ਹੀ ਤਿਆਰ ਸਨ ਅਤੇ ਉੱਥੇ ਹੀ ਪਾਰਟੀ ਦੇ ਖ਼ਜ਼ਾਨਚੀ ਚੁਣੇ ਗਏ। ਹੁਣ ਹੋਲਟ ਦੀ ਖੇਤੀ ਪੂਰੇ ਦੇਸ਼ ਦੀ ਖੇਤੀ ਸੀ। ਬਾਬਾ ਜ਼ਿਆਦਾਤਰ ਹੈੱਡਕੁਆਟਰ ਜਾਂ ਹੋਲਟ ਵਿੱਚ ਰਹਿੰਦੇ, ਪਰ ਲੋੜ ਪੈਣ 'ਤੇ ਬਾਹਰ ਵੀ ਜਾਇਆ ਕਰਦੇ ਸਨ।

**ਭਾਰਤ ਲਈ ਕੂਚ-** 1914 ਵਿੱਚ ਬਾਬਾ ਵਿਸਾਖਾ ਸਿੰਘ ਦੇ ਜਨਮ ਸਥਾਨ ਦੇ ਨੇੜਲੇ ਪਿੰਡ ਸਰਹਾਲੀ ਦੇ ਸਾਥੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜਹਾਜ਼ ਨੂੰ ਲੈ ਕੇ ਕਨੇਡਾ ਪੁੱਜੇ। ਉਸ ਉੱਤੇ ਜੋ ਕੁਝ ਕਨੇਡਾ ਵਿੱਚ ਗੁਜ਼ਰੀ, ਉਸ ਨੂੰ ਭਤੀਜੇ ਬਿਸ਼ਨ ਸਿੰਘ ਨੇ ਬਾਬਾ ਵਿਸਾਖਾ ਸਿੰਘ ਕੋਲ਼ ਲਿਖ ਭੇਜਿਆ। ਦੇਸ਼ ਦੇ ਇਸ ਮਹਾਨ ਅਪਮਾਨ ਨਾਲ਼ ਬਾਬਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਦਿਲ 'ਤੇ ਭਾਰੀ ਸੱਟ ਵੱਜੀ। ਪਾਰਟੀ ਦੀ ਮੀਟਿੰਗ ਬੁਲਾਈ ਗਈ। ਫ਼ੈਸਲਾ ਹੋਇਆ ਕਿ ਹੁਣ ਬੈਠਨ ਦਾ ਸਮਾਂ ਨਹੀਂ ਹੈ, ਹੁਣ ਸਮਾਂ ਹੈ ਦੇਸ਼ ਪਰਤ ਕੇ ਅਸਲੀ ਕੰਮ ਕਰਨ ਦਾ। ਪਾਰਟੀ ਦੇ ਮੈਂਬਰਾਂ ਨੂੰ ਵੱਖ-ਵੱਖ ਟੁਕੜੀਆਂ ਵਿੱਚ ਭਾਰਤ ਜਾਣ ਦਾ ਹੁਕਮ ਮਿਲਿਆ। ਪਹਿਲੀ ਟੁਕੜੀ ਵਿੱਚ ਨੌਜਵਾਨ ਕਰਤਾਰ ਸਿੰਘ ਸਰਾਭਾ (ਸ਼ਹੀਦ) ਅਤੇ ਦੋ ਹੋਰ ਮੈਂਬਰ ਸ਼ਾਮਿਲ ਸਨ। ਦੂਸਰੀ ਵਿੱਚ ਬਾਬਾ ਸੋਹਣ ਸਿੰਘ ਅਤੇ ਉਨ੍ਹਾਂ ਦੇ ਸਾਥੀ, ਤੀਸਰੀ ਵਿੱਚ ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ ਅਤੇ ਉਨ੍ਹਾਂ ਦੇ ਸੌ ਸਾਥੀ। ਬਾਬਾ ਵਿਸਾਖਾ ਸਿੰਘ ਅਤੇ ਸੰਤੋਖ ਸਿੰਘ ਸਭ ਤੋਂ ਪਿੱਛੋਂ 1914 ਦੇ ਅੰਤ ਵਿੱਚ ਭਾਰਤ ਆਏ। ਇਹ ਤੀਜਾ ਜਹਾਜ਼ ਸੀ ਜਿਸ ਰਾਹੀਂ ਆਪਣੇ 50 ਸਾਥੀਆਂ ਸਮੇਤ ਵਾਇਆ ਮਨੀਲਾ (ਫਿਲੀਪਾਈਨ) ਹੁੰਦੇ ਹੋਏ ਕੋਲੰਬੋ ਪਹੁੰਚੇ ਸਨ।

ਪੁਲਿਸ ਹਾਂਗਕਾਂਗ ਤੋਂ ਹੀ ਪਿੱਛੇ ਲੱਗ ਗਈ ਸੀ। ਜਦੋਂ ਉਹ ਲੁਧਿਆਣੇ ਪੁੱਜੇ ਤਾਂ ਮਿਲਟਰੀ ਪੁਲਿਸ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਥਾਣੇ ਪਹੁੰਚਾ ਦਿੱਤਾ। ਨਾਮ ਪਤਾ ਲਿਖ ਕੇ ਅੰਮ੍ਰਿਤਸਰ ਡਿਪਟੀ ਕਮਿਸ਼ਨਰ ਦੇ ਸਾਹਮਣੇ ਲੈ ਗਏ ਅਤੇ ਪਿੰਡ ਵਿੱਚ ਉਹ ਨਜ਼ਰਬੰਦ ਕਰ ਦਿੱਤੇ। ਪਰ ਉਹ ਉੱਥੇ 20-25 ਦਿਨ ਤੋਂ ਜ਼ਿਆਦਾ ਨਹੀਂ ਰਹਿ ਸਕੇ ਅਤੇ ਅਕਤੂਬਰ 1914 ਵਿੱਚ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਪਹੁੰਚਾ ਦਿੱਤਾ ਗਿਆ। 64 ਵਿਅਕਤੀਆਂ ਉੱਤੇ ਇਤਿਹਾਸ ਪ੍ਰਸਿੱਧ ਪਹਿਲਾ ਲਾਹੌਰ ਸਾਜ਼ਿਸ਼ ਮੁਕੱਦਮਾ ਚੱਲਿਆ। ਅਦਾਲਤ ਨੇ ਅੱਖੀਂ ਘੱਟਾ ਪਾਉਣ ਲਈ 5 ਨੂੰ ਛੱਡ ਦਿੱਤਾ ਅਤੇ 24 ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਦੂਜਿਆਂ ਨੂੰ 2 ਤੋਂ 10 ਸਾਲ ਤੱਕ ਦੀ ਸਜ਼ਾ ਸੁਣਾਈ। ਓਡਾਇਰਸ਼ਾਹੀ ਆਪਣਾ ਕੰਮ ਕਰ ਚੁੱਕੀ ਸੀ, ਪਰ ਤਤਕਾਲੀ ਵਾਇਸਰਾਏ ਲਾਰਡ ਹਾਰਡਿੰਗ ਨੇ 17 ਨੂੰ ਫਾਂਸੀ ਦੇ ਤਖ਼ਤਿਓ ਲਾਹ ਲਿਆ, ਬਾਬਾ ਵਿਸਾਖਾ ਸਿੰਘ ਉਨ੍ਹਾਂ ਵਿੱਚੋਂ ਇਕ ਸਨ। ਫਾਂਸੀ ਦੀ ਕੋਠਰੀ ਵਿੱਚ ਬਾਬਾ ਵਿਸਾਖਾ ਸਿੰਘ ਇਹ ਸੋਚ ਕੇ ਬਹੁਤ ਖ਼ੁਸ਼ੀ ਨਾਲ਼ ਆਖ਼ਰੀ ਘੜੀ ਦੀ ਉਡੀਕ ਕਰ ਰਹੇ ਸਨ ਕਿ ਉਨ੍ਹਾਂ ਨੂੰ ਵੀ ਬਾਬਾ ਤੇਗਾ ਸਿੰਘ ਦੀ "ਘੋੜੇ ਦੀ ਕਾਠੀ" 'ਤੇ ਬੈਠ ਕੇ ਸ਼ਹੀਦ ਹੋਣ ਦਾ ਸੁਭਾਗ ਪ੍ਰਾਪਤ ਹੋਵੇਗਾ। ਪਰ ਉਹ ਸੁਭਾਗ ਸਿਰਫ਼ ਸੱਤਾਂ ਨੂੰ ਹੀ ਪ੍ਰਾਪਤ ਹੋ ਸਕਿਆ।

13 ਸਤੰਬਰ 1915 ਨੂੰ ਤਿੰਨ ਜੱਜਾਂ ਦੀ ਅਦਾਲਤ ਨੇ ਆਪਣਾ ਭਿਆਨਕ ਫ਼ੈਸਲਾ ਸੁਣਾਇਆ ਸੀ। ਜਦੋਂ ਅਧਿਕਾਰੀ ਅਪੀਲ ਕਰਨ ਦੇ ਲਈ ਆਖਦੇ ਤਾਂ ਬਾਬਾ ਤੇ ਉਨ੍ਹਾਂ ਦੇ ਸਾਥੀ ਬੋਲਦੇ, "ਉਨ੍ਹਾਂ ਨਾਲ਼ ਹੀ ਲੜਨਾ, ਉਨ੍ਹਾਂ ਕੋਲ਼ੋਂ ਹੀ ਨਿਆਂ ਮੰਗਣਾ!" ਨੌਜਵਾਨ ਕਰਤਾਰ ਸਿੰਘ ਦੀ ਯਾਦ ਹਾਲੇ ਵੀ ਬਾਬੇ ਦੇ ਦਿਲ ਵਿੱਚ ਤਾਜ਼ੀ ਹੈ। ਉਹ ਸਾਹਸ ਦਾ ਪੁਤਲਾ ਅਤੇ ਉਹੋ ਜਿਹਾ ਹੀ ਹੁਸ਼ਿਆਰ ਸੀ। ਰਿਸਾਲਿਆਂ ਵਿੱਚ ਅਫ਼ਸਰ ਬਣ ਕੇ ਜਾਂਦਾ ਅਤੇ ਸਲਾਮੀ ਤੱਕ ਲੈ ਲੈਂਦਾ। ਉਸ ਸਮੇਂ ਸੱਚੀ ਹੀ ਭਾਰਤ ਦੇ ਫ਼ੌਜੀਆਂ ਹਾਲਤ ਅਜਿਹੀ ਸੀ ਕਿ ਅੰਗਰੇਜ਼ ਸ਼ਾਸਕ ਇਸ ਵਿਸ਼ਾਲ ਸਾਜ਼ਿਸ਼ ਦੀ ਖ਼ਬਰ ਸੁਣ ਕੇ ਹੀ ਘਬਰਾ ਉੱਠੇ ਸਨ। ਸਾਰੀ ਗੋਰੀ ਫ਼ੌਜ ਭਾਰਤ ਤੋਂ ਫ਼ਰਾਂਸ ਦੇ ਮੈਦਾਨ ਵਿੱਚ ਭੇਜ ਦਿੱਤੀ ਗਈ ਸੀ। ਜੋ ਤੇਰ੍ਹਾਂ ਹਜ਼ਾਰ ਗੋਰੇ ਭਾਰਤ ਵਿੱਚ ਰਹਿ ਗਏ ਸਨ, ਉਨ੍ਹਾਂ ਵਿੱਚ ਵੀ ਵਧੇਰੇ ਗਿਣਤੀ ਬੁੱਢਿਆਂ ਅਤੇ ਬੱਚਿਆਂ ਦੀ ਸੀ। ਇਨ੍ਹਾਂ ਨੂੰ ਹੀ ਸਾਰੇ ਹਿੰਦੁਸਤਾਨ ਵਿੱਚ ਲਗਾਤਾਰ ਘੁਮਾਇਆ ਜਾ ਰਿਹਾ ਸੀ ਜਿਸ ਨਾਲ਼ ਲੋਕ ਸਮਝਣ ਕਿ ਹਿੰਦੁਸਤਾਨ ਵਿੱਚ ਗੋਰੀ ਪਲਟਨ ਬਹੁਤ ਭਾਰੀ ਗਿਣਤੀ ਵਿੱਚ ਹੈ।

ਬਾਬਾ ਜੀ ਨੂੰ ਪਹਿਲਾਂ ਮੁਲਤਾਨ ਜੇਲ੍ਹ ਭੇਜਿਆ ਗਿਆ। ਸਰੀਰ ਉਸ ਸਮੇਂ ਚੰਗਾ ਸਿਹਤਮੰਦ ਸੀ। ਜੇਲ੍ਹ ਵਿੱਚ ਸਭ ਤੋਂ ਸਖ਼ਤ ਕੰਮ 'ਕਾਗ਼ਜ਼ 'ਤੇ ਘੋਟਾ ਲਗਾਉਣਾ' ਉਨ੍ਹਾਂ ਨੂੰ ਦਿੱਤਾ ਗਿਆ। ਬਾਬਾ ਬਾਗ਼ੀ ਸਨ, ਉਹ ਜੇਲ੍ਹ ਵਿੱਚ ਕੰਮ ਕਰਨ ਦੇ ਲਈ ਨਹੀਂ ਗਏ ਸਨ। ਕੰਮ ਨਾ ਕਰਦੇ, ਇਸ ਦੇ ਲਈ ਸਜ਼ਾ ਹੁੰਦੀ। 22 ਸੇਰ ਕਣਕ ਪੀਸਣ ਦੇ ਲਈ ਦਿੱਤੀ ਜਾਂਦੀ। ਉਹ ਸ਼ਾਮ ਤੱਕ ਉਸੇ ਤਰ੍ਹਾਂ ਟੋਕਰੀ ਵਿੱਚ ਪਈ ਰਹਿੰਦੀ। ਫਿਰ ਕੈਦੀਆਂ ਲਈ ਟੋਪੀ ਪਹਿਨਣੀ ਜ਼ਰੂਰੀ ਸੀ। ਬਾਬਾ ਜੀ ਟੋਪੀ ਨਹੀਂ ਪਾਉਂਦੇ ਸਨ, ਇਸ ਉੱਤੇ ਵੀ ਸਜ਼ਾ। ਡੰਡਾ-ਬੇੜੀ, ਹੱਥਕੜੀ ਲਗਾ ਕੇ ਲਗਾਤਾਰ ਖੜ੍ਹੇ ਰੱਖਣਾ, ਆਦਿ ਜੇਲ੍ਹ ਦੀਆਂ ਸਾਰੀਆਂ ਸਜ਼ਾਵਾਂ ਮੁਲਤਾਨ ਜੇਲ੍ਹ ਦੇ ਚਾਰ ਮਹੀਨਿਆਂ ਵਿੱਚ ਭੋਗਣੀਆਂ ਪਈਆਂ।

**ਕਾਲਾਪਾਣੀ ਵਿੱਚ-** ਇਨ੍ਹਾਂ ਖ਼ਤਰਨਾਕ ਕ੍ਰਾਂਤੀਕਾਰੀਆਂ ਨੂੰ ਭਾਰਤ ਦੀਆਂ ਜੇਲ੍ਹਾਂ ਵਿੱਚ ਰੱਖਣਾ ਸਰਕਾਰ ਖ਼ਤਰੇ ਵਾਲੀ ਗੱਲ ਸਮਝਣ ਲੱਗੀ ਸੀ। ਦਸੰਬਰ 1915 ਵਿੱਚ ਉਨ੍ਹਾਂ ਨੂੰ ਅੰਡੇਮਾਨ ਭੇਜਿਆ ਗਿਆ। ਹੁਣ ਕਾਲੇਪਾਣੀ ਦਾ ਇਹ ਨਰਕਮਈ ਜੀਵਨ ਸ਼ੁਰੂ ਹੋਇਆ। ਜਿਸ ਦੇ ਲਈ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜ਼ਬਰਦਸਤ ਸੰਘਰਸ਼ ਕਰਨਾ ਪਿਆ ਅਤੇ ਆਪਣਿਆਂ ਵਿੱਚੋਂ ਅੱਠਾਂ ਦੀ ਬਲੀ ਦੇਣੀ ਪਈ। ਬਾਬਾ ਵਿਸਾਖਾ ਸਿੰਘ ਗ੍ਰੰਥ ਸਾਹਿਬ ਦੇ ਬਚਪਨ ਤੋਂ ਹੀ ਚੰਗੇ ਪਾਠਕ ਸਨ। ਸਿੱਖ ਗੁਰੂਆਂ ਅਤੇ ਹਿੰਦੂ ਸੰਤਾਂ ਦੇ ਬਹੁਤ ਸਾਰੇ ਬਚਨ ਉਨ੍ਹਾਂ ਨੂੰ ਯਾਦ ਸਨ। ਤਾਂ ਵੀ ਉਨ੍ਹਾਂ ਨੇ ਕਦੇ ਕੋਈ ਤੁਕਬੰਦੀ ਨਹੀਂ ਕੀਤੀ ਸੀ, ਪਰ ਅੰਡੇਮਾਨ ਦੀ ਨਰਕਮਈ ਯਾਤਨਾ ਨੇ ਉਨ੍ਹਾਂ ਨੂੰ ਕਵਿਤਾ ਵੀ ਲਿਖਵਾਈ। ਬਾਬੇ ਨੇ ਗਾਇਆ ਸੀ-

ਅੰਡੇਮਾਨ ਵਿੱਚ ਸੀ ਡਾਕੂ ਤਿੰਨ ਵੱਡੇ
ਸੀ.ਸੀ.=, ਮਰੀ== ਤੇ ਵਾਰੀ=== ਪਛਾਣ ਤਿੰਨੋਂ।
ਰਹੇ ਖ਼ੂਨ ਨਚੋੜ ਸੀ ਕੈਦੀਆਂ ਦਾ,
ਇੱਕ ਦੂਸਰੇ ਤੋਂ ਬੇਈਮਾਨ ਤਿੰਨੋਂ।
ਜੋ ਚਾਹੁੰਦੇ ਜ਼ੁਲਮ ਸੀ ਕਰੀ ਜਾਂਦੇ,
ਬੇਰਹਿਮ, ਬੇਤੁਖ਼ਮ, ਸ਼ੈਤਾਨ ਤਿੰਨੋਂ।
ਅੱਖੀਂ ਵੇਖਿਆ ਸੱਚ "ਵਸਾਖ" ਲਿਖਦਾ,
ਜਾਨ ਕੈਦੀਆਂ ਦੀ ਉੱਥੇ ਖਾਣ ਤਿੰਨੋਂ।

ਬਾਬਾ ਵਿਸਾਖਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਿਛਲੇ ਚਾਰ ਮਹੀਨਿਆਂ ਦੇ ਜੇਲ੍ਹ ਜੀਵਨ ਤੋਂ ਹੀ ਪਤਾ ਲੱਗ ਗਿਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਸੁਕਾ-ਸੁਕਾ ਕੇ ਮਾਰਨ ਦਾ ਇਰਾਦਾ ਬਣਾਇਆ ਗਿਆ ਹੈ। ਇਸ ਲਈ ਜਹਾਜ਼ 'ਤੇ ਹੀ ਉਨ੍ਹਾਂ ਨੇ ਤੈਅ ਕਰ ਲਿਆ ਸੀ ਕਿ ਅਸੀਂ ਅਜਿਹੇ ਜੀਵਨ ਨੂੰ ਬਰਦਾਸ਼ਤ ਨਹੀਂ ਕਰਾਂਗੇ। ਜੇਲ੍ਹ ਦੇ ਅਧਿਕਾਰੀ ਸਖ਼ਤ ਤੋਂ ਸਖ਼ਤ ਕੰਮ ਲੈਣਾ ਚਾਹੁੰਦੇ ਸਨ। ਪਰ ਇੱਥੇ ਕੰਮ ਕਰਨ ਦੇ ਲਈ ਤਿਆਰ ਕੌਣ ਸੀ? ਫਿਰ ਸਜ਼ਾਵਾਂ ਦਾ ਦੌਰ ਸ਼ੁਰੂ ਹੁੰਦਾ। ਛੇ ਮਹੀਨੇ ਬੇੜੀਆਂ ਲਾਈਆਂ ਗਈਆਂ, ਛੇ ਮਹੀਨੇ ਅੱਧੀ ਖ਼ੁਰਾਕ ਦੀ ਸਜ਼ਾ ਮਿਲੀ। ਬਾਬਾ ਜੀ ਦੇ ਅੱਠ ਸਾਥੀਆਂ ਨੂੰ ਆਪਣੀ ਆਨ 'ਤੇ ਸ਼ਹੀਦ ਹੁੰਦੇ ਵੇਖ ਕੇ ਜੇਲ੍ਹ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਦਾ ਕਿਸ ਤਰ੍ਹਾਂ ਦੇ ਆਦਮੀਆਂ ਨਾਲ਼ ਵਾਹ ਪਿਆ ਹੈ। ਕਾਲੇਪਾਣੀ ਵਿੱਚ ਵੀ ਬਾਬਾ ਜੀ ਦਾ ਭਜਨ-ਕੀਰਤਨ ਓਵੇਂ ਹੀ ਚੱਲਦਾ ਰਿਹਾ। ਗੁਰੂਆਂ ਅਤੇ ਸੰਤਾਂ ਦੀ ਬਾਣੀ ਨਾਲ਼ ਉਨ੍ਹਾਂ ਨੇ ਹਿੰਦੀ, ਉਰਦੂ ਅਤੇ ਥੋੜ੍ਹੀ ਬੰਗਲਾ ਵੀ ਪੜ੍ਹੀ।

ਕਿਸੇ ਵੀ ਸਾਥੀ 'ਤੇ ਕੋਈ ਜ਼ੁਲਮ ਹੁੰਦਾ ਤਾਂ ਸਾਰੇ ਇਕੱਠੇ ਹੋ ਕੇ ਉਸ ਦਾ ਮੁਕਾਬਲਾ ਕਰਦੇ। ਝਾਂਸੀ ਵਾਲੇ ਪਰਮਾਨੰਦ ਨੂੰ ਜ਼ਿਆਦਾ ਕੰਮ ਦਿੱਤਾ ਗਿਆ। ਉਹ ਉਸ ਨੂੰ ਪੂਰਾ ਕਿਵੇਂ ਕਰ ਸਕਦੇ ਸਨ। ਕਮਜ਼ੋਰ ਸਮਝ ਕੇ ਜੇਲਰ ਨੇ ਥੱਪੜ ਮਾਰਿਆ। ਪਰਮਾਨੰਦ ਨੇ ਵੀ ਅਜਿਹੀ ਲੱਤ ਲਗਾਈ ਕਿ ਜੇਲਰ ਕੁਰਸੀ ਤੋਂ ਹੇਠਾਂ ਜਾ ਡਿੱਗਿਆ। ਉਸ ਨੇ ਸੀਟੀ ਵਜਾਈ। ਸਿਪਾਹੀ ਦੌੜੇ ਆਏ। ਲੋਕਾਂ ਨੂੰ ਵੱਖ-ਵੱਖ ਸੈੱਲਾਂ ਵਿੱਚ ਬੰਦ ਕਰ ਦਿੱਤਾ ਗਿਆ। ਪਰਮਾਨੰਦ ਨੂੰ ਵੀਹ ਬੈਂਤਾਂ ਦੀ ਸਜ਼ਾ ਹੋਈ।

ਬੈਂਤ ਮਾਰੇ ਜਾਣ ਦੇ ਵਿਰੋਧ ਵਿੱਚ ਰਾਜ ਕੈਦੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਬਾਬਾ ਸੋਹਣ ਸਿੰਘ ਨੇ ਤਿੰਨ ਮਹੀਨੇ ਤੱਕ ਭੁੱਖ ਹੜਤਾਲ ਕੀਤੀ ਅਤੇ ਇਕ ਭੜੂਏ ਨੇਤਾ ਨੇ ਝੂਠ ਬੋਲ ਕੇ ਹੜਤਾਲ ਤੁੜਵਾ ਦਿੱਤੀ ਪਰ ਬਾਬਾ ਪ੍ਰਿਥਵੀ ਸਿੰਘ ਅਤੇ ਜਵੰਦ ਸਿੰਘ ਨੇ ਛੇ ਮਹੀਨੇ ਤੱਕ ਹੜਤਾਲ ਜਾਰੀ ਰੱਖੀ। ਇਸ ਦਾ ਇਕ ਸਿੱਟਾ ਇਹ ਹੋਇਆ ਕਿ ਹੁਣ ਤੋਂ ਰਾਜਕੈਦੀਆਂ ਨੂੰ ਬੈਂਤ ਮਾਰਨ 'ਤੇ ਰੋਕ ਲਾ ਦਿੱਤੀ ਗਈ।

ਹੁਣ ਬਾਬੇ ਦੀ ਸਿਹਤ ਉੱਤੇ ਜੇਲ੍ਹ ਦੇ ਦੁਰਵਿਹਾਰ ਅਤੇ ਮਾਰ ਕੁੱਟ ਦਾ ਅਸਰ ਹੋਣ ਲੱਗਾ ਅਤੇ ਉਹ ਅਕਸਰ ਬਿਮਾਰ ਰਹਿਣ ਲੱਗੇ। ਉਨ੍ਹਾਂ ਨੇ ਪੰਜ ਸਾਲ ਕਾਲੇਪਾਣੀ ਵਿੱਚ ਗੁਜ਼ਾਰੇ।

**ਜੇਲ੍ਹ ਤੋਂ ਬਾਹਰ ਹੋਰ ਨਜ਼ਰਬੰਦੀਆਂ-** ਨਵੇਂ ਸੁਧਾਰਾਂ ਦੇ ਮੌਕੇ 'ਤੇ ਆਪਣੀ ਉਦਾਰਤਾ ਵਿਖਾਉਣ ਲਈ ਕੁਝ ਰਾਜਕੈਦੀਆਂ ਨੂੰ ਛੱਡਣਾ ਸਰਕਾਰ ਲਈ ਜ਼ਰੂਰੀ ਸੀ। 1920 ਦੇ ਅਖੀਰ ਜਾਂ 1922 ਦੇ ਸ਼ੁਰੂ ਵਿੱਚ ਬਾਬਾ ਜੀ ਨੂੰ ਕੋਲੰਬੋ ਲਿਆ ਕੇ ਛੱਡ ਦਿੱਤਾ ਗਿਆ। ਪਰ ਏਨੇ ਨਾਲ਼ ਹੀ ਜਾਨ ਕਿੱਥੇ ਬਚਣ ਵਾਲੀ ਸੀ। ਪੁਲਿਸ ਉਨ੍ਹਾਂ ਨੂੰ ਦਦੇਹਰ ਲਿਆਈ ਅਤੇ ਉੱਥੇ ਉਹ ਨਜ਼ਰਬੰਦ ਕਰ ਦਿੱਤੇ ਗਏ। ਬਾਬਾ ਦੀ ਸਾਰੀ ਜਾਇਦਾਦ ਜ਼ਬਤ ਹੋ ਚੁੱਕੀ ਸੀ, ਅਤੇ ਹੈਰਾਨੀ ਇਹ ਹੈ ਕਿ ਅੱਜ (ਨਵੰਬਰ 1943) ਵੀ ਏਨੇ ਦਿਨਾਂ ਦੀਆਂ ਸੁਦੇਸ਼ੀ ਸਰਕਾਰਾਂ ਦੇ ਆਉਣ 'ਤੇ ਵੀ ਉਹ ਜ਼ਬਤ ਹੀ ਹਨ; ਬਾਰਦੋਲੀ ਦੀਆਂ ਜਾਇਦਾਦਾਂ ਤਾਂ ਕਦੀ ਨਾ ਪ੍ਰਾਪਤ ਹੋਈਆਂ। ਇਸ ਤੋਂ ਪਤਾ ਲੱਗਦਾ ਹੈ, 1920 ਤੋਂ ਬਾਅਦ ਵੀ ਪੰਜਾਬ ਨੂੰ ਕਿਵੇਂ ਦੀਆਂ ਸਰਕਾਰਾਂ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ।

ਦੇਸ਼ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ- ਬਾਬੇ ਦਾ ਹਿਰਦਾ ਬਹੁਤ ਕੋਮਲ ਹੈ ਅਤੇ ਆਪਣੇ ਸਾਥੀ ਸ਼ਹੀਦਾਂ ਅਤੇ ਦੇਸ਼ਭਗਤਾਂ ਦੀਆਂ ਯਾਦਾਂ ਤਾਂ ਉਨ੍ਹਾਂ ਦੇ ਲਈ ਅਨਮੋਲ ਅਮਾਨਤ ਹੈ। ਜੇਲ੍ਹ ਤੋਂ ਬਾਹਰ ਨਿਕਲਣ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇਸ਼ਭਗਤਾਂ ਦੇ ਬਾਲ-ਬੱਚੇ ਬਹੁਤ ਦੁੱਖ ਭੋਗ ਰਹੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਦੇਸ਼ ਤੋਂ ਕੁਰਬਾਨ ਕੀਤਾ, ਜਿਨ੍ਹਾਂ ਦੀ ਸਾਰੀ ਜਾਇਦਾਦ ਸਰਕਾਰ ਨੇ ਜ਼ਬਤ ਕਰ ਲਈ। ਬਾਬੇ ਦੇ ਦਿਲ ਨੂੰ ਭਾਰੀ ਠੇਸ ਲੱਗੀ। ਪਰ ਉਹ ਆਪਣੇ ਪਿੰਡ ਵਿੱਚ ਨਜ਼ਰਬੰਦ ਸਨ, ਤਾਂ ਵੀ ਉਹ ਹੱਥ ਉੱਤੇ ਹੱਥ ਰੱਖ ਕੇ ਬੈਠਣ ਲਈ ਤਿਆਰ ਨਹੀਂ ਸਨ। ਉਹ ਸਾਧੂ-ਸੰਤ ਹੈ, ਇਹ ਪਿੰਡ ਅਤੇ ਆਸ-ਪਾਸ ਦੇ ਲੋਕ ਜਾਣਦੇ ਸਨ, ਨਾਲ਼ ਹੀ ਇਹ ਵੀ ਕਿ ਉਨ੍ਹਾਂ ਨੇ ਦੇਸ਼ ਦੇ ਲਈ ਸਭ ਕੁਝ ਤਿਆਗ ਦਿੱਤਾ ਹੈ, ਫਿਰ ਉਨ੍ਹਾਂ ਦੇ ਪ੍ਰਤੀ ਲੋਕਾਂ ਦੀ ਸ਼ਰਧਾ ਕਿਉਂ ਨਾ ਹੋਵੇ? ਲੋਕ ਉਨ੍ਹਾਂ ਦੇ ਸਤਸੰਗ ਲਈ ਆਉਂਦੇ ਅਤੇ ਉਨ੍ਹਾਂ ਦੇ ਮਿੱਠੇ ਉਪਦੇਸ਼ ਨੂੰ ਸੁਣ ਕੇ ਆਪਣੇ ਜੀਵਨ ਨੂੰ ਸਫ਼ਲ ਸਮਝਦੇ। ਬਾਬੇ ਨੇ ਦੇਸ਼ਭਗਤਾਂ ਦੇ ਪਰਿਵਾਰਾਂ ਨੂੰ ਸਹਾਇਤਾ ਪਹੁੰਚਾਉਣ ਲਈ ਲੋਕਾਂ ਨੂੰ ਕਹਿਣਾ ਸ਼ੁਰੂ ਕੀਤਾ ਅਤੇ ਇਸ ਪ੍ਰਕਾਰ ਦੇਸ਼ਭਗਤ ਪਰਿਵਾਰ ਸਹਾਇਕ ਕਮੇਟੀ ਦਾ ਕੰਮ ਸ਼ੁਰੂ ਹੋਇਆ। ਬਾਬਾ ਜਦੋਂ ਅਮਰੀਕਾ ਵਿੱਚ ਸੀ, ਉਦੋਂ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਹ ਕਮੇਟੀ ਦੇ ਲੋਕਾਂ ਨੂੰ ਸਹਾਇਤਾ ਕਰਨ ਦੇ ਲਈ ਆਖਦੇ। ਬਹੁਤ ਸਾਰੇ ਲੋਕ ਡਰਦੇ ਵੀ ਸਨ, ਪਰ ਸਹਾਇਤਾ ਪਹੁੰਚਣ ਲੱਗੀ। ਦੋ ਸਾਲ ਨਜ਼ਰਬੰਦ ਰਹਿਣ ਦੇ ਬਾਅਦ ਨਜ਼ਰਬੰਦੀ ਹਟਾ ਦਿੱਤੀ ਗਈ।

ਬਾਬੇ ਨੇ ਇਕ "ਕੈਦੀ ਪਰਿਵਾਰ ਸਹਾਇਕ ਫੰਡ" ਕਾਇਮ ਕੀਤਾ। 1923 ਵਿੱਚ ਸਿੱਖ ਲੀਗ ਨੇ ਵੀ ਦਿਲਚਸਪੀ ਲੈਣੀ ਸ਼ੁਰੂ ਕੀਤੀ, ਜਿਸ 'ਤੇ ਬਾਬੇ ਨੇ ਫੰਡ ਦਾ ਪ੍ਰਬੰਧ ਉਸ ਦੇ ਹੱਥ ਵਿੱਚ ਦੇ ਦਿੱਤਾ। ਲੀਗ ਦੀ ਦ੍ਰਿਸ਼ਟੀ ਬਹੁਤ ਸੰਕੋਚੀ ਸੀ। ਉਹ ਕੰਮ ਠੀਕ ਢੰਗ ਨਾਲ਼ ਨਹੀਂ ਚਲਾ ਸਕੀ। ਬਾਬਾ ਹਿੰਦੂ-ਸਿੱਖ-ਮੁਸਲਮਾਨ ਸਾਰੇ ਦੇਸ਼ਭਗਤਾਂ ਦੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਪੱਖ ਵਿੱਚ ਸਨ। 1925 ਵਿੱਚ ਬਾਬਾ ਜੀ ਨੇ ਇਸ ਲਈ ਅੱਠ ਸੱਜਣਾਂ ਦੀ ਕਮੇਟੀ ਬਣਾਈ ਅਤੇ ਦੇਸ਼ਭਗਤ ਪਰਿਵਾਰ ਸਹਾਇਕ ਕਮੇਟੀ ਦੇ ਚੰਦੇ ਲਈ ਤਿੰਨ ਚਾਰ ਵਾਰ ਦੇਸ਼ ਦਾ ਦੌਰਾ ਕੀਤਾ। ਅਮਰੀਕਾ ਅਤੇ ਫਿਜੀ ਦੇ ਭਾਰਤੀਆਂ ਦੇ ਕੋਲ਼ ਅਪੀਲਾਂ ਕੀਤੀਆਂ। ਲੋਕਾਂ ਨੇ ਪੈਸਾ ਭੇਜਣਾ ਸ਼ੁਰੂ ਕੀਤਾ। ਇਸ ਫੰਡ ਨਾਲ਼ ਦੇਸ਼ਭਗਤਾਂ ਦੇ ਬੱਚਿਆਂ ਦੀ ਸਿੱਖਿਆ ਅਤੇ ਵਿਆਹ ਵਿੱਚ ਮਦਦ ਕੀਤੀ ਜਾਂਦੀ ਸੀ, ਰੋਜ਼ੀ-ਰੋਟੀ ਚਲਾਉਣ ਦਾ ਪ੍ਰਬੰਧ ਕੀਤਾ ਜਾਂਦਾ। ਹੁਣ ਤੱਕ ਹਜ਼ਾਰ ਤੋਂ ਵੱਧ ਪਰਿਵਾਰਾਂ ਨੂੰ ਸਹਾਇਤਾ ਪਹੁੰਚਾਈ ਜਾ ਚੁੱਕੀ ਹੈ। ਜੇਲ੍ਹ ਵਿੱਚ ਬੰਦ ਸਾਥੀਆਂ ਨਾਲ਼ ਮਿਲਣ ਅਤੇ ਉਨ੍ਹਾਂ ਦੀਆਂ ਜ਼ਰੂਰੀ ਚੀਜ਼ਾਂ ਦੇ ਪਹੁੰਚਾਣ ਉੱਤੇ ਵੀ ਪੈਸਾ ਖ਼ਰਚ ਕੀਤਾ ਗਿਆ। ਰਾਜਕੈਦੀਆਂ ਦੇ ਨਾਲ਼ ਜੇਲ੍ਹਾਂ ਵਿੱਚ ਜੋ ਦੁਰ-ਵਿਵਹਾਰ ਹੁੰਦੇ, ਉਸ ਦੇ ਵਿਰੁੱਧ ਪ੍ਰਚਾਰ ਕਰਨ ਵਿੱਚ ਵੀ ਕਮੇਟੀ ਨੇ ਬਹੁਤ ਹਿੱਸਾ ਲਿਆ। ਰਾਜਸੀ ਡਿਫੈਂਸ ਕਮੇਟੀ ਦੀ ਮਾਰਫ਼ਤ ਕਿੰਨੇ ਹੀ ਰਾਜਨੀਤਿਕ ਮੁਕੱਦਮਿਆਂ ਵਿੱਚ ਮੁਲਜ਼ਮਾਂ ਦੀ ਲੜਾਈ ਲੜੀ। ਇਸ ਕੰਮ ਵਿੱਚ ਕਮੇਟੀ ਨੇ ਅੱਠ ਹਜ਼ਾਰ ਤੋਂ ਵੀ ਵਧੇਰੇ ਰੁਪਏ ਖ਼ਰਚ ਕੀਤੇ। ਹੁਣ ਤੱਕ ਕਮੇਟੀ ਨੇ ਤਿੰਨ ਲੱਖ ਰੁਪਏ ਖ਼ਰਚ ਕੀਤੇ ਹਨ ਅਤੇ ਹੁਣ ਵੀ ਉਸ ਦਾ ਕੰਮ ਜਾਰੀ ਹੈ। ਬਾਬਾ ਇਸ ਕਮੇਟੀ ਦੀ ਜਾਨ ਹੈ। ਉਨ੍ਹਾਂ ਦੇ ਭਗਤੀ ਭਾਵ ਵਾਲੇ ਮਨ ਨੇ ਇਸ ਕਾਰਜ ਦੇ ਰੂਪ ਵਿੱਚ ਭਜਨ-ਬੰਦਗੀ ਦਾ ਇਕ ਸੱਚਾ ਤਰੀਕਾ ਪ੍ਰਾਪਤ ਕੀਤਾ। ਚੰਦਾ ਜਮ੍ਹਾਂ ਕਰਨ ਦੇ ਲਈ ਬਾਬਾ ਦੋ ਦੋ ਸਾਲ ਤੱਕ ਪਿੰਡ ਤੋਂ ਗ਼ਾਇਬ ਰਹਿੰਦੇ ਅਤੇ ਬਰਮਾ ਤੇ ਬੰਗਾਲ ਤੱਕ ਦਾ ਚੱਕਰ ਲਗਾਉਂਦੇ।

**ਸਿੱਖ ਪੰਥ ਵਿੱਚ ਸਥਾਨ-** ਰਾਜਨੀਤਿਕ ਜੀਵਨ ਦੇ ਨਾਲ਼-ਨਾਲ਼ ਬਾਬੇ ਦਾ ਧਾਰਮਿਕ ਜੀਵਨ ਵੀ ਬਹੁਤ ਵਿਆਪਕ ਹੈ। ਖ਼ਾਸ ਕਰ ਕੇ ਸਾਧਾਰਨ ਸਿੱਖ ਲੋਕ ਉਨ੍ਹਾਂ ਨੂੰ ਇਕ ਵੱਡਾ ਗੁਰੂ ਮੰਨਦੇ ਹਨ। ਅੱਜ ਆਪਣੇ ਇਸ ਭਾਵ ਨੂੰ ਜ਼ਾਹਰ ਕਰਦੇ ਹੋਏ ਲੋਕਾਂ ਨੇ ਉਨ੍ਹਾਂ ਦੇ ਜਨਮ ਸਥਾਨ ਦਦੇਹਰ ਨੂੰ ਦਦੇਹਰ ਸਾਹਿਬ (ਪਵਿੱਤਰ ਦਦੇਹਰ ਕਹਿਣਾ ਸ਼ੁਰੂ ਕੀਤਾ ਹੈ) ਦਦੇਹਰ ਤੋਂ ਕੁਝ ਦੂਰੀ 'ਤੇ ਤਰਨਤਾਰਨ ਇਕ ਪ੍ਰਸਿੱਧ ਸਿੱਖ ਤੀਰਥ ਹੈ। 1929 ਵਿੱਚ ਉੱਥੋਂ ਦੇ ਪਵਿੱਤਰ ਸਰੋਵਰ ਵਿੱਚੋਂ ਮਿੱਟੀ ਕੱਢਣ ਦੀ ਕਾਰ-ਸੇਵਾ ਸ਼ੁਰੂ ਹੋਣ ਵਾਲੀ ਸੀ। ਇਹ ਇਕ ਵੱਡਾ ਪੁੰਨ ਵਾਲਾ ਕੰਮ ਸੀ, ਜੋ ਸਾਰੇ ਪੰਥ ਵੱਲੋਂ ਹੋ ਰਿਹਾ ਸੀ। ਸਿੱਖਾਂ ਦੇ ਅਜਿਹੇ ਵੱਡੇ ਧਾਰਮਿਕ ਕੰਮ ਨੂੰ ਪੰਜ ਮੁਖੀਆਂ ਦੇ ਹੱਥੋਂ ਸ਼ੁਰੂ ਕਰਾਇਆ ਜਾਂਦਾ ਹੈ, ਜਿਨ੍ਹਾਂ ਨੂੰ ਪੰਜ ਪਿਆਰੇ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਦੀ ਪ੍ਰੀਖਿਆ ਲੈਣ ਲਈ ਇਕ ਵਾਰ ਪੰਜ ਸਿਰਾਂ ਦੀ ਕੁਰਬਾਨੀ ਮੰਗੀ ਸੀ। ਜੋ ਪੰਜ ਸਿੱਖ ਉਸ ਸਮੇਂ ਸਭ ਤੋਂ ਪਹਿਲਾਂ ਭੱਜੇ ਆਏ, ਉਨ੍ਹਾਂ ਨੂੰ ਪੰਜ ਪਿਆਰੇ ਕਿਹਾ ਗਿਆ। ਕਿਸੇ ਵੱਡੇ ਧਾਰਮਿਕ ਕਾਰਜ ਵਿੱਚ ਪੰਥ ਵੱਲੋਂ ਪੰਜ ਪਿਆਰਾ ਚੁਣਿਆ ਜਾਣਾ ਬਹੁਤ ਸਤਿਕਾਰਤ ਸਮਝਿਆ ਜਾਂਦਾ ਹੈ। 1914-15 ਵਿੱਚ ਓਡਾਇਰਸ਼ਾਹੀ ਬਾਬਾ ਵਿਸਾਖਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਉੱਤੇ ਲਟਕਾਉਣਾ ਚਾਹੁੰਦੀ ਸੀ, ਉਸ ਸਮੇਂ ਖ਼ੁਸ਼ਾਮਦੀ ਸਿੱਖ ਨੇਤਾਵਾਂ ਨੇ ਇਨ੍ਹਾਂ ਦੇ ਬਾਰੇ ਕਿਹਾ ਸੀ ਕਿ ਇਹ ਸਿੱਖ ਧਰਮ ਤੋਂ ਪਤਿਤ ਹਨ। ਪਰ 1929 ਵਿੱਚ ਤਰਨਤਾਰਨ ਗੁਰਦੁਆਰੇ ਦੀ ਕਾਰ-ਸੇਵਾ ਵਿੱਚ ਬਾਬਾ ਵਿਸਾਖਾ ਸਿੰਘ ਨੂੰ ਪੰਜ ਪਿਆਰੇ ਵਜੋਂ ਚੁਣਿਆ ਗਿਆ। ਇਹੀ ਨਹੀਂ 1932 ਤੱਕ ਪਹੁੰਚਦੇ-ਪਹੁੰਚਦੇ ਪੰਥ ਨੇ ਉਨ੍ਹਾਂ ਨੂੰ ਸਭ ਤੋਂ ਵੱਡਾ ਸਨਮਾਨ ਅੰਮ੍ਰਿਤਸਰ ਦੇ ਅਕਾਲ ਤਖ਼ਤ ਦੇ ਜੱਥੇਦਾਰ ਦਾ ਅਹੁਦਾ ਪ੍ਰਦਾਨ ਕੀਤਾ। ਅੰਮ੍ਰਿਤਸਰ ਦੇ ਅਕਾਲ ਤਖ਼ਤ ਨੂੰ ਸਿੱਖ ਸਮਝਦੇ ਹਨ ਕਿ ਇਹ ਆਪ ਪਰਮਾਤਮਾ ਦਾ ਤਖ਼ਤ ਹੈ। ਅਕਾਲੀ ਅੰਦੋਲਨ ਜਦੋਂ ਆਪਣੇ ਪੂਰੇ ਕ੍ਰਾਂਤੀਕਾਰੀ ਜੋਬਨ ਉੱਤੇ ਸੀ ਤਾਂ ਇੱਥੇ ਹੀ ਲੋਕ ਸ਼ਹੀਦੀਆਂ ਪ੍ਰਾਪਤ ਕਰਨ ਦਾ ਪ੍ਰਣ ਲੈਂਦੇ ਸਨ। ਕਿੰਨੇ ਹੀ ਸਮੇਂ ਬਾਅਦ ਬਾਬਾ ਜੀ ਨੇ ਚਾਰੇ ਪਾਸੇ ਸਰਕਾਰੀ ਖ਼ੁਸ਼ਾਮਦੀਆਂ ਨੂੰ ਵੇਖਦੇ ਹੋਏ ਅਸਤੀਫ਼ਾ ਦੇ ਦਿੱਤਾ।

ਸਿੱਖਾਂ ਵਿੱਚ ਬਾਬਾ ਵਿਸਾਖਾ ਸਿੰਘ ਦੀ ਹਰਮਨ ਪਿਆਰਤਾ ਜਿਸ ਤਰ੍ਹਾਂ ਵਧ ਰਹੀ ਸੀ ਅਤੇ ਜਿਸ ਤਰ੍ਹਾਂ ਇਹ ਦੇਸ਼ ਭਗਤਾਂ ਲਈ ਕੰਮ ਕਰ ਰਹੇ ਸਨ, ਇਸ ਨੂੰ ਵੇਖ ਕੇ ਪੰਜਾਬ ਦੀ ਨੌਕਰਸ਼ਾਹੀ ਦਾ ਸਿੰਘਾਸਣ ਡੋਲ ਗਿਆ ਅਤੇ ਉਸ ਨੇ 1933 ਵਿੱਚ ਅੰਮ੍ਰਿਤਸਰ ਵਿੱਚ ਉਨ੍ਹਾਂ ਨੂੰ ਸਾਲ ਭਰ ਤੱਕ ਨਜ਼ਰਬੰਦ ਰੱਖਿਆ ਗਿਆ। ਜਦੋਂ ਵੇਖਿਆ ਕਿ ਨਜ਼ਰਬੰਦ ਹੋਣ ਉੱਤੇ ਵੀ ਅੰਮ੍ਰਿਤਸਰ ਵਰਗੇ ਸਿੱਖ ਧਾਰਮਿਕ ਸਥਾਨਾਂ ਵਿੱਚ ਬਾਬੇ ਦੇ ਦਰਸ਼ਨ ਮਾਤਰ ਨਾਲ਼ ਹੀ ਕੰਮ ਵਧਦਾ ਜਾ ਰਿਹਾ ਹੈ, ਤਾਂ ਉਨ੍ਹਾਂ ਨੂੰ ਦਦੇਹਰ ਸਾਹਿਬ ਭੇਜ ਕੇ ਉੱਥੇ ਹੀ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਇਸ ਵਾਰ ਦੋ ਸਾਲ ਤੱਕ ਜਨਮ ਸਥਾਨ ਵਿੱਚ ਨਜ਼ਰਬੰਦ ਰਿਹਾ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਸੱਦ ਕੇ ਇਹ ਸੰਕਲਪ ਕੀਤਾ ਕਿ ਉਦੋਂ ਤੱਕ ਮੁਕੱਦਮਾ ਲੜਨ ਨਹੀਂ ਜਾਣਗੇ। ਦੋ ਸਾਲ ਤੱਕ ਪਿੰਡ ਦਾ ਇਕ ਵੀ ਮੁਕੱਦਮਾ ਅਦਾਲਤ ਵਿੱਚ ਨਹੀਂ ਗਿਆ। ਲੜਾਕੂ ਜੱਟਾਂ ਦੇ ਏਨੇ ਵੱਡੇ ਪਿੰਡ ਵਿੱਚੋਂ ਮੁਕੱਦਮੇਬਾਜ਼ੀ ਦਾ ਬਿਲਕੁਲ ਖ਼ਤਮ ਹੋਣਾ ਇੰਦਰ ਦੇ ਤਖ਼ਤ ਨੂੰ ਹਿਲਾ ਦੇਣ ਲਈ ਬਹੁਤ ਸੀ। ਨੌਕਰਸ਼ਾਹੀ ਦੀ ਅਕਲ ਟਿਕਾਣੇ ਆਈ। ਉਸ ਨੇ ਸੋਚਿਆ 24 ਘੰਟੇ ਦੇ ਲਈ ਬੁੱਢੇ ਨੂੰ ਦਦੇਹਰ ਵਿੱਚ ਬੰਦ ਰੱਖਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ। ਨਜ਼ਰਬੰਦੀ ਦਾ ਹੁਕਮ ਵਾਪਸ ਲੈ ਲਿਆ ਗਿਆ। ਇਸ ਨਜ਼ਰਬੰਦੀ ਦੇ ਸਮੇਂ ਬਾਬੇ ਨੇ ਤਰਨਤਾਰਨ ਵਿੱਚ ਦਦੇਹਰ ਵਾਲਿਆਂ ਦੀ ਸਹਾਇਤਾ ਨਾਲ਼ ਇਕ ਪੰਜ ਮੰਜ਼ਿਲਾ ਪੱਕੀ ਧਰਮਸ਼ਾਲਾ ਬਣਾਈ ਜਿਸ ਵਿੱਚ 500 ਵਿਅਕਤੀਆਂ ਦੇ ਰਹਿਣ ਦਾ ਪ੍ਰਬੰਧ ਸੀ। ਪਹਿਲਾਂ ਦਿਨ-ਤਿਉਹਾਰ ਸਮੇਂ ਜਦੋਂ ਦਦੇਹਰ ਵਾਲੇ ਤਰਨਤਾਰਨ ਜਾਂਦੇ, ਤਾਂ ਉਨ੍ਹਾਂ ਨੂੰ ਬਹੁਤ ਤਕਲੀਫ਼ਾਂ ਝੱਲਣੀਆਂ ਪੈਂਦੀਆਂ ਸਨ, ਹੁਣ ਉਨ੍ਹਾਂ ਲਈ ਅਤੇ ਦੂਸਰਿਆਂ ਲਈ ਵੀ ਆਰਾਮ ਹੋ ਗਿਆ ਸੀ।

ਵਰਤਮਾਨ ਸ਼ਤਾਬਦੀ ਵਿੱਚ ਪੰਜਾਬ ਦੇ ਸਿੱਖਾਂ ਵਿੱਚ ਪਹਿਲਾਂ ਪਹਿਲ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਕੁਰਬਾਨੀਆਂ ਨੇ ਲੋਕਾਂ ਅੰਦਰ ਨਵੀਂ ਚੇਤਨਾ ਪੈਦਾ ਕੀਤੀ ਸੀ। ਅੱਗੇ ਚੱਲ ਕੇ ਇਸੇ ਨੇ ਅਕਾਲੀ ਲਹਿਰ ਨੂੰ ਜਨਮ ਦਿੱਤਾ; ਜਿਸ ਵਿੱਚ ਵੱਡੀਆਂ-ਵੱਡੀਆਂ ਕੁਰਬਾਨੀਆਂ ਕਰਕੇ ਸਿੱਖਾਂ ਨੇ ਆਪਣੇ ਧਾਰਮਿਕ ਸਥਾਨਾਂ ਨੂੰ ਮਹੰਤਾਂ ਦੇ ਹੱਥਾਂ ਤੋਂ ਆਜ਼ਾਦ ਕਰਵਾਇਆ। ਪਰ ਜਦੋਂ ਧਾਰਮਿਕ ਸਥਾਨਾਂ ਦੀ ਕਰੋੜਾਂ ਦੀ ਸੰਪਤੀ ਉਨ੍ਹਾਂ ਦੇ ਹੱਥਾਂ ਵਿੱਚ ਆ ਗਈ ਤਾਂ ਲੀਡਰਾਂ ਵਿੱਚ ਮਾਰੋ-ਮਾਰ ਸ਼ੁਰੂ ਹੋ ਗਈ। ਸਾਰੀ ਧਾਰਮਿਕ ਸੰਪਤੀ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਇਸ ਲਈ ਹਰ ਇਕ ਨੇਤਾ ਉਸ ਉੱਤੇ ਕਬਜ਼ਾ ਕਰਨਾ ਚਾਹੁੰਦਾ ਸੀ, ਇਹ ਧਨ ਅਤੇ ਪ੍ਰਭੂਸੱਤਾ ਦਾ ਸਵਾਲ ਸੀ। 1935 ਵਿੱਚ ਸਿੱਖਾਂ ਦੀਆਂ ਦੋ ਨੇਤਾਸ਼ਾਹੀ ਪਾਰਟੀਆਂ ਵਿੱਚ ਲੜਾਈ ਬਹੁਤ ਦੂਰ ਤੱਕ ਪਹੁੰਚ ਗਈ। ਦੋਵਾਂ ਨੇ ਪੂਰੀ ਵਾਹ ਲਾ ਲਈ, ਨਿਪਟਾਰੇ ਦਾ ਕੋਈ ਰਾਹ ਨਾ ਸੁੱਝਿਆ। ਉਸ ਸਮੇਂ ਵੋਟਾਂ ਪਾ ਕੇ ਮੁਕਾਬਲਾ ਕਰਨ ਦਾ ਮਤਲਬ ਸੀ ਖ਼ੂਨ-ਖ਼ਰਾਬਾ। ਨਾਲੇ ਦੋਵੇਂ ਪਾਰਟੀਆਂ ਇਸ ਫ਼ੈਸਲੇ ਦੇ ਲਈ ਅਜਿਹੇ ਪੰਚਾਂ ਨੂੰ ਪਸੰਦ ਨਹੀਂ ਕਰਦੀਆਂ ਸਨ ਜਿਸ 'ਤੇ ਧਨ ਅਤੇ ਪ੍ਰਭੂਸੱਤਾ ਦਾ ਗੂੜ੍ਹਾ ਰੰਗ ਚੜ੍ਹ ਸਕੇ। ਉਨ੍ਹਾਂ ਨੂੰ ਬਾਬਾ ਵਿਸਾਖਾ ਸਿੰਘ ਹੀ ਪੂਰੇ ਪੰਜਾਬ ਵਿੱਚ ਅਜਿਹੇ ਸਿੱਖ ਨਜ਼ਰ ਆਏ ਜਿਨ੍ਹਾਂ ਦੀ ਸੱਚਾਈ ਅਤੇ ਨਿਡਰਤਾ ਨੂੰ ਦੁਨੀਆ ਦੀ ਕੋਈ ਸ਼ਕਤੀ ਗੁੰਮਰਾਹ ਨਹੀਂ ਕਰ ਸਕਦੀ। ਦੋਵਾਂ ਪਾਰਟੀਆਂ ਨੇ ਫ਼ੈਸਲਾ ਬਾਬਾ ਜੀ ਦੇ ਹੱਥਾਂ ਵਿੱਚ ਦੇ ਦਿੱਤਾ ਕਿ ਉਹ ਹੀ ਕੇਂਦਰੀ ਕਮੇਟੀ ਅਤੇ ਸਥਾਨਕ ਕਮੇਟੀਆਂ ਦੇ ਲਈ ਜਿਸ ਨੂੰ ਯੋਗ ਸਮਝਣ, ਉਸ ਨੂੰ ਉਮੀਦਵਾਰ ਬਣਾ ਦੇਣ। ਉਸ ਸਾਲ ਬਾਬਾ ਜੀ ਨੇ ਹੀ ਉਮੀਦਵਾਰਾਂ ਦੇ ਨਾਮ ਦਿੱਤੇ ਅਤੇ ਸਾਰੇ ਚੁਣ ਲਏ ਗਏ। 1938 ਵਿੱਚ ਗੁਰਦੁਆਰਾ ਛੇਹਰਟਾ ਦੀ ਨਵੀਂ ਇਮਾਰਤ ਦੀ ਨੀਂਹ ਰੱਖਣ ਵਾਲੇ ਪੰਜ ਪਿਆਰਿਆਂ ਵਿੱਚ ਬਾਬਾ ਜੀ ਪ੍ਰਮੁੱਖ ਸਨ।

(● ਬਾਕੀ ਸਫ਼ਾ 9 'ਤੇ)

ਨਵਾਂ ਜ਼ਮਾਨਾ
ਸ਼ਨੀਵਾਰ 20 ਸਤੰਬਰ 2025

# ਆਸਾਮ 'ਚ ਫਿਰਕੂ ਧਰੁਵੀਕਰਨ


*ਅਗਲੇ ਸਾਲ ਮਾਰਚ-ਅਪ੍ਰੈਲ ਵਿੱਚ ਆਸਾਮ ਅਸੈਂਬਲੀ ਚੋਣਾਂ ਲਈ ਭਾਜਪਾ ਨੇ ਹੁਣ ਤੋਂ ਹੀ ਫਿਰਕੂ ਧਰੁਵੀਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। 10 ਸਾਲਾਂ ਤੋਂ ਹੁਕਮਰਾਨ ਭਾਜਪਾ ਨੇ ਇੱਕ ਏ ਆਈ ਜਨਰੇਟਿਡ ਵੀਡੀਓ ਜਾਰੀ ਕਰਕੇ ਦਾਅਵਾ ਕੀਤਾ ਹੈ ਕਿ ਜੇ ਭਾਜਪਾ ਸਰਕਾਰ ਨਾ ਰਹੀ ਤਾਂ ਆਸਾਮ ਵਿੱਚ ਮੁਸਲਮਾਨਾਂ ਦੀ ਆਬਾਦੀ 90 ਫੀਸਦੀ ਹੋ ਜਾਵੇਗੀ। ਪਿਛਲੇ ਪੰਜ ਸਾਲ ਤੋਂ ਸੂਬੇ ਵਿੱਚ ਹਿਮੰਤਾ ਬਿਸਵਾ ਸਰਮਾ ਮੁੱਖ ਮੰਤਰੀ ਹਨ। ਕਾਂਗਰਸੀ ਪਿਛੋਕੜ ਵਾਲੇ ਸਰਮਾ ਇਸ ਵੇਲੇ ਫਿਰਕੂ ਜ਼ਹਿਰ ਉਗਲਣ ਦੇ ਮਾਮਲੇ 'ਚ ਟਕਸਾਲੀ ਭਾਜਪਾਈ ਆਗੂਆਂ ਨਾਲੋਂ ਵੀ ਅੱਗੇ ਹਨ। 15 ਸਤੰਬਰ ਨੂੰ ਜਾਰੀ ਵੀਡੀਓ ਦਾ ਟਾਈਟਲ ਹੈ 'ਆਸਾਮ ਵਿਦਾਊਟ ਬੀ ਜੇ ਪੀ'। ਇਸ ਵਿੱਚ ਦਿਖਾਇਆ ਗਿਆ ਹੈ ਕਿ ਜੇ ਭਾਜਪਾ ਸੱਤਾ ਵਿੱਚ ਨਾ ਰਹੀ ਤਾਂ ਮੁਸਲਮਾਨਾਂ ਦਾ ਬਹੁਮਤ ਹੋ ਜਾਵੇਗਾ, ਗੈਰਕਾਨੂੰਨੀ ਪ੍ਰਵਾਸੀ ਆਸਾਨੀ ਨਾਲ ਸਰਹੱਦ ਪਾਰ ਕਰਕੇ ਆ ਜਾਣਗੇ, ਹਿੰਦੂ ਆਪਣੀ ਜ਼ਮੀਨ ਗੁਆ ਲੈਣਗੇ, ਚਾਹ ਬਾਗਾਂ, ਹਵਾਈ ਅੱਡਿਆਂ ਅਤੇ ਸਟੇਡੀਅਮਾਂ 'ਚ ਬੁਰਕੇ ਵਾਲੀਆਂ ਤੇ ਟੋਪੀਆਂ ਵਾਲੇ ਦਿਖਾਈ ਦੇਣਗੇ ਅਤੇ ਗਊ ਮਾਸ ਦੀ ਵਿਕਰੀ ਕਾਨੂੰਨੀ ਬਣਾ ਦਿੱਤੀ ਜਾਵੇਗੀ। ਵੀਡੀਓ ਵਿੱਚ ਇਹ ਵੀ ਕਿਹਾ ਗਿਆ ਹੈ 'ਅਸੀਂ ਪੈਜਾਨ ਦੇ ਇਸ ਸੁਫਨੇ ਨੂੰ ਸਾਕਾਰ ਨਹੀਂ ਹੋਣ ਦੇ ਸਕਦੇ'। ਪੈਜਾਨ ਮਤਲਬ ਪਾਕਿਸਤਾਨੀ ਗੁਰਗਾ। ਇਹ ਇਸ਼ਾਰਾ ਕਾਂਗਰਸ ਆਗੂ ਗੌਰਵ ਗੋਗੋਈ ਵੱਲ ਹੈ, ਜਿਨ੍ਹਾ ਦੀ ਪਤਨੀ ਅੰਗਰੇਜ਼ ਹੈ ਅਤੇ ਉਹ ਕੌਮਾਂਤਰੀ ਜਲਵਾਯੂ ਪ੍ਰੋਜੈਕਟ 'ਤੇ ਕੰਮ ਕਰਦਿਆਂ ਇੱਕ ਵਾਰ ਪਾਕਿਸਤਾਨ ਗਈ ਸੀ। ਸਰਮਾ ਗੋਗੋਈ ਜੋੜੇ ਨੂੰ ਆਈ ਐੱਸ ਆਈ ਦੇ ਏਜੰਟ ਤੱਕ ਕਹਿੰਦੇ ਹਨ।*

*ਅਸਲ ਵਿੱਚ ਇਹ ਵੀਡੀਓ ਡਬਲ ਇੰਜਣ ਸਰਕਾਰ ਦੀਆਂ 10 ਸਾਲਾਂ ਦੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਹੈ। ਗਰੀਬੀ ਦੇ ਮਾਮਲੇ ਵਿੱਚ ਆਸਾਮ ਦੇਸ਼ ਦਾ ਸੱਤਵਾਂ ਸਭ ਤੋਂ ਗਰੀਬ ਰਾਜ ਹੈ, ਜਿੱਥੇ 32.07 ਫੀਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਪ੍ਰਤੀ ਵਿਅਕਤੀ ਆਮਦਨ ਸਾਲਾਨਾ 1,54,221 ਰੁਪਏ ਹੈ, ਜੋ ਕੌਮੀ ਔਸਤ 1,72,000 ਰੁਪਏ ਨਾਲੋਂ ਘੱਟ ਹੈ। ਆਸਾਮ ਇਸ ਮਾਮਲੇ ਵਿੱਚ ਦੇਸ਼ 'ਚ ਵੀਹਵੇਂ ਸਥਾਨ 'ਤੇ ਹੈ। ਸਾਖਰਤਾ ਦਰ 72.2 ਫੀਸਦੀ ਹੈ, ਜਦਕਿ ਕੌਮੀ ਦਰ 74 ਫੀਸਦੀ ਹੈ। ਨੀਤੀ ਆਯੋਗ ਆਸਾਮ ਨੂੰ ਸਿੱਖਿਆ ਵਿੱਚ ਡੀ ਗਰੇਡ ਵਿੱਚ ਰੱਖਦਾ ਹੈ। ਉਸ ਦਾ 36 ਵਿੱਚੋਂ 27ਵਾਂ ਰੈਂਕ ਹੈ। ਬੇਰੁਜ਼ਗਾਰੀ 10 ਫੀਸਦੀ ਹੈ, ਜਦਕਿ ਕੌਮੀ ਔਸਤ 4.9 ਫੀਸਦੀ ਹੈ। ਸੂਬੇ ਵਿੱਚ 21 ਲੱਖ ਤੋਂ ਵੱਧ ਸਿੱਖਿਅਤ ਬੇਰੁਜ਼ਗਾਰ ਹਨ। ਇਨ੍ਹਾਂ ਪ੍ਰਸਥਿਤੀਆਂ ਵਿੱਚ ਲੋਕ ਸਰਕਾਰ ਤੋਂ ਬਹੁਤ ਦੁਖੀ ਹਨ। ਬ੍ਰਹਮਪੁੱਤਰ ਨਦੀ ਵੱਲੋਂ ਹੜ੍ਹਾਂ ਨਾਲ ਮਚਾਈ ਜਾਂਦੀ ਤਬਾਹੀ ਨੂੰ ਰੋਕਣ ਵਿੱਚ ਸਰਕਾਰ ਦੀ ਨਾਕਾਮੀ ਕਾਰਨ ਕਿਸਾਨ ਹਰ ਸਾਲ ਵੱਡੀ ਮਾਰ ਝੱਲਦੇ ਹਨ। ਇਹ ਨਦੀ 40 ਲੱਖ ਲੋਕਾਂ ਨੂੰ ਪ੍ਰਭਾਵਤ ਕਰਦੀ ਹੈ। ਸੂਬੇ ਦੇ ਛੇ ਕਬਾਇਲੀ ਭਾਈਚਾਰੇ ਕਬਾਇਲੀ ਰੁਤਬੇ ਦੀ ਕਾਫੀ ਚਿਰ ਤੋਂ ਮੰਗ ਕਰ ਰਹੇ ਹਨ, ਪਰ ਸਰਕਾਰ ਨੇ ਵਾਅਦਾ ਕਰਕੇ ਵੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ*

*। ਇਨ੍ਹਾਂ ਹਾਲਤਾਂ ਵਿੱਚ ਭਾਜਪਾ ਨੇ ਸੱਤਾ 'ਤੇ ਕਬਜ਼ਾ ਬਣਾਈ*

# ਪਰਜਾ ਮੰਡਲੀ ਨਾਇਕ-ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ

**ਪ੍ਰਦੀਪ ਸੱਪਲ ਲੌਂਗੋਵਾਲ**



ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਨੇ ਆਪਣੇ ਜੀਵਨ ਦੇ ਸੁਨਹਿਰੀ 30 ਵਰ੍ਹੇ ਰਜਵਾੜਾਸ਼ਾਹੀ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਲੜਦਿਆਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ, ਜਲਾਵਤਨੀਆਂ ਅਤੇ ਰੂਪੋਸ਼ੀਆਂ ਵਿੱਚ ਬਿਤਾਏ। ਇਸ ਤੋਂ ਇਲਾਵਾ ਜੁਰਮਾਨਿਆਂ ਦੇ ਇਵਜ਼ ਵਜੋਂ ਸਾਰੀ ਜ਼ਮੀਨ-ਜਾਇਦਾਦ ਕੁਰਕ ਕਰਵਾਈ। ਆਪ ਦਾ ਜਨਮ ਰਿਆਸਤ ਪਟਿਆਲਾ, ਵਰਤਮਾਨ ਜ਼ਿਲ੍ਹਾ ਸੰਗਰੂਰ (ਪੰਜਾਬ) ਦੇ ਇਤਿਹਾਸਕ ਪਿੰਡ ਲੌਂਗੋਵਾਲ ਵਿਖੇ 1896 ਵਿੱਚ ਪਿਤਾ ਰੂੜ ਸਿੰਘ ਅਤੇ ਮਾਤਾ ਬੌਸ ਦੇ ਘਰ ਹੋਇਆ। ਆਪ ਦਾ ਬਚਪਨ ਦਾ ਨਾਂਅ ਇੰਦਰ ਸਿੰਘ ਸੀ। 18 ਸਾਲ ਦੀ ਉਮਰ ਵਿੱਚ ਆਪ ਆਪਣੇ ਪਿਤਾ ਵਾਂਗ ਫੌਜ ਵਿੱਚ ਭਰਤੀ ਹੋ ਗਏ। ਆਪ ਜੀ ਨੇ ਬਰਮਾ ਵਿਖੇ ਪਹਿਲੀ ਸੰਸਾਰ ਜੰਗ ਵਿੱਚ ਭਾਗ ਲਿਆ। ਆਪ ਦੀ ਚੇਤਨ ਬੁੱਧੀ ਨੇ ਇਹ ਅਨੁਭਵ ਕੀਤਾ ਕਿ ਅਸੀਂ ਅੰਗਰੇਜ਼ੀ ਫੌਜ ਵਿੱਚ ਕੰਮ ਕਰਕੇ ਅੰਗਰੇਜ਼ ਸਾਮਰਾਜ ਦੀਆਂ ਜੜ੍ਹਾਂ ਹੋਰ ਡੂੰਘੀਆਂ ਕਰ ਰਹੇ ਹਾਂ। ਆਪ 1916 ਵਿੱਚ ਅੰਗਰੇਜ਼ੀ ਫੌਜ ਵਿੱਚੋਂ ਭਗੌੜੇ ਹੋ ਗਏ। ਰਸਾਲੇ ਵਿੱਚੋਂ ਬਾਗੀ ਹੋ ਜਾਣ ਕਾਰਨ ਆਪ ਦੇ ਵਾਰੰਟ ਜਾਰੀ ਹੋ ਗਏ। ਆਪ ਨੇ ਆਪਣਾ ਨਾਂਅ ਇੰਦਰ ਸਿੰਘ ਤੋਂ ਬਦਲ ਕੇ ਭਗਵਾਨ ਸਿੰਘ ਰੱਖ ਲਿਆ ਅਤੇ ਆਪ ਸਾਧ ਦਾ ਭੇਸ਼ ਵਟਾ ਕੇ ਨੇਪਾਲ ਦੇ ਰਸਤੇ ਰਾਹੀਂ ਭਾਰਤ ਪੁੱਜੇ। ਸਾਧ ਦੇ ਭੇਸ਼ ਵਿੱਚ ਹੀ ਪਰਾਗ ਰਾਜ (ਅਲਾਹਾਬਾਦ) ਆ ਕੇ ਰਹਿਣ ਲੱਗ ਪਏ। ਆਪ ਏਨੇ ਜੋਸ਼ੀਲੇ ਸਨ ਕਿ ਆਪ ਨੇ ਇੱਥੇ ਇੱਕ ਅੰਗਰੇਜ਼ ਅਫ਼ਸਰ ਨੂੰ ਕੁੱਟ ਧਰਿਆ। ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪ ਦੇ ਕੇਸ ਦੀ ਪੈਰਵੀ ਪੰਡਤ ਮੋਤੀ ਲਾਲ ਨਹਿਰੂ ਨੇ ਕੀਤੀ। ਇਸ ਕੇਸ ਵਿੱਚ ਆਪ ਨੂੰ 9 ਮਹੀਨੇ ਕੈਦ ਹੋਈ, ਜੋ ਆਪ ਨੇ ਨੈਣੀ ਜੇਲ੍ਹ ਵਿਚ ਕੱਟੀ। ਜਦੋਂ ਆਪ ਇਹ ਕੈਦ ਕੱਟ ਕੇ ਬਾਹਰ ਆਏ ਤਾਂ ਉਸ ਸਮੇਂ ਗੁਰਦੁਆਰਾ ਸੁਧਾਰ ਲਹਿਰ (1921-1925) ਪੂਰੇ ਜ਼ੋਰਾਂ 'ਤੇ ਸੀ। ਆਪ ਇਸ ਲਹਿਰ ਵਿੱਚ ਕੁੱਦ ਪਏ ਅਤੇ ਇੱਕ ਉੱਘੇ ਰਾਜਸੀ ਵਰਕਰ ਬਣ ਗਏ। 24 ਮਈ 1922 ਨੂੰ ਸ਼ੇਰਪੁਰ (ਪਟਿਆਲਾ ਰਿਆਸਤ) ਵਿਖੇ ਇੱਕ ਜੋਸ਼ੀਲੀ ਤਕਰੀਰ ਕਰਨ ਬਦਲੇ ਆਪ ਨੂੰ ਦੋ ਸਾਲ ਦੀ ਕੈਦ ਅਤੇ ਇੱਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

ਹੀਰੋਂ ਕਲਾਂ, ਤਹਿਸੀਲ ਮਾਨਸਾ, ਜਿਲ੍ਹਾ ਬਰਨਾਲਾ (ਉਸ ਸਮੇਂ) ਦੇ ਗੁਰਦੁਆਰੇ ਦੇ ਮਹੰਤ ਭਗਵਾਨ ਦਾਸ ਤੋਂ ਗੁਰਦੁਆਰੇ ਨੂੰ ਮੁਕਤ ਕਰਵਾਉਣ ਲਈ ਤਕੜੀ ਐਜੀਟੇਸ਼ਨ ਕੀਤੀ ਅਤੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ। ਮਹੰਤ ਅੰਗਰੇਜ਼ਾਂ ਦਾ ਪਿੱਠੂ ਸੀ (20 ਮਾਰਚ 1928 ਦੀ ਸੀ ਐੱਲ ਡੀ ਰਿਪੋਰਟ ਦੀ ਮਦ 4)। ਭਾਰੀ ਪੁਲਸ ਫੋਰਸ ਨਾਲ ਆਪ ਨੂੰ 22 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਸਪੈਸਲ ਬੈਂਚ ਮਾਨਸਾ ਵੱਲੋਂ ਇਸ ਕੇਸ ਵਿੱਚ ਆਪ ਨੂੰ 17 ਸਾਲ ਦੀ ਕੈਦ ਅਤੇ 250 ਰੁਪਏ ਜੁਰਮਾਨਾ ਕੀਤਾ ਗਿਆ, ਜਿਸ ਵਿੱਚੋਂ ਆਪ ਨੂੰ ਡੇਢ ਸਾਲ ਸਜ਼ਾ ਭੁਗਤਣੀ ਗਈ ਅਤੇ ਬਾਕੀ ਮੁਆਫ ਹੋ ਗਈ। ਆਪ ਰਿਹਾਅ ਹੋ ਕੇ 21 ਅਪ੍ਰੈਲ 1923 ਨੂੰ ਆਏ ਹੀ ਸਨ ਕਿ ਆਪਣੇ ਹੀ ਪਿੰਡ ਲੌਂਗੋਵਾਲ ਵਿੱਚ ਇੱਕ ਜੋਸ਼ੀਲੀ ਤਕਰੀਰ ਕਰਨ ਬਦਲੇ ਆਪ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਇਸ ਕੇਸ ਵਿੱਚ ਆਪ ਨੂੰ 3 ਸਾਲ ਕੈਦ ਅਤੇ 500 ਰੁਪਏ ਜੁਰਮਾਨਾ ਹੋਇਆ। ਜੁਲਾਈ 1924 ਵਿਚ ਆਪ ਜੀ ਜਾਇਦਾਦ ਵੀ ਜ਼ਬਤ ਕਰ ਲਈ ਗਈ।ਇਹ ਕੈਦ ਆਪ ਨੇ ਬਠਿੰਡਾ ਜੇਲ੍ਹ ਵਿੱਚ ਕੱਟੀ।

1925 ਵਿੱਚ ਗੁਰਦੁਆਰਾ ਐਕਟ ਬਣਨ 'ਤੇ ਆਪ ਨੂੰ ਰਿਹਾਅ ਕੀਤਾ ਗਿਆ।ਆਪ ਨੇ ਰਿਹਾਅ ਹੋ ਕੇ ਸੇਵਾ ਸਿੰਘ ਠੀਕਰੀਵਾਲਾ ਨੂੰ ਰਿਹਾਅ ਕਰਵਾਉਣ ਲਈ ਰਿਆਸਤ ਵਿੱਚ ਇੱਕ ਜ਼ਬਰਦਸਤ ਮੁਹਿੰਮ ਚਲਾ ਦਿੱਤੀ।11 ਜੁਲਾਈ 1926 ਨੂੰ ਆਪ ਜ਼ਿਲ੍ਹਾ ਮੈਜਿਸਟ੍ਰੇਟ ਸੁਨਾਮ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਪਿੰਡ ਵਿੱਚੋਂ ਇੱਕ ਜਥਾ ਲੈ ਕੇ ਨੰਗਲ ਪੁੱਜੇ।ਮਈ 1926 ਵਿੱਚ ਮੁੰਬਈ ਵਿਖੇ ਆਪ ਰਿਆਸਤ ਪਟਿਆਲਾ ਵੱਲੋਂ ਆਲ ਇੰਡੀਆ ਸਟੇਟ ਪੀਪਲਜ਼ ਕਾਨਫਰੰਸ ਵਿੱਚ ਡੈਲੀਗੇਟ ਦੇ ਤੌਰ 'ਤੇ ਭੇਜੇ ਗਏ। ਇੱਥੇ ਹੀ ਆਪ ਨੇ ਪੰਜਾਬ ਰਿਆਸਤੀ ਪਰਜਾ ਮੰਡਲ ਕਾਇਮ ਕਰਨ ਦਾ ਮਨ ਬਣਾ ਲਿਆ ਅਤੇ ਇਸ ਦਾ ਫੈਸਲਾ ਬਰਨਾਲਾ ਨੇੜੇ ਸੇਖੋਂ ਦੇ ਬਾਹਰ ਰੇਲ ਦੇ ਪੁਲ 'ਤੇ ਹੋਈ ਗੁਪਤ ਮੀਟਿੰਗ ਵਿਚ ਲਿਆ ਗਿਆ। ਆਪ ਅਤੇ ਆਪ ਦੇ ਹੋਰ ਸਾਥੀਆਂ ਦੀਆਂ ਅਣਥੱਕ ਕੋਸ਼ਿਸਾਂ ਨਾਲ 17 ਜੁਲਾਈ 1928 ਨੂੰ ਮਾਨਸਾ ਵਿਖੇ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ ਕੀਤੀ ਗਈ।ਇਸ ਇਕੱਠ ਵਿੱਚ ਸ਼ਾਮਲ ਹਜ਼ਾਰਾਂ ਦੇਸ਼ ਭਗਤ ਕਾਰਕੁਨਾਂ ਨੇ ਆਪ ਜੀ ਨੂੰ ਇਸ ਦਾ ਜਨਰਲ ਸਕੱਤਰ ਅਤੇ ਸੇਵਾ ਸਿੰਘ ਠੀਕਰੀਵਾਲਾ, ਜੋ ਉਸ ਸਮੇਂ ਜੇਲ੍ਹ ਵਿੱਚ ਸਨ, ਨੂੰ ਪ੍ਰਧਾਨ ਬਣਾਇਆ। ਜਸਵੰਤ ਸਿੰਘ ਦਾਨੇਵਾਲੀਆ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ। ਆਪ ਉਸ ਕਾਨਫਰੰਸ ਵਿੱਚ ਸ਼ਾਮਲ ਨਹੀਂ ਸਨ, ਕਿਉਂਕਿ ਗ੍ਰਿਫਤਾਰੀ ਦੇ ਵਾਰੰਟਾਂ ਕਾਰਨ ਆਪ ਰੂਪੋਸ ਸਨ। ਰੂਪੋਸ ਰਹਿੰਦੇ ਹੋਏ ਆਪ ਨੇ ਲੋਕਾਂ ਨੂੰ ਰਿਆਸਤੀ ਪਰਜਾ ਮੰਡਲ ਦੇ ਝੰਡੇ ਹੇਠ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਲਗਾਤਾਰ ਨਜ਼ਰਬੰਦੀ ਦੇ ਖਿਲਾਫ਼ ਆਪ ਜੀ ਦੀ ਅਗਵਾਈ ਹੇਠ 1928 ਵਿਚ ਠੀਕਰੀਵਾਲਾ ਵਿਖੇ ਬਹੁਤ ਵੱਡਾ ਦੀਵਾਨ ਹੋਇਆ, ਜਿਸ ਵਿਚ ਆਪ ਨੇ ਸਾਈਮਨ ਕਮਿਸ਼ਨ, ਅੰਗਰੇਜ਼ ਸਰਕਾਰ ਅਤੇ ਰਿਆਸਤੀ ਰਾਜਿਆ ਖਿਲਾਫ਼ ਸਖ਼ਤ ਭਾਸ਼ਣ ਦਿੱਤਾ।

18 ਅਪ੍ਰੈਲ 1928 ਨੂੰ ਭਾਰਤੀ ਨੈਸ਼ਨਲ ਕਾਂਗਰਸ ਦੇ ਕਲਕੱਤਾ ਸਲਾਨਾ ਸਮਾਗਮ ਸਮੇਂ ਹੋਈ ਸਰਬ-ਭਾਰਤੀ ਰਿਆਸਤੀ ਕਾਨਫਰੰਸ ਵਿਚ ਆਪ ਨੇ ਨੁਮਾਇੰਦਗੀ ਕੀਤੀ। ਆਪ ਜੀ ਦੀ ਅਗਵਾਈ ਹੇਠ ਮਹਾਰਾਜਾ ਪਟਿਆਲਾ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਵਾਇਸਰਾਏ ਹਿੰਦ ਨੂੰ ਮੈਮੋਰੰਡਮ ਪੇਸ਼ ਕੀਤਾ ਗਿਆ। 17 ਦਸੰਬਰ 1929 ਨੂੰ ਪਰਜਾ ਮੰਡਲ ਦਾ ਪਹਿਲਾ ਸੈਸ਼ਨ ਬਰੈਡਲੇ ਹਾਲ ਲਾਹੌਰ ਵਿਖੇ ਹੋਇਆ, ਜਿਸ ਵਿੱਚ ਆਪ ਨੂੰ ਦੁਬਾਰਾ ਜਨਰਲ ਸਕੱਤਰ ਚੁਣਿਆ ਗਿਆ। 2 ਸਤੰਬਰ 1931 ਨੂੰ ਦਿੱਲੀ ਵਿਖੇ ਹੋਈ ਛੂਤ-ਛਾਤ ਵਿਰੋਧੀ ਕਾਨਫਰੰਸ ਦੇ ਆਪ ਮੁੱਖ ਬੁਲਾਰਿਆਂ ਵਿਚੋਂ ਸਨ। ਅੰਮ੍ਰਿਤਸਰ ਵਿਖੇ ਊਧਮ ਸਿੰਘ ਆਪ ਦੇ ਕਾਫੀ ਸੰਪਰਕ ਵਿਚ ਰਿਹਾ। ਪਰਜਾ ਮੰਡਲ ਦੇ ਇਤਿਹਾਸਕ ਲੁਧਿਆਣਾ ਸੈਸ਼ਨ ਦੀ ਕਾਮਯਾਬੀ ਵੀ ਬਹੁਤੀ ਆਪ ਜੀ ਦੇ ਯਤਨਾਂ ਕਾਰਨ ਹੀ ਸੀ। ਆਪ ਦੀ ਅਗਵਾਈ ਹੇਠ ਪਰਜਾ ਮੰਡਲ ਨੇ ਅਖ਼ਬਾਰ ਕੱਢਣੇ ਸ਼ੁਰੂ ਕੀਤੇ। ਉਰਦੂ ਵਿੱਚ 'ਰਿਆਸਤੀ ਦੁਨੀਆਂ', ਜਿਸ ਦੇ ਸੰਪਾਦਕ ਤਾਲਿਬ ਹੁਸੈਨ ਸਨ ਅਤੇ ਪੰਜਾਬੀ ਵਿੱਚ 'ਦੇਸ਼ ਦਰਦੀ' ਜਿਸ ਦੇ ਸੰਪਾਦਕ ਸਰਦਾਰਾ ਸਿੰਘ ਯੂਥਪ ਸਨ। 2 ਮਾਰਚ 1932 ਨੂੰ ਮੈਮੋਰੰਡਮ ਦੀਆਂ ਕਾਪੀਆਂ ਉਛਾਲਦੇ ਹੋਏ ਭਾਰੀ ਜਥੇ ਨਾਲ ਆਪ ਨੇ ਦਿੱਲੀ ਦੀਆਂ ਸੜਕਾਂ 'ਤੇ ਮੁਜ਼ਾਹਰਾ ਕੀਤਾ। ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 6 ਅਪ੍ਰੈਲ 1932 ਨੂੰ ਰਿਹਾਅ ਕੀਤਾ ਗਿਆ।

ਜੁਲਾਈ 1932 ਦੇ ਆਰੰਭ ਵਿੱਚ ਆਪ ਜੀ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਖੇ ਇਕ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ, ਜਿਸ ਨਾਲ ਬ੍ਰਿਟਿਸ਼ ਸਰਕਾਰ ਅਤੇ ਮਹਾਰਾਜਾ ਪਟਿਆਲਾ ਹਿਲ ਗਏ। ਸਰਕਾਰ ਨੇ ਇੱਕ ਵਿਸ਼ੇਸ਼ ਸਰਕੂਲਰ ਰਾਹੀਂ ਆਪ ਜੀ ਨੂੰ ਅੰਮ੍ਰਿਤਸਰ ਛੱਡ ਜਾਣ ਦਾ ਹੁਕਮ ਦਿੱਤਾ।

25 ਮਾਰਚ 1933 ਨੂੰ ਆਪ ਦੀ ਅਗਵਾਈ ਹੇਠ ਫਿਰ ਇੱਕ ਜਥੇ ਨੇ ਦਿੱਲੀ ਦੇ ਬਾਜ਼ਾਰਾਂ ਵਿੱਚ ਜ਼ਬਰਦਸਤ ਮੁਜ਼ਾਹਰਾ ਕੀਤਾ। ਇਸ ਉਪਰੰਤ ਪਰਜਾ ਮੰਡਲ ਦਾ ਅਜਲਾਸ ਹੋਇਆ ਜਿਸ ਦੀ ਪ੍ਰਧਾਨਗੀ ਏ.ਵੀ ਪਟਵਰਧਨ ਪੂਨਾ ਨੇ ਕੀਤੀ। ਆਪ ਨੇ ਜੋਸ਼ੀਲੀ ਤਕਰੀਰ ਕਰਦਿਆਂ ਰਾਜਿਆਂ-ਮਹਾਰਾਜਿਆਂ ਦੀ ਕੋਈ ਤਸਵੀਰ ਪੇਸ਼ ਕੀਤੀ। ਇਸ ਵਿੱਚ ਮਹਾਰਾਜਾ ਪਟਿਆਲਾ ਨੂੰ ਗੱਦੀ ਤੋਂ ਉਤਾਰਨ, ਨਾਰਨੌਲ ਜੇਲ੍ਹ ਦੇ ਭੁੱਖ ਹੜਤਾਲੀਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਪੁਲਸ ਤਸ਼ੱਦਦ ਦੀ ਪੜਤਾਲ ਕਰਨ ਲਈ ਮਤੇ ਪਾਸ ਕੀਤੇ ਗਏ। ਮਤੇ ਆਪ ਨੇ ਪੇਸ਼ ਕੀਤੇ ਅਤੇ ਇੱਥੇ ਹੀ ਆਪ ਨੂੰ ਛੇਵੀਂ ਵਾਰ ਪਰਜਾ ਮੰਡਲ ਦਾ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣਿਆ ਗਿਆ। 1933 ਦੇ ਅੰਤ ਵਿੱਚ ਆਪ ਨੂੰ ਰਿਆਸਤੀ ਇਲਾਕੇ ਵਿੱਚ ਲਿਆ ਕੇ ਧੋਖੇ ਨਾਲ ਗ੍ਰਿਫਤਾਰ ਕੀਤਾ ਗਿਆ।ਆਪ ਨੂੰ 22 ਸਾਲ ਦੀ ਕੈਦ ਅਤੇ 900 ਰੁਪਏ ਜੁਰਮਾਨਾ ਕੀਤਾ ਗਿਆ। ਫੈਸਲਾ ਸੁਣਾ ਕੇ ਆਪ ਨੂੰ 14 ਨਵੰਬਰ 1934 ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ।ਇੱਥੇ ਆਪ 11 ਦਿਨ ਭੁੱਖ ਹੜਤਾਲ 'ਤੇ ਵੀ ਰਹੇ।

ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਮੌਤ ਤੋਂ ਬਾਅਦ ਮਹਾਰਾਜਾ ਪਟਿਆਲਾ ਨੇ ਮਾਸਟਰ ਤਾਰਾ ਸਿੰਘ ਅਤੇ ਹਰਚੰਦ ਸਿੰਘ ਜੇਜੀ ਨਾਲ ਸਮਝੌਤਾ (1935) ਕਰ ਲਿਆ। ਇਸ ਸਮਝੌਤੇ ਤਹਿਤ ਆਪ ਨੂੰ ਬਾਕੀ ਪਰਜਾ ਮੰਡਲੀਆਂ ਨਾਲ ਜਨਵਰੀ 1936 ਨੂੰ ਰਿਹਾਅ ਕਰ ਦਿੱਤਾ ਗਿਆ। ਆਪ ਨੇ ਇਸ ਸਮਝੌਤੇ ਦਾ ਵਿਰੋਧ ਕੀਤਾ। 25-26 ਮਾਰਚ 1937 ਨੂੰ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ 'ਤੇ ਅਤੇ 10 ਅਕਤੂਬਰ 1940 ਨੂੰ ਸੰਗਰੂਰ ਵਿਖੇ ਪਰਜਾ ਮੰਡਲ ਦਾ ਬਹੁਤ ਵੱਡਾ ਇਕੱਠ ਕਰਕੇ ਆਪ ਨੇ ਜੇਜੀ ਧੜੇ ਦੇ ਕੂੜ ਦਾ ਭਾਂਡਾ ਭੰਨਿਆ। ਰਿਆਸਤ ਨੇ ਆਪ ਨੂੰ ਰਿਆਸਤ ਛੱਡਣ ਦਾ ਨੋਟਿਸ ਦਿੱਤਾ। ਆਪ ਦਿੱਲੀ ਚਲੇ ਗਏ। ਬਾਅਦ ਵਿੱਚ ਇੱਕ ਕੇਸ ਵਿਚ ਆਪ ਨੂੰ ਮੁਲਤਾਨ ਜੇਲ੍ਹ ਭੇਜ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ ਬਾਅਦ ਆਪ ਆਪਣੇ ਪਿੰਡ ਆ ਗਏ।

1 ਨਵੰਬਰ 1942 ਨੂੰ ਆਪ ਨੇ ਲੌਂਗੋਵਾਲ ਵਿਖੇ ਬਹੁਤ ਵੱਡੀ ਕਾਨਫਰੰਸ ਕੀਤੀ, ਜਿਸ ਕਾਰਨ ਆਪ ਨੂੰ 2 ਸਾਲ ਲਈ ਪਿੰਡ ਵਿੱਚ ਹੀ ਨਜਰਬੰਦ ਕਰ ਦਿੱਤਾ ਗਿਆ। ਆਪ ਨੂੰ ਟੀ ਬੀ ਦੀ ਬਿਮਾਰੀ ਹੋ ਗਈ। ਨਜ਼ਰਬੰਦੀ ਦੌਰਾਨ ਹੀ ਪੁਲਸ ਨੂੰ ਚਕਮਾ ਦੇ ਕੇ ਆਪ ਪੈਦਲ ਤੁਰ ਕੇ 13 ਅਪ੍ਰੈਲ 1944 ਨੂੰ ਤਲਵੰਡੀ ਸਾਬੋ ਪਹੁੰਚੇ, ਜਿੱਥੇ ਆਪ ਨੇ ਪਰਜਾ ਮੰਡਲ ਦੀ ਸਟੇਜ ਲਾ ਕੇ ਲੋਕਾਂ ਨੂੰ ਜਾਗ੍ਰਿਤ ਕੀਤਾ।

ਅੰਤ ਇਹ ਨਿਡਰ, ਜੋਸ਼ੀਲੇ ਅਤੇ ਸੱਚੇ-ਸੁੱਚੇ ਦੇਸ਼ ਭਗਤ 18 ਸਤੰਬਰ 1944 ਨੂੰ ਰਿਆਸਤੀ ਨਿਕਾਲਿਆਂ, ਪੁਲਸ ਤਸ਼ੱਦਦ, ਜੇਲ੍ਹਾਂ ਦੀਆਂ ਨਜਰਬੰਦੀਆਂ ਅਤੇ ਰੂਪੋਸ਼ੀਆਂ ਕਾਰਨ ਹੋਈ ਟੀ ਬੀ. ਨਾਲ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਲੌਂਗੋਵਾਲ ਵਿਖੇ ਸ਼ਹੀਦ ਹੋ ਗਏ। ਆਪ ਦਾ ਸਮੁੱਚਾ ਜੀਵਨ ਹੀ ਸੰਘਰਸ਼ਾਂ ਦੀ ਗਾਥਾ ਹੈ, ਜਿਸ ਨੂੰ ਸ਼ਬਦਾਂ ਵਿੱਚ ਪ੍ਰਗਟ ਕਰਨਾ ਅਸੰਭਵ ਜਾਪਦਾ ਹੈ। ਆਪ ਜੀ ਦੀ ਹਮਸ਼ਵਰ (ਪਤਨੀ) ਦੇਸ਼ ਭਗਤ ਧਰਮ ਕੌਰ, ਜਿਹਨਾ ਨੇ ਹਰ ਸੰਘਰਸ਼ ਵਿਚ ਆਪ ਜੀ ਦਾ ਸਹਿਯੋਗ ਦਿੱਤਾ, ਇਸ ਸੰਸਾਰ ਤੋਂ ਰੁਖਸਤ ਕਰ ਗਈ ਹੈ।ਉਹਨਾ ਵੀ ਆਪ ਜੀ ਨਾਲ ਅਨੇਕਾਂ ਜਲਾਵਤਨੀਆਂ, ਜ਼ਮੀਨ-ਘਰ ਕੁਰਕੀ ਅਤੇ ਰੂਪੋਸ਼ੀਆਂ ਹੰਢਾਈਆਂ। ਆਪ ਦੇ ਇਕਲੌਤੇ ਬੇਟੇ ਸਮਿੰਦਰ ਸਿੰਘ ਦੀ ਭਰ ਜਵਾਨੀ ਵਿੱਚ ਇੱਕ ਦੁਰਘਟਨਾ ਵਿਚ ਮੌਤ ਹੋ ਗਈ ਸੀ। ਆਪ ਦੀਆਂ ਦੋ ਬੇਟੀਆਂ ਮਹਿੰਦਰ ਕੌਰ ਅਤੇ ਸਮਿੰਦਰ ਕੌਰ ਹਨ। ਆਪ ਦੀ ਛੋਟੀ ਬੇਟੀ ਮਹਿੰਦਰ ਕੌਰ ਦੀ ਵੀ ਮੌਤ ਹੋ ਚੁੱਕੀ ਹੈ ਅਤੇ ਵੱਡੀ ਬੇਟੀ ਸਮਿੰਦਰ ਕੌਰ ਫਰੀਡਮ ਫਾਈਟਰਜ਼ ਐਸੋਸੀਏਸ਼ਨ ਪੰਜਾਬ ਦੀ ਸਰਗਰਮ ਆਗੂ ਹੈ।

***# ਸੰਪਰਕ : 94648-60465***

# ਭਾਈਚਾਰਕ ਸਾਂਝ ਦੇ ਪ੍ਰਤੀਕ-ਭਾਈ ਘਨੱਈਆ ਜੀ

**ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ**

ਸਰਬ-ਸਾਂਝੀਵਾਲਤਾ, ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ, ਸਰਬੱਤ ਦੇ ਭਲੇ, ਨਿਰਪੱਖ ਅਤੇ ਬਿਨਾਂ ਕਿਸੇ ਵਿਤਕਰੇ ਤੋਂ ਲੋੜਵੰਦਾਂ ਦੀ ਸੇਵਾ ਦੇ ਜਿਸ ਸਿਧਾਂਤ 'ਤੇ ਚਲਦਿਆਂ ਭਾਈ ਘਨੱਈਆ ਜੀ ਨੇ ਮੈਦਾਨੇ ਜੰਗ ਵਿੱਚ ਜ਼ਖ਼ਮੀ ਹੋਏ ਯੋਧਿਆਂ ਦੀ ਸੇਵਾ ਕੀਤੀ, ਉਹ ਆਪਣੇ ਆਪ ਵਿਚ ਹੀ ਇੱਕ ਮਿਸਾਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਘਨੱਈਆ ਜੀ ਨੂੰ ਬਖਸ਼ਿਸ਼ ਕੀਤੀ ਸੇਵਾ ਦੇ ਪ੍ਰਸੰਗ ਵਿੱਚ ਜਦੋਂ ਅਸੀਂ ਦੁਨੀਆ ਭਰ ਵਿੱਚ ਸੇਵਾ ਸੰਬੰਧੀ ਇਤਿਹਾਸਕ ਘਟਨਾਵਾਂ, ਜਿਸ ਵਿਚ ਮੈਦਾਨੇ ਜੰਗ ਵਿੱਚ ਜ਼ਖ਼ਮੀ ਹੋਏ ਯੋਧਿਆਂ ਦੀ ਇਨਸਾਨੀਅਤ ਤੌਰ 'ਤੇ ਬਿਨਾਂ ਕਿਸੇ ਭੇਦ-ਭਾਵ ਦੇ ਸੇਵਾ ਦਾ ਜ਼ਿਕਰ ਆਉਂਦਾ ਹੈ ਤਾਂ ਭਾਈ ਘਨੱਈਆ ਜੀ ਦੀ ਸੇਵਾ ਦੀ ਮਹੱਤਤਾ ਬਾਰੇ ਪਤਾ ਲੱਗਦਾ ਹੈ।

ਅੰਤਰਰਾਸ਼ਟਰੀ ਰੈੱਡ ਕਰਾਸ ਸੇਵਾ ਦਾ ਜਨਮ ਵੀ ਮੈਦਾਨੇ ਜੰਗ ਵਿੱਚ ਜ਼ਖ਼ਮੀ ਹੋਏ ਯੋਧਿਆਂ ਦੀ ਬਿਨਾਂ ਕਿਸੇ ਭੇਦ-ਭਾਵ ਦੇ ਸੇਵਾ ਕਰਨ ਤੋਂ ਹੋਇਆ। ਸਵਿਟਜ਼ਰਲੈਂਡ ਨਿਵਾਸੀ ਸਰ ਹੈਨਰੀ ਡਿਉਨਾ ਵੱਲੋਂ 1859 ਵਿੱਚ ਇਟਲੀ ਦੇ ਸਾਲਫਰੀਨੋ ਵਿੱਚ ਹੋਈ ਭਿਆਨਕ ਲੜਾਈ ਵਿਚ ਜ਼ਖ਼ਮੀ ਹੋਏ ਸੈਨਿਕਾਂ ਦੀ ਸੇਵਾ ਕੀਤੀ ਗਈ ਅਤੇ ਇਸ ਲੜਾਈ ਵਿੱਚ ਜ਼ਖ਼ਮੀਆਂ ਦੀ ਤਰਸਯੋਗ ਹਾਲਤ ਅਤੇ ਇਨ੍ਹਾਂ ਦੀ ਸੇਵਾ-ਸੰਭਾਲ ਲਈ ਆਪਣੇ ਸੁਝਾਅ ਇੱਕ ਕਿਤਾਬ ਵਿੱਚ ਕਲਮਬੰਦ ਕੀਤੇ, ਜਿਸ ਦਾ ਨਾਂਅ ਸੀ - ਸਾਲਫਰੀਨੋ ਦੀ ਯਾਦ। ਹੈਨਰੀ ਡਿਉਨਾ ਵੱਲੋਂ ਦਿੱਤੇ ਸੁਝਾਵਾਂ ਦੀ ਇਨਸਾਨੀਅਤ ਦੇ ਭਲੇ ਲਈ ਲੋਕਾਂ ਨੇ ਸਰਾਹਨਾ ਕੀਤੀ ਅਤੇ ਇਸ ਨੂੰ ਵਿਸ਼ਵ ਭਰ ਵਿਚ ਪਹੁੰਚਾਉਣ ਲਈ ਉਪਰਾਲੇ ਕੀਤੇ।

ਅੰਤਰਰਾਸ਼ਟਰੀ ਮਾਨਵਤਾ ਕਾਨੂੰਨ ਵਿੱਚ ਵੀ ਮੈਦਾਨ ਵਿੱਚ ਜ਼ਖ਼ਮੀਆਂ ਦੀ ਬਿਨਾਂ ਕਿਸੇ ਭੇਦ-ਭਾਵ ਅਤੇ ਵਿਤਕਰਾ ਰਹਿਤ ਸੇਵਾ ਸੰਬੰਧੀ ਹਦਾਇਤਾਂ ਦਰਜ ਹਨ। ਗੁਰੂ ਸਾਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਅਤੇ ਸਰਬ-ਸਾਂਝੀਵਾਲਤਾ ਦੇ ਮਾਰਗ 'ਤੇ ਚੱਲਦਿਆਂ ਭਾਈ ਘਨੱਈਆ ਨੇ 1704 ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਭਿਆਨਕ ਜੰਗ ਦੌਰਾਨ ਜ਼ਖ਼ਮਾਂ ਨਾਲ ਤੜਫ ਰਹੇ ਯੋਧਿਆਂ ਦੀ ਬਿਨਾਂ ਕਿਸੇ ਭੇਦ-ਭਾਵ ਦੇ ਸੇਵਾ ਕੀਤੀ। ਪਿਆਸੇ ਜ਼ਖ਼ਮੀਆਂ ਨੂੰ ਪਾਣੀ ਪਿਆਇਆ ਅਤੇ ਜ਼ਖਮੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਪ੍ਰਦਾਨ ਕਰਦੇ ਹੋਏ ਉਨ੍ਹਾਂ ਦੇ ਜ਼ਖ਼ਮਾਂ 'ਤੇ ਮਲ੍ਹਮ-ਪੱਟੀ ਕਰਨ ਦੀ ਸੇਵਾ ਵੀ ਕੀਤੀ। ਉਨ੍ਹਾਂ ਆਪਣੇ ਅਤੇ ਬੇਗਾਨੇ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸੇਵਾ ਕਰਦਿਆਂ ਮਨੁੱਖੀ ਕਦਰਾਂ-ਕੀਮਤਾਂ ਦੀ ਇੱਕ ਨਵੀਂ ਮਿਸਾਲ ਕਾਇਮ ਕੀਤੀ, ਪਰ ਇਹ ਮਹਾਨ ਸੇਵਾ ਕੇਵਲ ਇਤਿਹਾਸ ਦੇ ਪੰਨਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਸੀ।

ਭਾਈ ਘਨੱਈਆ ਜੀ ਵੱਲੋਂ ਆਰੰਭੇ ਇਨ੍ਹਾਂ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਅਤੇ ਇਸ ਸੇਵਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਦਿਵਾਉਣ ਲਈ 1987 ਵਿੱਚ ਭਾਈ ਘਨੱਈਆ ਜੀ ਮਿਸ਼ਨ ਨਾਂਅ ਦੀ ਸੁਸਾਇਟੀ ਦੀ ਸਥਾਪਨਾ ਕੀਤੀ ਗਈ। ਮਿਸ਼ਨ ਵੱਲੋਂ ਸਮਾਜ ਸੇਵੀ ਕਾਰਜ ਆਰੰਭੇ ਗਏ ਅਤੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਸੰਬੰਧੀ ਖੋਜ ਕਾਰਜ ਵੀ ਸ਼ੁਰੂ ਕੀਤੇ ਗਏ।

ਇਨ੍ਹਾਂ ਸੇਵਾਵਾਂ ਸੰਬੰਧੀ ਅੰਤਰਰਾਸ਼ਟਰੀ ਭਾਈਚਾਰੇ ਨੂੰ ਜਾਣਕਾਰੀ ਦੇਣ ਲਈ ਸਮੇਂ-ਸਮੇਂ 'ਤੇ ਅੰਤਰਰਾਸ਼ਟਰੀ ਰੈੱਡ ਕਰਾਸ ਅਤੇ ਰੈੱਡ ਕਰੀਸੈਂਟ ਜਨੇਵਾ, ਭਾਰਤੀ ਰੈੱਡ ਕਰਾਸ ਕਮੇਟੀ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਰਾਸ਼ਟਰੀ, ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਨੂੰ ਵੀ ਲਿਖਿਆ ਗਿਆ ਅਤੇ ਸਹਿਯੋਗ ਦੀ ਅਪੀਲ ਵੀ ਕੀਤੀ ਗਈ।

ਅਨੇਕਾਂ ਹੀ ਖ਼ੂਨ ਦਾਨ ਕੈਂਪ, ਨੇਤਰ ਦਾਨ ਕੈਂਪ, ਡਾਕਟਰੀ ਸਹਾਇਤਾ ਕੈਂਪ ਅਤੇ ਸੇਵਾ ਦੇ ਸੰਕਲਪ ਸੈਮੀਨਾਰ ਆਦਿ ਦਾ ਅਯੋਜਨ ਕੀਤਾ ਗਿਆ। ਲੱਗਭੱਗ 35 ਸਾਲਾਂ ਦੇ ਲੰਮੇ ਅਰਸੇ ਬਾਅਦ ਇਸ ਦੇ ਨਤੀਜੇ ਆਉਣੇ ਸ਼ੁਰੂ ਹੋਏ। ਨਤੀਜੇ ਵਜੋਂ ਹੁਣ ਪੰਜਾਬ ਸਰਕਾਰ ਵੱਲੋਂ 20 ਸਤੰਬਰ ਨੂੰ ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ ਸਰਕਾਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਮੂਹ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਨੂੰ ਪੱਤਰ ਲਿਖ ਕੇ ਇਸ ਮਹਾਨ ਸੇਵਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਏ ਜਾਣ ਸੰਬੰਧੀ ਲਿਖਿਆ ਜਾਂਦਾ ਹੈ ਅਤੇ ਸਰਕਾਰੀ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਦੇ ਨਾਂਅ ਭਾਈ ਘਨੱਈਆ ਜੀ ਵਾਰਡ ਰੱਖਣ ਸੰਬੰਧੀ ਵੀ ਲਿਖਿਆ ਗਿਆ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਥਿਤ ਸਿਹਤ ਕੇਂਦਰ ਦਾ ਨਾਂਅ ਭਾਈ ਘਨੱਈਆ ਜੀ ਸਿਹਤ ਕੇਂਦਰ ਰੱਖਿਆ ਗਿਆ ਹੈ, ਤਾਂ ਕਿ ਨੌਜਵਾਨ ਵਰਗ ਭਾਈ ਘਨੱਈਆ ਜੀ ਦੀਆਂ ਸੇਵਾਵਾਂ ਤੋਂ ਪ੍ਰੇਰਨਾ ਲੈ ਕੇ ਲੋਕਾਂ ਦੀ ਸੇਵਾ ਕਰ ਸਕਣ। ਅੰਤਰ-ਰਾਸ਼ਟਰੀ ਰੈੱਡ ਕਰਾਸ ਕਮੇਟੀ ਅਤੇ ਭਾਰਤੀ ਰੈੱਡ ਕਰਾਸ ਸੁਸਾਇਟੀ ਨਾਲ ਹੋਏ ਸੰਪਰਕ ਦੇ ਨਤੀਜੇ ਵਜੋਂ ਬਹੁਤ ਹੀ ਸ਼ਲਾਘਾਯੋਗ ਨਤੀਜੇ ਸਾਹਮਣੇ ਆਏ ਅਤੇ ਹੁਣ ਅੰਤਰਰਾਸ਼ਟਰੀ ਰੈੱਡ ਕਰਾਸ ਵੱਲੋਂ ਭਾਈ ਘਨੱਈਆ ਜੀ ਦੀਆਂ ਮਨੁੱਖਤਾ ਪ੍ਰਤੀ ਮਹਾਨ ਸੇਵਾਵਾਂ ਨੂੰ ਮਾਨਤਾ ਦਿੰਦੇ ਹੋਏ ਇਸ ਸੰਬੰਧੀ ਜਾਣਕਾਰੀ ਆਪਣੀ ਪ੍ਰਮਾਣਿਤ ਵੈੱਬਸਾਈਟ 'ਤੇ ਦਰਜ ਕਰਕੇ ਮਾਣ ਸਤਿਕਾਰ ਦਿੱਤਾ ਹੈ, ਤਾਂ ਕਿ ਵਿਸ਼ਵ ਭਾਈਚਾਰੇ ਦੇ ਲੋਕਾਂ ਨੂੰ ਅਤੇ ਮਨੁੱਖਤਾ ਦੀ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਅਤੇ ਅੰਤਰਰਾਸ਼ਟਰੀ ਮਾਨਵਤਾ ਕਾਨੂੰਨ ਦੇ ਵਿਦਿਆਰਥੀ ਅਤੇ ਖੋਜਕਾਰਾਂ ਨੂੰ ਵੀ ਜਾਣਕਾਰੀ ਦਿੱਤੀ ਜਾ ਸਕੇ।

ਹਰ ਸਮੇਂ ਸੰਸਾਰ ਵਿੱਚ ਕਿਤੇ ਨਾ ਕਿਤੇ ਜੰਗ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ ਅਤੇ ਆਮ ਲੋਕਾਂ ਦੇ ਜਾਨ-ਮਾਲ, ਬੱਚਿਆਂ ਅਤੇ ਬਜ਼ੁਰਗਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਧਰਮ, ਜਾਤ- ਪਾਤ ਅਤੇ ਊਚ-ਨੀਚ ਦੇ ਭੇਦ-ਭਾਵ ਦੇ ਨਾਂਅ 'ਤੇ ਦੰਗੇ ਅਕਸਰ ਹੁੰਦੇ ਰਹਿੰਦੇ ਹਨ। ਮਨੁੱਖਤਾ ਦੇ ਭਲੇ ਲਈ ਕਾਰਜ ਕਰਨ ਵਾਲੇ ਫ਼ਰਿਸ਼ਤਿਆਂ ਨੂੰ ਸ਼ਰਧਾਂਜਲੀ ਵਜੋਂ ਹਰ ਦੇਸ਼ ਦੇ ਹਰ ਸੂਬੇ ਵਿੱਚ ਇਨ੍ਹਾਂ ਦੀ ਯਾਦ ਵਿੱਚ ਦਿਵਸ ਮਨਾਇਆ ਜਾਵੇ ਅਤੇ ਦੇਸ ਵਿੱਚ ਘੱਟੋ ਘੱਟ ਇੱਕ ਸ਼ਾਂਤੀ ਮਿਊਜ਼ੀਅਮ ਵੀ ਸਥਾਪਤ ਕੀਤੇ ਜਾਵੇ ਤਾਂ ਕਿ ਇਨਸਾਨੀਅਤ ਨਾਲ ਪਿਆਰ, ਧਰਮ ਨਿਰਪੱਖਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਲਈ ਕਾਰਜਾਂ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ।

ਇਸ ਸੇਵਾ ਦਿਵਸ ਨੂੰ ਸਮਰਪਿਤ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਉਪਰਾਲੇ ਕਰਨੇ ਵੀ ਜ਼ਰੂਰੀ ਹਨ।

***# ਸੰਪਰਕ 94174-16327***

# ਮੁਆਵਜ਼ੇ ਤੇ ਰਾਹਤ ਨਾਲੋਂ ਮਾਤ-ਭਾਸ਼ਾ ਪਿਆਰੀ

**ਡਾ. ਸੰਦੀਪ ਘੰਡ**

ਪਿਛਲੇ ਦਿਨੀ ਜਦੋਂ ਪੰਜਾਬ ਦੇ ਲੋਕ ਹੜ੍ਹਾਂ ਦੇ ਸੰਤਾਪ ਨੂੰ ਭੋਗਦੇ ਹੋਏ ਘਰੋਂ ਬੇਘਰ ਹੋ ਕੇ ਵੀ ਚੜਦੀ ਕਲਾ ਦਾ ਪ੍ਰਤੀਕ ਬਣੇ ਹੋਏ ਸਨ, ਉਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਮਾਤ-ਭਾਸ਼ਾ ਪੰਜਾਬੀ ਨੂੰ ਅਸਿੱਧੇ ਤੌਰ 'ਤੇ ਅਣਗੌਲਿਆ ਕੀਤੇ ਜਾਣ ਲਈ ਪ੍ਰਧਾਨ ਮੰਤਰੀ ਦੀ ਨਿੰਦਾ ਕੀਤੀ ਹੈ।ਪੰਜਾਬ ਅਤੇ ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲੇ ਪੰਜਾਬੀ ਲੋਕਾਂ ਨੂੰ ਮਦਦ ਨਾਲੋਂ ਵੱਧ ਇੱਜ਼ਤ ਅਤੇ ਆਦਰ ਦੀ ਲੋੜ ਸੀ। 'ਹਿੰਦੀ ਸੀਖੋਂ' ਵਾਲਾ ਬਿਆਨ ਪੰਜਾਬੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਪੰਜਾਬ ਨੂੰ ਸਿਰਫ਼ ਰਾਹਤ ਪੈਕੇਜ ਹੀ ਨਹੀਂ, ਸਗੋਂ ਭਾਸ਼ਾ ਅਤੇ ਮਾਂ-ਬੋਲੀ ਲਈ ਵੀ ਪੂਰਾ ਸਨਮਾਨ ਚਾਹੀਦਾ ਹੈ।ਬੇਸ਼ੱਕ ਪ੍ਰਧਾਨ ਮੰਤਰੀ ਦੇ ਹੜ੍ਹ ਪੀੜਤ ਦੌਰੇ ਅਤੇ ਮਦਦ ਲਈ ਉਹਨਾ ਦਾ ਧੰਨਵਾਦ ਵੀ ਕੀਤਾ, ਪਰ ਭਾਸ਼ਾ ਪ੍ਰੇਮੀ ਲੋਕਾਂ ਦਾ ਕਹਿਣਾ ਕਿ ਸਾਨੂੰ ਮੁਆਵਜ਼ੇ ਅਤੇ ਰਾਹਤ ਨਾਲੋਂ ਸਾਡੀ ਮਾਂ-ਬੋਲੀ ਵੱਧ ਪਿਆਰੀ ਹੈ।ਦੇਸ਼ ਦੀ ਅਜ਼ਾਦੀ ਲਈ ਅਤੇ ਅਜ਼ਾਦੀ ਨੂੰ ਕਾਇਮ ਰੱਖਣ ਅਤੇ ਦੇਸ਼ ਦੀ ਸੁਰੱਖਿਆ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਦੀਆਂ ਹਨ।

ਪੰਜਾਬ ਦੇ ਖੇਤੀਬਾੜੀ ਨਾਲ ਸੰਬੰਧਤ ਲੋਕ ਹਰ ਸਾਲ ਹੀ ਕੁਦਰਤੀ ਸੰਤਾਪ ਝੱਲਦੇ ਹਨ, ਪਰ ਇਸ ਵਾਰ ਦੇ ਆਏ ਹੜ੍ਹਾਂ ਨੇ ਕਈ ਤਰਾਂ ਦੇ ਗੰਭੀਰ ਸੰਕਟ ਪੈਦਾ ਕਰ ਦਿੱਤੇ ਹਨ, ਪਰ ਜਿਵੇਂ ਕਹਿੰਦੇ ਕਿ ਪੰਜਾਬ ਜਿਉਂਦਾਂ ਗੁਰੂਆਂ ਦੇ ਨਾਂਅ 'ਤੇ ਏਨੀ ਮੁਸੀਬਤ ਦੇ ਬਾਵਜੂਦ ਹੜ੍ਹਾਂ ਦੌਰਾਨ ਮਦਦ ਕਰ ਰਹੇ ਪ੍ਰਸ਼ਾਸਨ ਨੂੰ ਤੁਸੀ ਆਪਣਾ ਖਿਆਲ ਰੱਖਣਾ ਕਹਿਣ ਵਾਲਾ ਪੰਜਾਬ ਵਾਸੀ ਹੀ ਹੋ ਸਕਦਾ।ਪੰਜਾਬ ਹੜ੍ਹ ਕਾਰਨ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਖੇਤ, ਘਰ, ਰੋਜ਼ਗਾਰ ਸਭ ਕੁਝ ਬਰਬਾਦ ਹੋ ਗਿਆ, ਪਰ ਇਹ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਦੇ ਰਹਿਣ ਵਾਲੇ ਹਰ ਵਿਅਕਤੀ ਭਾਵੇਂ ਉਹ ਦੇਸ਼ ਜਾਂ ਵਿਦੇਸ਼ ਵਿਚ ਕਿਤੇ ਵੀ ਰਹਿ ਰਿਹਾ ਹੋਵੇ, ਵਿਅਕਤੀਗਤ ਤੌਰ 'ਤੇ ਕਰੋੜਾਂ ਰੁਪਏ ਦੀ ਮਦਦ ਕਰਨ ਲਈ ਹਰ ਖਿੱਤੇ ਦੇ ਲੋਕ ਅੱਗੇ ਆ ਰਹੇ ਹਨ।

ਪੰਜਾਬ ਸਰਕਾਰ ਨੇ ਹੜ੍ਹ ਨਾਲ ਹੋਏ ਨੁਕਸਾਨ ਨੂੰ ਲਗਭਗ 70 ਹਜ਼ਾਰ ਕਰੋੜ ਰੁਪਏ ਅੰਕਿਤ ਕੀਤਾ ਸੀ। ਲੋਕਾਂ ਨੂੰ ਉਮੀਦ ਸੀ ਕਿ ਪ੍ਰਧਾਨ ਮੰਤਰੀ ਵੱਡੇ ਪੈਕੇਜ ਦਾ ਐਲਾਨ ਕਰਨਗੇ, ਪਰ ਕੇਵਲ 1,600 ਕਰੋੜ ਦੀ ਰਕਮ ਦਾ ਐਲਾਨ ਕੀਤਾ ਗਿਆ।ਜਿਹਨਾਂ ਲੋਕਾਂ ਨੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਨੂੰ ਅੱਖੀਂ ਦੇਖਿਆ, ਉਹ ਜਾਣਦੇ ਕਿ ਬੇਸ਼ਕ 70 ਹਜ਼ਾਰ ਕਰੋੜ ਵੀ ਕਿਉਂ ਨਾ ਖਰਚ ਕਰ ਦਿੱਤਾ ਜਾਂ ਦੇ ਦਿੱਤਾ ਜਾਵੇ, ਅਜੇ ਕਈ ਸਾਲ ਇਹਨਾਂ ਲੋਕਾਂ ਨੂੰ ਸੰਤਾਪ ਭਰੀ ਜ਼ਿੰਦਗੀ ਬਤੀਤ ਕਰਨੀ ਪਵੇਗੀ।ਖੇਤੀਬਾੜੀ ਵਾਲੀ ਜ਼ਮੀਨ ਵਿੱਚ ਸੇਮ ਵਰਗੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈ ਸਕਦਾ।ਇਸ ਭਾਰੀ ਨੁਕਸਾਨ ਦੀ ਘੜੀ 'ਚ ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਰਾਹਤ-ਸਮੀਖਿਆ ਲਈ ਪੰਜਾਬ ਆਉਂਦੇ ਹਨ, ਤਾਂ ਲੋਕ ਉਹਨਾਂ ਤੋਂ ਨਾ ਸਿਰਫ਼ ਵੱਡੇ ਪੈਕੇਜ ਦੀ ਉਮੀਦ ਕਰਦੇ ਹਨ, ਸਗੋਂ ਸਨਮਾਨ ਅਤੇ ਆਦਰ ਦੀ ਭਾਵਨਾ ਵੀ।

ਪੰਜਾਬ ਸਰਕਾਰ ਦੇ ਮਾਲ ਮਹਿਕਮੇ ਦੇ ਮੰਤਰੀ ਮੁੰਡੀਆਂ, ਜਿਹਨਾਂ ਦੇ ਵਿਭਾਗ ਵੱਲੋਂ ਸਾਰਾ ਸਰਵੇ ਕਰਵਾਇਆ ਜਾ ਰਿਹਾ ਅਤੇ ਅਸਲ ਵਿੱਚ ਹੋਏ ਨੁਕਸਾਨ ਦੇ ਮੁਆਵਜ਼ੇ ਬਾਰੇ ਸਰਕਾਰ ਨੂੰ ਦੱਸਣਾ ਨੇ, ਜੋ ਸ਼ਬਦ ਪ੍ਰੈੱਸ ਨਾਲ ਸਾਂਝੇ ਕੀਤੇ, ਉਸ ਨੂੰ ਸੁਣ ਕੇ ਹਰ ਪੰਜਾਬੀ ਅਤੇ ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲਿਆਂ ਦੇ ਹਿਰਦੇ ਵਲੂੰਧਰੇ ਜਾਣਾ ਸੁਭਾਵਿਕ ਹੈ।ਚਲੋ ਜੇ ਮੰਤਰੀ ਮਿਲੀ-ਜੁਲੀ ਹਿੰਦੀ ਭਾਸ਼ਾ ਦੀ ਵਰਤੋਂ ਕਰ ਰਿਹਾ ਸੀ ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਸਮਝਣਯੋਗ ਨਹੀ ਸੀ।ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ 'ਆਪ ਹਿੰਦੀ ਸੀਖੇਂ' ਨਾ ਕੇਵਲ ਇੱਕ ਮੰਤਰੀ ਦੀ ਬੇਇੱਜ਼ਤੀ ਸੀ, ਬਲਿਕ ਸਾਡੀ ਮਾਤ ਭਾਸ਼ਾ ਪੰਜਾਬੀ ਦਾ ਵੀ ਨਿਰਾਦਰ ਹੈ।ਕਿਸੇ ਵਿਅਕਤੀ ਨੂੰ ਭਾਸ਼ਾ ਦੇ ਅਧਾਰ 'ਤੇ ਟੋਕਣਾ ਜਾਇਜ਼ ਨਹੀ ਲੱਗਦਾ ਅਤੇ ਦੂਜੇ ਬੰਨੇ ਨਾਲ ਹੀ ਨਾਲ ਆਏ ਜਿਸ ਕੇਂਦਰੀ ਮੰਤਰੀ ਨੂੰ ਮਜ਼ਾਕ ਵਿੱਚ ਇਹ ਕਹਿਣਾ ਕਿ 'ਆਪ ਇੰਨੇ ਹਿੰਦੀ ਸਿਖਾਏ, ਉਹ ਕੋਈ ਹਿੰਦੀ ਦਾ ਅਧਿਆਪਕ ਨਹੀਂ।ਪ੍ਰਧਾਨ ਮੰਤਰੀ ਅਕਸਰ ਕਹਿੰਦੇ ਹਨ ਕਿ ਉਹਨਾਂ ਦਾ ਪੰਜਾਬ ਨਾਲ ਖਾਸ ਨਾਤਾ ਹੈ, ਪਰ 'ਹਿੰਦੀ ਸੀਖੋ' ਵਾਲੀ ਗੱਲ ਨੇ ਉਸ ਦਾਅਵੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਪ੍ਰਧਾਨ ਮੰਤਰੀ ਹੜ੍ਹ ਪੀੜਤਾਂ ਦੀ ਸਾਰ ਲੈਣ ਆਏ ਸੀ, ਲੋਕਾਂ ਦੇ ਦੁੱਖ ਸੁਣਨ ਆਏ ਸੀ, ਨਾ ਕਿ ਮਜ਼ਾਕੀਆ ਮੁਸ਼ਾਇਰਾ ਕਰਨ।ਚੰਗਾ ਹੁੰਦਾ ਜੇ ਪ੍ਰਧਾਨ ਮੰਤਰੀ ਜੀ ਕੇਵਲ ਠੀਕ ਹੈ, ਕਿਸੇ ਕਿਸਮ ਦੀ ਕਮੀ ਨਹੀ ਹੋਣ ਦਿੱਤੀ ਜਾਵੇਗੀ, ਇਸ ਨਾਲ ਗੱਲ ਖਤਮ ਹੁੰਦੀ ਸੀ।ਆਮ ਲੋਕਾਂ ਨੂੰ ਨਹੀ ਪਤਾ ਹੁੰਦਾ ਕਿ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਕੀ ਪ੍ਰੋਟੋਕੋਲ ਹੈ, ਹੁਣ ਜਦੋਂ ਇਹ ਗੱਲ ਆ ਰਹੀ ਕਿ ਕਿਸੇ ਮੰਤਰੀ ਨੂੰ ਹੱਥ ਮਿਲਾਉਣ ਤੋਂ ਵਰਜਿਆ ਜਾਣਾ ਆਦਿ ਤਾਂ ਲੋਕ ਸੋਚਦੇ ਹਨ ਕੀ ਇਹ ਲੋਕਤੰਤਰ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨੂੰ ਲੋਕਾਂ ਨੇ ਚੁਣਿਆ ਹੈ।ਚਲੋ ਰਾਜਤੰਤਰ ਵਿੱਚ ਇਹ ਹੋ ਸਕਦਾ, ਜਿਵੇ ਅਸੀਂ ਇੰਗਲੈਂਡ ਵਿੱਚ ਦੇਖਦੇ ਹਾਂ ਕਿ ਉਥੋਂ ਦੇ ਰਾਜੇ ਜਾਂ ਰਾਣੀ ਹਮੇਸ਼ਾ ਹੱਥਾਂ 'ਤੇ ਦਸਤਾਨੇ ਚੜ੍ਹਾ ਕੇ ਰੱਖਦੇ ਹਨ, ਪਰ ਅਸੀ ਜਾਣਦੇ ਹਾਂ ਕਿ ਲੋਕਤੰਤਰ ਕਿੰਨੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤਾ।

ਪੰਜਾਬੀ ਸਿਰਫ਼ ਇਕ ਭਾਸ਼ਾ ਨਹੀਂ, ਸਗੋਂ ਸਾਡੀ ਮਾਂ-ਬੋਲੀ, ਪਹਿਚਾਣ ਅਤੇ ਇਤਿਹਾਸ ਦੀ ਨਿਸ਼ਾਨੀ ਹੈ। ਜਦੋਂ ਦੇਸ਼ ਦਾ ਸਭ ਤੋਂ ਵੱਡਾ ਨੇਤਾ ਪੰਜਾਬੀ ਮੰਤਰੀ ਨੂੰ ਕਹਿੰਦਾ ਹੈ ਕਿ 'ਹਿੰਦੀ ਸੀਖੋ' ਤਾਂ ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਪੰਜਾਬ ਦੀ ਇੱਜ਼ਤ ਨਾਲ ਖੇਡ ਹੈ। ਭਾਰਤ ਬਹੁਭਾਸ਼ੀ ਦੇਸ਼ ਹੈ, ਇੱਥੇ ਹਰ ਰਾਜ ਦੀ ਆਪਣੀ ਪਹਿਚਾਣ ਹੈ। ਪ੍ਰਧਾਨ ਮੰਤਰੀ ਨੂੰ ਹਰ ਭਾਸ਼ਾ ਦਾ ਆਦਰ ਕਰਨਾ ਚਾਹੀਦਾ ਹੈ।ਦੂਜੇ ਬੰਨੇ ਜਦੋਂ ਕਿਸੇ ਪ੍ਰੈੱਸ ਵਾਰਤਾ ਵਿੱਚ ਸ਼ਾਮਲ ਭਾਜਪਾ ਆਗੂ (ਪਿਛੋਕੜ ਕਾਂਗਰਸ) ਦਾ ਇਹ ਕਹਿਣਾ ਕਿ ਮੈਂ ਤਾਂ ਆਪ ਨਹੀਂ ਜਾਣਦਾ ਕੌਣ ਮੁੰਡੀਆਂ ਉਸ ਕੋਲ ਕਿਹੜਾ ਮਹਿਕਮਾ ਤਾਂ ਬੜੀ ਹੈਰਾਨੀ ਹੁੰਦੀ ਕਿ ਸੀਨੀਅਰ ਨੇਤਾ ਨੂੰ ਰਾਜ ਦੇ ਮਾਲ ਮੰਤਰੀ ਬਾਰੇ ਜਾਣਕਾਰੀ ਨਹੀਂ ਫੇਰ ਉਹ ਲੋਕਾਂ ਦੇ ਕੰਮ ਕਿਵੇਂ ਕਰਵਾਉਣਗੇ।

ਭਾਰਤ ਦਾ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਕਿਸੇ ਰਾਜ ਦੀ ਭਾਸ਼ਾ ਜਾਂ ਪਹਿਚਾਣ ਨੂੰ ਠੇਸ ਪਹੁੰਚਦੀ ਹੈ, ਤਾਂ ਉਹ ਲੋਕ ਇਕੱਠੇ ਹੋ ਕੇ ਵਿਰੋਧ ਕਰਦੇ ਹਨ। ਪੰਜਾਬ ਨੇ ਹਮੇਸ਼ਾ ਆਪਣੇ ਅਧਿਕਾਰਾਂ ਅਤੇ ਭਾਸ਼ਾ ਦੀ ਰੱਖਿਆ ਲਈ ਅਵਾਜ਼ ਬੁਲੰਦ ਕੀਤੀ ਹੈ। ਇਸ ਵਾਰ ਵੀ ਪੰਜਾਬੀ ਬੌਧਿਕ ਵਰਗ, ਲੇਖਕ, ਸਮਾਜਿਕ ਕਾਰਕੁਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਚੁੱਕ ਰਹੇ ਹਨ।ਇਸ ਲਈ ਕਿਸੇ ਕਿਸਮ ਦਾ ਭਾਸ਼ਾਈ ਮੁੱਦਾ ਬਣਨ ਤੋਂ ਪਹਿਲਾਂ ਆਮ ਲੋਕ ਸਪੱਸ਼ਟੀਕਰਨ ਦੀ ਆਸ ਕਰਦੇ ਹਨ।ਇਸ ਲਈ ਵਿਚਾਰਾਂ ਨੂੰ ਕਿਸੇ ਕਿਸਮ ਦੀ ਰਾਜਨੀਤਕ ਵਿਰੋਧਤਾ ਦੀ ਥਾਂ ਇੱਕ ਭਾਸ਼ਾ ਪ੍ਰੇਮੀ ਵਜੋਂ।

***# ਸੰਪਰਕ : 98151-39576***

20-SEP-PAGE-5.qxd 9/19/2025 9:38 PM Page 1



# ਸੀ ਪੀ ਆਈ ਦੀ ਮੁਹਾਲੀ ਰੈਲੀ 'ਚ ਸ਼ਾਮਲ ਹੋਣਗੇ ਪਾਵਰਕਾਮ ਪੈਨਸ਼ਨਰਜ਼ : ਰਾਧੇ ਸ਼ਿਆਮ, ਮਸੀਤਾਂ

**ਪਾਵਰਕਾਮ ਮੈਨੇਜਮੈਂਟ ਨੇ ਜੇਕਰ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਤਿੱਖਾ ਸੰਘਰਸ਼ ਵਿੱਢਾਂਗੇ : ਬਰਮੀ, ਬੱਲ, ਬਰਨਾਲਾ**



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਪ੍ਰਧਾਨ ਰਾਧੇ ਸ਼ਾਮ ਤੇ ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ, ਡਿਪਟੀ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਸੁੱਖਜੰਟ ਸਿੰਘ ਬਰਨਾਲਾ ਨੇ ਹੜ੍ਹਾਂ ਦੌਰਾਨ ਗਈਆਂ ਜਾਨਾਂ 'ਤੇ ਅਫਸੋਸ ਪ੍ਰਗਟ ਕਰਦਿਆਂ ਮੈਨੇਜਮੈਂਟ ਨੂੰ ਪੱਤਰ ਲਿਖ ਕੇ ਇੱਕ ਦਿਨ ਦੀ ਪੈਨਸ਼ਨ ਹੜ੍ਹ ਪੀੜਤ ਰਾਹਤ ਫੰਡ ਵਿੱਚ ਦੇਣ ਦਾ ਫੈਸਲਾ ਕੀਤਾ।ਉਨ੍ਹਾਂ ਆਖਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਕੇ ਧੋਖਾ ਕਰ ਰਹੀ ਹੈ, ਜਿਸ ਦੇ ਸਬੰਧ ਵਿੱਚ ਜ਼ਿਲ੍ਹਾ ਪੱਧਰੀ ਧਰਨਿਆਂ ਤੋਂ ਬਾਅਦ ਬਿਜਲੀ ਮੰਤਰੀ ਦੀ ਕੋਠੀ ਦਾ ਘਰਾਓ ਵੀ ਕੀਤਾ ਗਿਆ, ਜਿਸ ਦੌਰਾਨ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ ਤਿਆਰ ਕੀਤੇ ਥੜੇ ਵਿੱਚ ਸ਼ਾਮਲ ਜਥੇਬੰਦੀਆਂ ਦੁਆਰਾ ਬੀਤੇ ਦਿਨੀਂ ਮਾਸ ਲੀਵ ਦੌਰਾਨ ਹੋਏ ਸਮਝੌਤਿਆਂ ਦੇ ਨੋਟੀਫਿਕੇਸ਼ਨ ਕਰਵਾਉਣ ਤੇ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨ ਯੂਨੀਅਨ ਦੀ ਸੂਬਾ ਕਮੇਟੀ ਨੇ ਫੈਸਲਾ ਕੀਤਾ ਕਿ ਆਉਣ ਵਾਲੇ ਦਿਨਾਂ ਅੰਦਰ ਪਾਵਰ ਅਧਿਕਾਰੀਆਂ ਨੂੰ ਮਿਲ ਕੇ ਦਿੱਤੇ ਹੋਏ ਮੰਗ ਪੱਤਰ ਅਨੁਸਾਰ ਪਿਛਲੀ ਮੀਟਿੰਗ ਦੀ ਲਗਾਤਾਰਤਾ ਵਿੱਚ ਮੰਗਾਂ ਨੂੰ ਲਾਗੂ ਕਰਾਉਣ ਲਈ ਚਿੱਠੀ ਪੱਤਰ ਕੀਤਾ ਜਾਵੇਗਾ, ਜੇਕਰ ਫਿਰ ਵੀ ਸਰਕਾਰ ਤੇ ਮੈਨੇਜਮੈਂਟ ਨੇ ਮੰਨੀਆਂ ਮੰਗਾਂ, ਜਿਸ ਵਿੱਚ 2.59 ਦੇ ਗੁਣਾਂਕ ਨਾਲ ਬਕਾਏ ਜਾਰੀ ਕਰਨਾ ਡੀ ਏ ਦੇ ਬਕਾਏ ਤੁਰੰਤ ਜਾਰੀ ਕਰਨਾ, ਪੈਨਸ਼ਨਾਂ ਲਈ ਕੈਸ਼ਲੈੱਸ ਸਕੀਮ ਸ਼ੁਰੂ ਕਰਨਾ, ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਜਬਰੀ ਥੋਪੇ 200 ਰੁਪਏ ਜਜ਼ੀਆ ਟੈਕਸ ਨੂੰ ਬੰਦ ਕਰਨਾ, ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਕਰਕੇ ਨਵੀਂ ਭਰਤੀ ਸ਼ੁਰੂ ਕਰਨਾ ਇਨ੍ਹਾਂ ਮੰਗਾਂ 'ਤੇ ਪਹਿਰਾ ਦਿੰਦਿਆਂ ਆਉਣ ਵਾਲੇ ਦਿਨਾਂ ਅੰਦਰ ਪੰਜਾਬ ਸਰਕਾਰ ਖਿਲਾਫ ਪੰਜਾਬ ਮੁਲਾਜ਼ਮ ਤੇ ਸਾਂਝਾ ਫਰੰਟ ਵੱਲੋਂ 11 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਦੇ ਕਰਾਓ ਵਿੱਚ ਵੀ ਸ਼ਾਮਲ ਹੋਣ ਦਾ ਐਲਾਨ ਕੀਤਾ।ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦੇਸ਼ ਭਰ ਦੇ ਡੈਲੀਗੇਟ ਅਜਲਾਸ ਦੇ ਸੰਬੰਧ ਵਿੱਚ ਜਨਮ ਸ਼ਤਾਬਦੀ ਦੇ 25ਵੇਂ ਵਰ੍ਹੇ ਵਿੱਚ ਸਿਲਵਰ ਜੁਬਲੀ ਮਨਾਉਂਦਿਆਂ 21 ਤੋਂ 25 ਸਤੰਬਰ ਤੱਕ ਕੀਤੇ ਜਾ ਰਹੇ ਇਸ ਅਜਲਾਸ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਸਮੂਹ ਮੁਲਾਜ਼ਮ ਤੇ ਪੈਨਸ਼ਨਰ 21 ਸਤੰਬਰ ਦੀ ਸਬਜ਼ੀ ਮੰਡੀ ਵਿਖੇ ਮੋਹਾਲੀ ਰੈਲੀ ਵਿਖੇ ਸ਼ਾਮਲ ਹੋਣਗੇ।ਇਸ ਮੌਕੇ ਰਾਜ ਕੁਮਾਰ, ਬਲਬੀਰ ਸਿੰਘ ਮਾਨ, ਹਰਿੰਦਰ ਸਿੰਘ, ਜਸਵਿੰਦਰ ਸਿੰਘ, ਭਿੰਦਰ ਸਿੰਘ ਚਾਹਲ, ਗੁਰਮੇਲ ਸਿੰਘ ਨਾਹਰ, ਕੁਲਦੀਪ ਸਿੰਘ, ਧਰਿੰਦਰ ਸਿੰਘ ਆਦਿ ਹਾਜ਼ਰ ਸਨ।

# ਪੀ ਐੱਮ ਐੱਨ ਕਾਲਜ ਵਿਖੇ ਓਜ਼ੋਨ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**
ਪੀ ਐੱਮ ਐੱਨ ਕਾਲਜ ਰਾਜਪੁਰਾ ਦੇ ਵਿਗਿਆਨ ਵਿਭਾਗ ਨੇ ਵਿਸ਼ਵ ਓਜ਼ੋਨ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਅਤੇ ਜੀਵਨ ਨੂੰ ਕਾਇਮ ਰੱਖਣ ਵਿੱਚ ਓਜ਼ੋਨ ਪਰਤ ਦੀ ਮਹੱਤਤਾ ਤੇ ਇੱਕ ਟਿਕਾਊ ਭਵਿੱਖ ਲਈ ਇਸਨੂੰ ਸੁਰੱਖਿਅਤ ਰੱਖਣ ਦੀ ਤੁਰੰਤ ਲੋੜ ਬਾਰੇ ਜਾਗਰੂਕਤਾ ਫੈਲਾਈ।ਵਿਦਿਆਰਥੀਆਂ ਨੇ ਪੋਸਟਰ ਤੇ ਕੋਲਾਜ਼ ਬਣਾ ਕੇ ਆਪਣੀ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ ਹਰੇਕ ਵਾਤਾਵਰਣ ਸੰਭਾਲ ਤੇ ਟਿਕਾਊ ਵਿਕਾਸ ਬਾਰੇ ਵਿਚਾਰਸ਼ੀਲ ਵਿਚਾਰਾਂ ਨੂੰ ਦਰਸਾਉਂਦਾ ਸੀ।ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੇ ਸਮਾਗਮ ਵਿੱਚ ਊਰਜਾ ਤੇ ਜੀਵੰਤਤਾ ਲਿਆਂਦੀ।

ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਦੀ ਨਿੱਘੀ ਮੌਜੂਦਗੀ ਨੇ ਏਕਤਾ ਤੇ ਜਾਗਰੂਕਤਾ ਦੀ ਭਾਵਨਾ ਨੂੰ ਹੋਰ ਵਧਾਇਆ।ਡਾ. ਦਲਵੀਰ ਕੌਰ, ਡਾ. ਨੀਰਜ ਬਾਲਾ, ਡਾ. ਰਜਨੀ, ਡਾ. ਜਸਨੀਤ ਕੌਰ, ਪ੍ਰੋ. ਸੋਮੀਆ ਤੇ ਡਾ. ਤਰੰਗ ਗੁਪਤਾ ਦੇ ਉਤਸ਼ਾਹ ਨਾਲ ਇਹ ਸਮਾਗਮ ਹੋਰ ਵੀ ਅਮੀਰ ਹੋਇਆ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਅਪਣਾਉਣ ਤੇ ਸਥਿਰਤਾ ਦੇ ਸੰਕਲਪ ਨੂੰ ਗੰਭੀਰਤਾ ਨਾਲ ਲੈਣ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਦਾ ਨਿਰਣਾ ਡਾ. ਵੰਦਨਾ ਗੁਪਤਾ ਤੇ ਡਾ. ਜਸਨੀਤ ਕੌਰ ਨੇ ਕੀਤਾ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਨਵੀਨਤਾਕਾਰੀ ਯਤਨਾਂ ਦੀ ਸ਼ਲਾਘਾ ਕੀਤੀ।ਜਸਲੀਨ (ਬੀਐੱਸਸੀ ਪਹਿਲੀ), ਤਾਨੀਆ (ਬੀਐੱਸਸੀ ਦੂਜੀ) ਤੇ ਜਸ਼ਨ (ਬੀਐੱਸਸੀ ਪਹਿਲੀ) ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਇਨਾਮ ਦਿੱਤਾ ਗਿਆ।ਕਾਰਜਕਾਰੀ ਪ੍ਰਿੰਸੀਪਲ ਡਾ. ਵੰਦਨਾ ਗੁਪਤਾ ਨੇ ਵਿਗਿਆਨ ਵਿਭਾਗ ਦੀ ਅਜਿਹੇ ਸਮਾਗਮ ਦੇ ਆਯੋਜਨ ਲਈ ਸ਼ਲਾਘਾ ਕੀਤੀ।

# ਲਾਲ ਲਕੀਰ ਅੰਦਰ ਰਹਿੰਦੇ ਲੋਕ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਲੈਣ ਤੋਂ ਵਾਂਝੇ : ਵਿਜੇ ਧੀਰ



**ਮੋਗਾ (ਇਕਬਾਲ ਸਿੰਘ ਖਹਿਰਾ)**
ਹਰ ਵਰਗ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰਵਾਉਣ ਲਈ ਬੁਲੰਦ ਆਵਾਜ਼ ਉਠਾਉਣ ਵਾਲੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਅੰਦਰਲੀਆਂ ਥਾਵਾਂ 'ਤੇ ਰਹਿਣ ਵਾਲੇ ਲੱਖਾਂ ਸਥਾਪਤ ਕਬਜ਼ਾ ਧਾਰਕਾਂ ਨੂੰ ਮਾਲਕਾਨਾ ਹੱਕ ਦੇਣ ਦੀ ਮੰਗ ਨੂੰ ਲੈ ਕੇ ਇੱਕ ਲੰਮੀ ਚੌੜੀ ਚਿੱਠੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਈ ਮੇਲ ਰਾਹੀਂ ਭੇਜੀ ਹੈ।ਧੀਰ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਪੰਜਾਬ ਭਰ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੱਖਾਂ ਅਜਿਹੇ ਪਰਵਾਰ ਹਨ, ਜਿਹੜੇ ਲਾਲ ਲਕੀਰ ਅੰਦਰ ਰਿਹਾਇਸ਼ੀ ਥਾਵਾਂ 'ਤੇ ਆਪਣੇ ਪੁਰਵਜਾਂ ਦੇ ਸਮੇਂ ਤੋਂ ਰਹਿੰਦੇ ਆ ਰਹੇ ਹਨ ਅਤੇ ਜਿਨ੍ਹਾਂ ਦੇ ਕਬਜ਼ੇ ਸਥਾਪਤ ਹਨ, ਪ੍ਰੰਤੂ ਇਹਨਾਂ ਲੱਖਾਂ ਪਰਵਾਰਾਂ ਕੋਲ ਮਾਲਕਾਨਾ ਹੱਕ ਦੀਆਂ ਰਜਿਸਟਰੀਆਂ ਨਾ ਹੋਣ ਕਰਕੇ ਇਹ ਲੋਕ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿਸ਼ੇਸ਼ ਤੌਰ 'ਤੇ ਅਤੇ ਅਜਿਹੀਆਂ ਅਨੇਕਾਂ ਯੋਜਨਾਵਾਂ ਦਾ ਲਾਭ ਲੈਣ ਤੋਂ ਵਾਂਝੇ ਹਨ ਅਤੇ ਇਹ ਲਾਲ ਲਕੀਰ ਵਾਲੇ ਲੋਕ ਆਪਣੇ ਕਬਜ਼ੇ ਵਾਲੀਆਂ ਥਾਵਾਂ ਬੈਂਕਾਂ ਪਾਸ ਗਿਰਵੀ ਰੱਖ ਕੇ ਕਰਜ਼ਾ ਨਹੀਂ ਲੈ ਸਕਦੇ ਹਨ। ਧੀਰ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਲਾਲ ਲਕੀਰ ਅੰਦਰਲੀਆਂ ਰਿਹਾਇਸ਼ੀ ਥਾਵਾਂ ਵਿੱਚ ਰਹਿਣ ਵਾਲੇ ਲੱਖਾਂ ਲੋਕਾਂ ਵਿੱਚ ਵੱਡੀ ਗਿਣਤੀ ਦਲਿਤ ਵਰਗ ਨਾਲ ਸਬੰਧਤ ਲੋਕਾਂ ਦੀ ਹੈ।ਧੀਰ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਫਰਵਰੀ 2019 ਵਿੱਚ ਤਾਤਕਾਲੀਨ ਕੈਪਟਨ ਅਮਰਿੰਦਰ ਸਿੰਘ ਵਾਲੀ ਕਾਂਗਰਸ ਸਰਕਾਰ ਸਮੇਂ ਲਾਲ ਲਕੀਰ ਦੇ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਵਿੱਚ ਲੰਮੀ ਚਰਚਾ ਹੋਈ ਸੀ ਤੇ ਅਕਤੂਬਰ 2020 ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸਵਾਮੀਤਵ ਯੋਜਨਾ ਤਹਿਤ ਪੰਜਾਬ ਨੂੰ ਲਾਲ ਲਕੀਰ ਮੁਕਤ ਕਰਨ ਦੇ ਫੈਸਲੇ ਦਾ ਐਲਾਨ ਕੀਤਾ ਸੀ।ਧੀਰ ਨੇ ਚਿੱਠੀ ਵਿੱਚ ਇਹ ਵੀ ਗੱਲ ਲਿਖੀ ਹੈ ਕਿ 16 ਅਕਤੂਬਰ 2021 ਨੂੰ ਤਾਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਮੰਤਰੀ ਮੰਡਲ ਨੇ ਆਬਾਦੀ ਦੇਹ (ਰਿਕਾਰਡ ਆਫ ਰਾਇਟਸ) ਮਿਸ਼ਨ 2021 ਨੂੰ ਪ੍ਰਵਾਨਗੀ ਦਿੱਤੀ ਸੀ, ਪ੍ਰੰਤੂ ਇਸ ਸਬੰਧ ਵਿੱਚ ਕੋਈ ਵੀ ਕਾਰਵਾਈ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਅਮਲ ਵਿੱਚ ਨਹੀਂ ਲਿਆਂਦੀ ਗਈ ਹੈ।

ਧੀਰ ਨੇ ਦੱਸਿਆ ਕਿ ਉਨ੍ਹਾਂ ਪੰਜਾਬ ਦੀ ਇੱਕ ਵੱਡੀ ਆਬਾਦੀ ਵਿਸ਼ੇਸ਼ ਤੌਰ 'ਤੇ ਗਰੀਬ, ਮਜ਼ਦੂਰ ਤੇ ਦਲਿਤ ਵਰਗ ਦੇ ਹਿੱਤ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਪੰਜਾਬ ਨੂੰ ਲਾਲ ਲਕੀਰ ਮੁਕਤ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੱਤ ਪਾਲ ਸਿੰਘ ਭਾਗੀ ਕੇ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਰਿੰਪੀ, ਰੇਸ਼ਮ ਸਿੰਘ, ਮਦਨ ਸਿੰਘ, ਚਮਕੌਰ ਸਿੰਘ ਮਹਿਣਾ, ਗੁਰਚਰਨ ਸਿੰਘ ਬਹੋਨਾ, ਰਜਿੰਦਰ ਸਿੰਘ ਕਾਲਾ, ਸੁਖਦੇਵ ਸਿੰਘ, ਸੰਨੀ, ਸ਼ਿੰਦਰ ਪਾਲ, ਸ਼ੰਮੀ, ਦਰਸ਼ਨ ਸਿੰਘ ਜੋੜਾ, ਵਿਨੋਦ, ਚੰਨਾ, ਬੱਬੂ, ਗਗਨ, ਸੋਮਨਾਥ, ਮਨੋਹਰ ਲਾਲ, ਸ਼ੰਕੂ, ਜੋਤੀ, ਸਾਹਿਲ, ਹੈਪੀ, ਸਾਗਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕਾਤਰਾਂ

### ਅੱਜ ਬਿਜਲੀ ਲਾਈਨਾਂ ਦੀ ਮੁਰੰਮਤ ਕਾਰਨ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਬਿਜਲੀ ਲਾਈਨਾਂ ਦੀ ਹੋ ਰਹੀ ਮੁਰੰਮਤ ਨੂੰ ਲੈ ਕੇ ਕੁੱਝ ਇਲਾਕੇ ਦੀ 24 ਘੰਟੇ ਵਾਲੀ ਬਿਜਲੀ ਬੰਦ ਰਹੇਗੀ।ਇਸ ਸਬੰਧੀ ਪਾਵਰਕਾਮ ਦਫਤਰ ਮੂਨਕ ਦੇ ਐੱਸਡੀਓ ਜੋਧਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 20 ਸਤੰਬਰ 2025 ਨੂੰ ਮੂਨਕ ਸਿਟੀ ਕੈਟ-1 ਤੇ ਆਈ ਟੀ ਆਈ ਕੈਟ-1 ਫੀਡਰ ਦੀ 24 ਘੰਟੇ ਵਾਲੀ ਬਿਜਲੀ ਲਾਈਨਾਂ ਦੀ ਚੱਲ ਰਹੀ ਮੁਰੰਮਤ ਨੂੰ ਲੈ ਕੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹੋਣ ਵਾਲੇ ਕੰਮ ਨੂੰ ਦੇਖਦੇ ਹੋਏ ਬਿਜਲੀ ਬੰਦ ਦੇ ਸਮੇਂ ਵਿੱਚ ਵਾਧਾ ਘਾਟਾ ਹੋ ਸਕਦਾ ਹੈ।

### ਦਸਮੇਸ਼ ਮਿਸ਼ਨ ਸਕੂਲ ਨੇ ਕਰਾਇਆ ਗੁਰਮਤਿ ਸਮਾਗਮ ਤੇ ਮੁਕਾਬਲਾ

**ਕੋਟਕਪੂਰਾ (ਰਛਪਾਲ ਭੁੱਲਰ)**-ਗੁਰੂ ਨਾਨਕ ਮਲਟੀਵਰਸਿਟੀ ਤੇ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ 25 ਅਗਸਤ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਰੰਘਰੇਟਾ ਗੁਰੂ ਕਾ ਬੇਟਾ ਬਖਸ਼ਿਸ ਦਿਵਸ ਦੇ 350 ਸਾਲਾ ਨੂੰ ਸਮਰਪਿਤ ਗੁਰਮਤਿ ਮੁਕਾਬਲੇ ਕਰਾਏ ਗਏ, ਜਿਸ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ 25 ਵਿਦਿਆਰਥੀਆਂ ਅਤੇ 4 ਅਧਿਆਪਕਾਂ ਨੇ ਭਾਗ ਲਿਆ।ਨਤੀਜਾ ਆਉਣ 'ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਐਜੂਕੇਟ ਪੰਜਾਬ ਪ੍ਰੋਜੈਕਟ ਦੇ ਕੋਰਾਡੀਨੇਟਰ ਜਸਪ੍ਰੀਤ ਸਿੰਘ ਖਾਲਸਾ ਤੇ ਉਨ੍ਹਾਂ ਦੀ ਟੀਮ ਵੱਲੋਂ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ।

### ਟੁੱਟੀਆਂ ਸੜਕਾਂ ਦੀ ਮੁਰੰਮਤ ਕਰਵਾਉਣ ਦੀ ਮੰਗ

**ਧੂਰੀ (ਮਨੋਹਰ ਸਿੰਘ ਸੱਗੂ)**-ਪਿਛਲੇ ਦਿਨਾਂ 'ਚ ਹੋਈ ਭਾਰੀ ਬਰਸਾਤ ਕਾਰਨ ਸ਼ਹਿਰ ਦੀਆਂ ਸੜਕਾਂ ਦੀ ਬਜਰੀ ਨਿਕਲਣ ਕਰਕੇ ਗੰਜੀਆਂ ਹੋਈਆਂ ਸੜਕਾਂ ਹਾਦਸਿਆਂ ਦਾ ਸਬੱਬ ਬਣੀਆਂ ਹੋਈਆਂ ਹਨ।ਲੋਕ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਸਰਗਰਮ ਸਮਾਜ ਸੇਵੀ ਸੰਸਥਾ ਧੂਰੀ ਵਿਕਾਸ ਮੰਚ ਵੱਲੋਂ ਸਥਾਨਕ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਤੋਂ ਬਰਸਾਤ ਕਾਰਨ ਟੁੱਟ ਭੱਜ ਦਾ ਸ਼ਿਕਾਰ ਹੋਈਆਂ ਸੜਕਾਂ ਅਤੇ ਗਲੀਆਂ ਤੇ ਮੁਹੱਲਿਆਂ 'ਚ ਲੱਗੀਆਂ ਇੰਟਰਲਾਕ ਟਾਇਲਾਂ ਦੇ ਖੁੱਲ੍ਹੇ ਜੋੜਾਂ ਦੀ ਮੁਰੰਮਤ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਗਿਆ ਕਿ ਬਰਸਾਤ ਕਾਰਨ ਸੜਕਾਂ ਦੀ ਨਿਕਲੀ ਬਜਰੀ ਦੋ-ਪਹੀਆ ਵਾਹਨ ਚਾਲਕਾਂ ਲਈ ਹਾਦਸਿਆਂ ਦਾ ਸਬੱਬ ਬਣੀ ਹੋਈ ਹੈ ਤੇ ਨਗਰ ਕੌਂਸਲ ਨੂੰ ਚਾਹੀਦਾ ਹੈ ਕਿ ਹਾਦਸੇ ਵਾਪਰਨ ਦੇ ਖਦਸ਼ਿਆਂ ਨੂੰ ਟਾਲਣ ਲਈ ਸੜਕਾਂ 'ਤੇ ਖਿੱਲਰੀ ਬਜਰੀ ਚੁਕਵਾਈ ਜਾਵੇ, ਸੜਕਾਂ 'ਤੇ ਪਏ ਟੋਏ ਭਰਵਾ ਕੇ ਤੇ ਇੰਟਰਲਾਕ ਟਾਇਲਾਂ ਦੇ ਖੁੱਲ੍ਹੇ ਜੋੜਾਂ ਦੀ ਮੁਰੰਮਤ ਕਰਵਾਈ ਜਾਵੇ।

# ਟੈਗੋਰ ਵਿਦਿਆਲਿਆ ਦੇ ਬੱਚਿਆਂ ਵੱਲੋਂ ਸੈਂਟਰਲ ਖੇਡਾਂ 'ਚ ਸ਼ਾਨਦਾਰ ਜਿੱਤਾਂ



**ਲੌਂਗੋਵਾਲ (ਪ੍ਰਦੀਪ ਸੱਪਲ)**
ਲੌਂਗੋਵਾਲ ਦੇ ਸਕੂਲ ਆਫ ਐਮੀਨੈਂਸ ਵਿਖੇ ਚੱਲ ਰਹੀਆਂ ਪ੍ਰਾਇਮਰੀ ਸਕੂਲ ਸੈਂਟਰ ਲੈਵਲ ਖੇਡਾਂ ਵਿੱਚ ਟੈਗੋਰ ਵਿਦਿਆਲਿਆ ਲੌਂਗੋਵਾਲ ਦੇ ਐਥਲੀਟਾਂ ਨੇ ਐਥਲੈਟਿਕਸ ਵੱਖ-ਵੱਖ ਈਵੈਂਟ ਵਿੱਚ 5 ਗੋਲਡ, 8 ਸਿਲਵਰ, 2 ਬਰੌਂਜ ਸਮੇਤ 15 ਮੈਡਲ ਜਿੱਤੇ ਜਿਨ੍ਹਾਂ ਵਿੱਚ 9 ਐਥਲੀਟ ਬਲਾਕ ਲੈਵਲ ਖੇਡਾਂ ਲਈ ਸਿਲੈਕਟ ਹੋਏ ਅਤੇ ਫੁੱਟਬਾਲ ਮੁੰਡੇ/ਕੁੜੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਬਲਾਕ ਲੈਵਲ ਖੇਡਾਂ ਲਈ ਸਿਲੈਕਸ਼ਨ ਕਰਵਾਈ।

ਇਸੇ ਤਰ੍ਹਾਂ 4×100 ਮੀਟਰ ਰਿਲੇਅ ਮੁੰਡਿਆਂ ਦੀ ਟੀਮ (ਸਿਮਰਤਪਾਲ ਸਿੰਘ, ਗੁਰਜੋਤ ਸਿੰਘ, ਜਸਨੂਰ ਸਿੰਘ, ਪ੍ਰਿੰਸ ਇੰਸਾ) ਨੇ ਗੋਲਡ ਮੈਡਲ ਹਾਸਲ ਕੀਤਾ ਤੇ 4×100 ਮੀਟਰ ਕੁੜੀਆਂ ਦੀ ਟੀਮ (ਖੁਸ਼ਪ੍ਰੀਤ ਕੌਰ, ਹਰਸਿਮਰਨ ਕੌਰ, ਸਹਿਜਨੂਰ ਕੌਰ, ਬੇਅੰਤ) ਨੇ ਸਿਲਵਰ ਮੈਡਲ ਤੇ ਰੱਸਾਕਸੀ ਮੁੰਡਿਆਂ ਦੀ ਟੀਮ ਸਿਲਵਰ ਮੈਡਲ ਤੇ ਨੈਸ਼ਨਲ ਸਟਾਈਲ ਕਬੱਡੀ ਦੀ ਟੀਮ ਸਿਲਵਰ ਮੈਡਲ ਤੇ ਕੁਸ਼ਤੀ ਮੁੰਡਿਆਂ ਵਿੱਚ ਸਹਿਜਪ੍ਰੀਤ ਸਿੰਘ ਨੇ 30 ਕਿੱਲੋ ਵਿੱਚ ਗੋਲਡ ਮੈਡਲ, 28 ਕਿੱਲੋ ਵਿੱਚ ਸਹਿਬਜੋਤ ਸਿੰਘ ਗੋਲਡ ਮੈਡਲ ਤੇ 25 ਕਿੱਲੋ ਵਿੱਚ ਪਰਮੀਤ ਸਿੰਘ ਨੇ ਬਰੌਂਜ ਮੈਡਲ ਜਿੱਤਿਆ ਅਤੇ ਸਾਰੀਆਂ ਖੇਡਾਂ ਵਿੱਚ 51 ਮੈਡਲ ਜਿੱਤੇ (ਜਿਨ੍ਹਾਂ ਵਿੱਚ 29 ਗੋਲਡ, 19 ਸਿਲਵਰ ਤੇ 3 ਬਰੌਂਜ ਮੈਡਲ ਜਿੱਤੇ ਅਤੇ 41 ਪਲੇਅਰ ਸਕੂਲ ਪ੍ਰਾਇਮਰੀ ਬਲਾਕ ਲੈਵਲ ਲਈ ਸਿਲੈਕਟ ਹੋਏ।ਇਸ ਸਮੇਂ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ, ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਬੱਚਿਆਂ ਅਤੇ ਡੀ. ਪੀ. ਈ. ਗੁਰਪ੍ਰੀਤ ਸਿੰਘ, ਮੈਡਮ ਸੁਨੀਤਾ ਸ਼ਰਮਾ ਤੇ ਪਰਮਿੰਦਰ ਸਿੰਘ ਨੂੰ ਵਧਾਈਆਂ ਦਿੰਦੇ ਹੋਏ ਖੂਬ ਪ੍ਰਸ਼ੰਸਾ ਕੀਤੀ।

# ਚੰਨੂੰਵਾਲਾ ਦੀ ਗ੍ਰਾਮ ਪੰਚਾਇਤ ਨੂੰ ਸਾਂਸਦ ਖਾਲਸਾ ਵੱਲੋਂ ਪਾਣੀ ਵਾਲੀ ਟੈਂਕੀ ਭੇਟ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਵਲੋਂ ਇੱਥੋਂ ਥੋੜ੍ਹੀ ਦੂਰੀ 'ਤੇ ਸਥਿਤ ਪਿੰਡ ਚੰਨੂੰਵਾਲਾ ਦੀ ਗ੍ਰਾਮ ਪੰਚਾਇਤ ਨੂੰ ਇਕ ਪਾਣੀ ਵਾਲੀ ਟੈਂਕੀ ਭੇਟ ਕੀਤੀ ਗਈ ਹੈ, ਤਾਂ ਜੋ ਪਿੰਡ ਦੇ ਸਾਂਝੇ ਕੰਮਾਂ ਲਈ ਇਸ ਦੀ ਵਰਤੋਂ ਹੋ ਸਕੇ।ਇਸ ਸਬੰਧੀ ਪਿੰਡ ਦੇ ਸਰਪੰਚ ਕੁਲਜੀਤ ਸਿੰਘ ਲੱਖਾ ਨੇ ਗੱਲਬਾਤ ਕਰਦਿਆਂ ਆਖਿਆ ਕਿ ਪਿੰਡ ਨੂੰ ਪਾਣੀ ਵਾਲੀ ਟੈਂਕੀ ਦੀ ਬਹੁਤ ਜ਼ਿਆਦਾ ਜ਼ਰੂਰਤ ਸੀ, ਕਿਉਂਕਿ ਜਦੋਂ ਕਦੇ ਵੀ ਕੋਈ ਧਾਰਮਿਕ ਜਾਂ ਕੋਈ ਹੋਰ ਸਾਂਝੇ ਸਮਾਗਮ ਹੁੰਦੇ ਸਨ ਤਾਂ ਉਸ ਵੇਲੇ ਬਹੁਤ ਵੱਡੀ ਸਮੱਸਿਆ ਪੈਦਾ ਹੁੰਦਾ ਸੀ ਅਤੇ ਸਾਨੂੰ ਟੈਂਕੀ ਕਿਰਾਏ 'ਤੇ ਠੇਕੇਦਾਰਾਂ ਵੱਲੋਂ ਲੈਣੀ ਪੈਂਦੀ ਸੀ।

ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਜੋ ਟੈਂਕੀ ਪਿੰਡ ਦੀ ਗ੍ਰਾਮ ਪੰਚਾਇਤ ਨੂੰ ਭੇਟ ਕੀਤੀ ਹੈ, ਉਹ ਬਹੁਤ ਹੀ ਵਧੀਆ ਦੋ ਲੱਖ ਰੁਪਏ ਦੀ ਲਾਗਤ ਨਾਲ ਸਟੀਲ ਦੀ ਬਣੀ ਹੋਈ ਹੈ ਅਤੇ ਇਸ ਵਿੱਚ 300 ਲਿਟਰ ਦੇ ਲਗਭਗ ਪਾਣੀ ਪੈਂਦਾ ਹੈ।ਸਰਪੰਚ ਲੱਖਾ ਤੇ ਪਿੰਡ ਦੀ ਸਮੁੱਚੀ ਪੰਚਾਇਤ ਨੇ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਦਾ ਧੰਨਵਾਦ ਕੀਤਾ।ਇਸ ਮੌਕੇ ਬੀਡੀਪੀਓ ਹਰਪਾਲ ਸਿੰਘ, ਸੂਰਜ ਕੁਮਾਰ ਜੇਈ, ਸੁਖਵਿੰਦਰ ਸਿੰਘ ਗ੍ਰਾਮ ਸੇਵਕ, ਮਨਦੀਪ ਸਿੰਘ ਸੈਕਟਰੀ, ਮੈਂਬਰ ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਗੋਹਲਾ ਸਿੰਘ, ਹਰਨੇਕ ਸਿੰਘ, ਗੁਰਵੀਰ ਸਿੰਘ, ਕੁਲਦੀਪ ਸਿੰਘ ਯੂ.ਐੱਸ.ਏ., ਨਵਜੀਤ ਸਿੰਘ ਮਨੀਲਾ, ਦਲਜੀਤ ਸਿੰਘ ਫੌਜੀ, ਰਾਜੂ ਮਿਸਤਰੀ, ਅਵਤਾਰ ਸਿੰਘ, ਜਗਜੀਤ ਸਿੰਘ ਜੱਗਾ, ਗੁਰਸੇਵਕ ਸਿੰਘ ਦੇ ਇਲਾਵਾ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਅਗਰਸੈਨ ਜਯੰਤੀ ਤੇ ਸੂਬਾ ਪੱਧਰੀ ਸਮਾਗਮ 22 ਨੂੰ

**ਜਗਰਾਓਂ (ਅਮਿਤ ਖੰਨਾ)**-ਸ੍ਰੀ ਅਗਰਸੈਨ ਸੰਮਤੀ ਵੱਲੋਂ ਅਗਰਸੈਨ ਜਯੰਤੀ ਤੇ ਸੂਬਾ ਪੱਧਰੀ ਸਮਾਗਮ ਪੁਰਾਣੀ ਦਾਣਾ ਮੰਡੀ ਵਿਖੇ 22 ਸਤੰਬਰ ਦੀ ਰਾਤ ਨੂੰ ਕਰਾਇਆ ਜਾ ਰਿਹਾ ਹੈ।'ਸਾਲਾਨਾ ਏਕ ਸ਼ਾਮ ਸ੍ਰੀ ਅਗਰਸੈਨ ਜੀ ਕੇ ਨਾਂਅ' ਸਮਾਗਮ ਵਿੱਚ ਸ਼ਿਆਮ ਜਗਤ ਦੇ ਪ੍ਰਸਿੱਧ ਸਿੰਗਰ ਰਾਜ ਪਾਰਿਕ ਕਲਕੱਤਾ ਵਾਲੇ ਤੇ ਵਿਸ਼ਾਲ ਗੋਇਲ ਧੂਰੀ ਵਾਲੇ ਵਿਖੇ ਪਹਿਲੀ ਵਾਰ ਮਹਾਰਾਜਾ ਅਗਰਸੈਨ ਜੀ ਦਾ ਗੁਣਗਾਨ ਕਰਨਗੇ। ਸ੍ਰੀ ਅਗਰਸੈਨ ਸੰਮਤੀ ਦੇ ਸਤਵੇ ਸੂਬਾ ਪੱਧਰੀ ਸਮਾਗਮ ਦੀਆਂ ਵੱਡੇ ਪੱਧਰ 'ਤੇ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਸੰਸਥਾ ਵੱਲੋਂ ਸੂਬੇ ਭਰ ਵਿਚ ਪ੍ਰਚਾਰ ਸਮੱਗਰੀ ਵੰਡਣ ਦੇ ਨਾਲ-ਨਾਲ ਸਮਾਗਮ ਦੇ ਸੱਦਾ ਪੱਤਰ ਵੱਖ-ਵੱਖ ਸ਼ਖ਼ਸੀਅਤਾਂ ਨੂੰ ਭੇਜੇ ਗਏ ਹਨ।ਸ੍ਰੀ ਅਗਰਸੈਨ ਸੰਮਤੀ ਦੇ ਚੇਅਰਮੈਨ ਅਨਮੋਲ ਗਰਗ, ਪ੍ਰਧਾਨ ਕਮਲਦੀਪ ਬਾਂਸਲ, ਉਪ ਪ੍ਰਧਾਨ ਦੀਪਕ ਗੋਇਲ, ਜਨਰਲ ਸਕੱਤਰ ਅਮਿਤ ਬਾਂਸਲ ਤੇ ਮੋਹਿਤ ਗੋਇਲ, ਖ਼ਜ਼ਾਨਚੀ ਵੈਭਵ ਜੈਨ ਬਾਂਸਲ, ਸੋਸ਼ਲ ਮੀਡੀਆ ਇੰਚਾਰਜ ਹਿਮਾਂਸ਼ੂ ਸਿੰਗਲਾ ਤੇ ਸਕੱਤਰ ਪੁਨੀਤ ਬਾਂਸਲ ਨੇ ਦੱਸਿਆ ਕਿ 22 ਸਤੰਬਰ ਨੂੰ ਰਾਤ 7 ਵਜੇ ਸਾਲਾਨਾ ਸਮਾਗਮ ਸ਼ੁਰੂ ਹੋਵੇਗਾ। ਸਮਾਗਮ 'ਚ ਪਵਿੱਤਰ ਜੋਤ ਰਾਜਸਥਾਨ ਦੇ ਸ੍ਰੀ ਖਾਟੂ ਸ਼ਿਆਮ ਦਰਬਾਰ ਤੋਂ ਲਿਆਂਦੀ ਜਾਵੇਗੀ।ਸੰਸਥਾ ਦੇ ਸਾਰੇ ਅਹੁਦੇਦਾਰ ਤੇ ਮੈਂਬਰ ਆਪੋ ਆਪਣੀਆਂ ਡਿਊਟੀਆਂ ਅਨੁਸਾਰ ਸੇਵਾ ਵਿਚ ਜੁਟੇ ਹੋਏ ਹਨ।

# ਪੱਤਰਕਾਰ ਰੁਪਿੰਦਰ ਸਿੰਘ ਸੱਗੂ ਨੂੰ ਸਦਮਾ, ਵੱਡੇ ਭਰਾ ਦਾ ਦੇਹਾਂਤ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੀਨੀਅਰ ਪੱਤਰਕਾਰ ਤੇ ਪ੍ਰੈੱਸ ਕਲੱਬ ਸੁਨਾਮ ਦੇ ਪ੍ਰਧਾਨ ਰੁਪਿੰਦਰ ਸਿੰਘ ਸੱਗੂ ਨੂੰ ਬੀਤੇ ਦਿਨ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਵੱਡੇ ਭਰਾ ਇੰਦਰਜੀਤ ਸਿੰਘ ਸੱਗੂ ਦਾ ਅਚਾਨਕ ਦਿਹਾਂਤ ਹੋ ਗਿਆ।ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ ਇੰਦਰਜੀਤ ਸਿੰਘ ਸੱਗੂ ਦੇ ਅਚਾਨਕ ਹੋਏ ਦੇਹਾਂਤ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਪੰਜਾਬ ਸ੍ਰੀ ਅਮਨ ਅਰੋੜਾ, ਖਜ਼ਾਨਾ ਮੰਤਰੀ ਪੰਜਾਬ ਸ੍ਰ. ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਸ੍ਰੀ ਵਰਿੰਦਰ ਗੋਇਲ, ਸਾਬਕਾ ਮੰਤਰੀ ਪ੍ਰਮਿੰਦਰ ਸਿੰਘ ਢੀਂਡਸਾ, ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸ੍ਰੀ ਅਰਵਿੰਦ ਖੰਨਾ, ਸਾਬਕਾ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ, ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਭਾਜਪਾ ਆਗੂ ਮੈਡਮ ਦਾਮਨ ਥਿੰਦ ਬਾਜਵਾ, ਹਰਮਨ ਦੇਵ ਸਿੰਘ ਬਾਜਵਾ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਮੰਤਰੀ, ਜਥੇਦਾਰ ਗੁਰਪ੍ਰੀਤ ਸਿੰਘ ਲਖਮੀਰਵਾਲਾ, ਕਾਂਗਰਸੀ ਆਗੂ ਰਜਿੰਦਰ ਦੀਪਾ, ਵਿਨਰਜੀਤ ਸਿੰਘ ਗੋਲਡੀ, ਰਾਜਿੰਦਰ ਸਿੰਘ ਰਾਜਾ, ਮੰਡੀ ਬੋਰਡ ਦੇ ਸਾਬਕਾ ਵਾਈਸ ਚੇਅਰਮੈਨ ਰਵਿੰਦਰ ਸਿੰਘ ਚੀਮਾ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਪ੍ਰਿਤਪਾਲ ਸਿੰਘ ਹਾਂਡਾ, ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਭਾਜਪਾ ਆਗੂ ਅਮ੍ਰਿਤ ਪਾਲ ਸਿੰਘ ਚੱਠਾ, ਪੰਜਾਬ ਐਗਰੋ ਫੂਡ ਗ੍ਰੇਨ ਦੀ ਸਾਬਕਾ ਚੇਅਰਮੈਨ ਮੈਡਮ ਗੀਤਾ ਸ਼ਰਮਾ, ਜਗਤਜੀਤ ਇੰਡ. ਚੀਮਾ ਦੇ ਚੇਅਰਮੈਨ ਧਰਮ ਸਿੰਘ ਸਿੰਘ ਸਾਰੋ ਤੇ ਐੱਮ ਡੀ ਜਗਤਜੀਤ ਸਿੰਘ ਸਾਰੋ, ਜਸਵਿੰਦਰ ਸਿੰਘ ਧੀਮਾਨ, ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਪਰਮਜੀਤ ਸਿੰਘ ਧਾਲੀਵਾਲ, ਹਰਬੰਸ ਸਿੰਘ ਧਾਲੀਵਾਲ, ਮਨਿੰਦਰ ਸਿੰਘ ਧਾਲੀਵਾਲ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੰਦਰਜੀਤ ਸਿੰਘ ਸੱਗੂ ਦੀ ਅੰਤਿਮ ਅਰਦਾਸ 21 ਸਤੰਬਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਅਕਾਲਗੜ੍ਹ ਨੇੜੇ ਹਿੰਦੂ ਸਭਾ ਸਕੂਲ ਵਿਖੇ ਹੋਵੇਗੀ।

**ਅੰਤਿਮ ਅਰਦਾਸ ਭਲਕੇ**



# ਕੈਪਟਨ ਹਰਚਰਨ ਸਿੰਘ ਰੋਡੇ ਦਾ ਯੂਨਾਈਟਡ ਅਕਾਲੀ ਦਲ ਵੱਲੋਂ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੈਪਟਨ ਹਰਚਰਨ ਸਿੰਘ ਰੋਡੇ, ਜੋ ਬਿਰਧ ਅਵਸਥਾ ਵਿੱਚ ਹਨ, ਪਰ ਕੈਪਟਨ ਸਾਹਿਬ ਨੇ ਕੌਮ ਦੇ ਬਿਖੜੇ ਸਮੇਂ ਵਿੱਚ ਪੰਥ ਤੇ ਸੰਯੁਕਤ ਅਕਾਲੀ ਦਲ ਲਈ ਦਿਨ ਰਾਤ ਇੱਕ ਕਰਕੇ ਕੰਮ ਕੀਤਾ। ਕੈਪਟਨ ਸਾਹਿਬ ਬੜੀ ਦ੍ਰਿੜ੍ਹਤਾ ਤੇ ਦਲੀਲਬਾਜ਼ੀ ਨਾਲ ਵੱਡੇ ਵੱਡੇ ਅਫਸਰਾਂ ਤੇ ਲੀਡਰਾਂ ਸਾਹਮਣੇ ਆਪਣਾ ਪੱਖ ਰੱਖਦੇ।ਦਿਲ ਵਿੱਚ ਹਮੇਸ਼ਾ ਮਨੁੱਖਤਾਵਾਦੀ ਸੋਚ ਰੱਖ ਕੇ ਕੰਮ ਕਰਦੇ ਪਾਰਟੀ ਵਰਕਰਾਂ ਦਾ ਮਾਣ ਸਤਿਕਾਰ ਕਰਕੇ ਪਾਰਟੀ ਵਿੱਚ ਵੱਡਾ ਵਾਧਾ ਕੀਤਾ ਸਟੇਜ 'ਤੇ ਸੱਚੀਆਂ ਤੇ ਦਲੀਲ ਭਰੀਆਂ ਗੱਲਾਂ ਕਰਕੇ ਲੋਕਾਂ ਨੂੰ ਕੀਲ੍ਹ ਲੈਂਦੇ ਸਨ ਅਤੇ ਖਾਲੀ ਪੰਡਾਲ ਭਰ ਲੈਂਦੇ ਸਨ, ਜਿਸ ਸਦਕਾ 1989 ਵਿੱਚ ਬਾਬਾ ਜੋਗਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਪਾਰਟੀ ਨੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ 13 ਵਿੱਚੋਂ 11 ਸੀਟਾਂ ਜਿੱਤ ਲਈਆਂ ਪਹਿਲੀ ਵਾਰ ਹੋਇਆ ਸੀ ਕਿ ਸਾਰੇ ਵਿਰੋਧੀਆਂ ਦੀਆਂ ਜਮਾਨਤਾਂ ਜਬਤ ਹੋਈਆਂ। ਕੈਪਟਨ ਸਾਹਿਬ ਨੇ ਪਾਰਟੀ ਦੀ ਪੂਰੀ ਚੜ੍ਹਾਈ ਵੇਲੇ ਲੋਕ ਸਭਾ ਫਰੀਦਕੋਟ ਤੋਂ ਆਪ ਚੋਣ ਨਹੀਂ ਲੜੀ, ਸਗੋਂ ਪੁਰਾਣੇ ਅਕਾਲੀ ਆਗੂ ਜਗਦੇਵ ਸਿੰਘ ਖੁੱਡੀਆਂ ਨੂੰ ਮੈਂਬਰ ਪਾਰਲੀਮੈਂਟ ਬਣਾਇਆ। ਕੈਪਟਨ ਸਾਹਿਬ ਪੰਥ ਦੇ ਵਫਾਦਾਰ ਸਿਪਾਹੀ ਹੋਣ ਦੇ ਨਾਤੇ ਹਮੇਸ਼ਾ ਪੰਥ ਏਕਤਾ ਦੇ ਮਦਈ ਰਹੇ, ਜਿਸ ਸਦਕਾ ਆਪ ਨੇ 1996 ਵਿੱਚ ਪਾਰਟੀ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਸੰਤ ਬਾਬਾ ਅਜੀਤ ਸਿੰਘ ਪਰਵਾਰ ਵਿਛੋੜੇ ਵਾਲਿਆਂ ਨੂੰ ਪ੍ਰਧਾਨ ਬਣਾ ਲਿਆ। ਕੈਪਟਨ ਸਾਹਿਬ ਦੀਆਂ ਪੰਥ ਪ੍ਰਤੀ ਤੇ ਪਾਰਟੀ ਪ੍ਰਤੀ ਸੇਵਾਵਾਂ ਨੂੰ ਵੇਖਦੇ ਹੋਏ ਯੂਨਾਈਟਿਡ ਅਕਾਲੀ ਦਲ ਜ਼ਿਲ੍ਹਾ ਮੋਗਾ ਦੀ ਜਥੇਬੰਦੀ ਵੱਲੋਂ ਜਥੇਦਾਰ ਬੂਟਾ ਸਿੰਘ ਦੀ ਅਗਵਾਈ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਪਿੰਡ ਰੋਡੇ ਵਿੱਚ ਜਾ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਜਥੇਦਾਰ ਕਰੋੜ ਸਿੰਘ ਤਲਵੰਡੀ, ਹਰਪ੍ਰੀਤ ਸਿੰਘ ਧੱਲੇਕੇ, ਬਲਜੀਤ ਸਿੰਘ ਅਕਾਲੀਆਂ ਵਾਲਾ, ਪਰਮਜੀਤ ਸਿੰਘ ਧੱਲੇਕੇ, ਗੁਰਲਾਭ ਸਿੰਘ ਧਰਮਕੋਟ, ਭੁਪਿੰਦਰ ਸਿੰਘ ਵੜੈਚ, ਪਿਸ਼ੌਰਾ ਸਿੰਘ ਧਰਮਕੋਟ, ਨਿਰਮਲ ਸਿੰਘ ਪ੍ਰਧਾਨ ਧਰਮਕੋਟ, ਬਿੱਕਰ ਸਿੰਘ ਧਰਮਕੋਟ, ਸੁੱਖਾ ਸਿੰਘ ਧਰਮਕੋਟ, ਸੁਖਦੇਵ ਸਿੰਘ ਧਰਮਕੋਟ, ਜਥੇਦਾਰ ਬੂਟਾ ਸਿੰਘ ਧੱਲੇ ਕੇ, ਮਨਿੰਦਰ ਸਿੰਘ ਮੋਗਾ, ਜਲੌਰ ਸਿੰਘ ਰਣਸੀਹ ਖੁਰਦ, ਜੋਧਾ ਸਿੰਘ ਮਾਣੂਕੇ, ਜਗਸੀਰ ਸਿੰਘ ਰਣਸੀਹ ਕਲਾਂ, ਜਸਵਿੰਦਰ ਸਿੰਘ ਸਮਾਲਸਰ, ਬਲਵੰਤ ਸਿੰਘ ਬਾਘਾ ਪੁਰਾਣਾ, ਜਗਦੀਪ ਸਿੰਘ ਨਿਹਾਲ ਸਿੰਘ ਵਾਲਾ, ਜਥੇਦਾਰ ਸੁਖਦੇਵ ਸਿੰਘ ਖਿਆਲੀ, ਹਜ਼ੂਰਾ ਸਿੰਘ ਮੰਦਰ, ਹਰਵਿੰਦਰ ਸਿੰਘ ਲੰਗੇਆਣਾ, ਹਰਪਾਲ ਸਿੰਘ ਰੋਡੇ ਤੇ ਭਤੀਜਾ ਭਾਈ ਜਗਤਾਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਹਾਜ਼ਰ ਸਨ।

# ਪੁੱਤ ਵੱਲੋਂ ਕੈਂਚੀਆਂ ਮਾਰ ਕੇ ਪਿਓ ਦਾ ਕਤਲ, ਕੇਸ ਦਰਜ



ਪਰਮਜੀਤ ਦੀ ਫਾਈਲ ਫੋਟੋ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਪੱਤੋਂ ਵਿਖੇ ਇੱਕ ਨੌਜਵਾਨ ਵੱਲੋਂ ਕੈਂਚੀਆਂ ਮਾਰ ਕੇ ਆਪਣੇ ਪਿਤਾ ਦਾ ਕਤਲ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਰਣਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਪਿੰਡ ਪੱਤੋਂ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਨ੍ਹਾਂ ਦੇ ਦੋ ਲੜਕੇ ਹਨ। ਵੱਡਾ ਲੜਕਾ ਵਿਦੇਸ਼ ਵਿੱਚ ਰਹਿੰਦਾ ਹੈ, ਜਦੋਂ ਕਿ ਛੋਟਾ ਲੜਕਾ ਵਰਿੰਦਰ ਪ੍ਰੀਤ ਸਿੰਘ (24) ਉਨ੍ਹਾਂ ਨਾਲ ਘਰ ਵਿੱਚ ਰਹਿ ਕੇ ਪਸ਼ੂਆਂ ਦੀ ਦੇਖ-ਭਾਲ ਦਾ ਕੰਮ ਕਰਦਾ ਹੈ।ਬੀਤੇ ਕੱਲ੍ਹ ਵਰਿੰਦਰ ਪ੍ਰੀਤ ਸਿੰਘ ਦਾ ਜਨਮ ਦਿਨ ਸੀ, ਜਿਸ ਨੇ ਆਪਣਾ ਜਨਮ ਦਿਨ ਮਨਾਉਣ ਲਈ ਪਿਤਾ ਪਰਮਜੀਤ ਸਿੰਘ ਤੋਂ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ, ਜਿਸ ਸਬੰਧੀ ਅਸਮਰਥਾ ਜਤਾਉਂਦੇ ਹੋਏ ਪਰਮਜੀਤ ਸਿੰਘ ਨੇ ਉਸ ਨੂੰ ਕਿਹਾ ਕਿ ਉਹ ਇੱਕ ਹਜ਼ਾਰ ਰੁਪਏ ਲੈ ਲਵੇ, ਜਿਸ 'ਤੇ ਗੁੱਸੇ ਵਿੱਚ ਆਇਆ ਵਰਿੰਦਰ ਪ੍ਰੀਤ ਸਿੰਘ ਆਪਣੇ ਪਿਤਾ ਨਾਲ ਹੱਥੋਪਾਈ ਹੋ ਗਿਆ, ਜਿਨ੍ਹਾਂ ਦਾ ਰੌਲਾ ਸੁਣ ਕੇ ਗਵਾਂਢ 'ਚ ਰਹਿੰਦਾ ਪਰਮਜੀਤ ਸਿੰਘ ਦੇ ਚਾਚੇ ਦਾ ਲੜਕਾ ਕਮਲਜੀਤ ਸਿੰਘ ਵੀ ਮੌਕੇ 'ਤੇ ਆ ਗਿਆ, ਜਿਸ ਨੇ ਪਰਮਜੀਤ ਸਿੰਘ ਨੂੰ ਵਰਿੰਦਰ ਪ੍ਰੀਤ ਸਿੰਘ ਤੋਂ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਨਾਲ ਵੀ ਹੱਥੋਪਾਈ ਹੋ ਗਿਆ।ਇਸੇ ਦੌਰਾਨ ਤੈਸ਼ 'ਚ ਆਏ ਵਰਿੰਦਰ ਪ੍ਰੀਤ ਸਿੰਘ ਨੇ ਘਰ ਵਿੱਚ ਪਈ ਇੱਕ ਕੈਂਚੀ ਚੁੱਕ ਕੇ ਪਿਤਾ ਪਰਮਜੀਤ ਸਿੰਘ ਦੇ ਛਾਤੀ ਤੇ ਢਿੱਡ 'ਤੇ ਵਾਰ ਕਰ ਦਿੱਤੇ ਤੇ ਮੌਕੇ ਤੋਂ ਦੌੜ ਗਿਆ।ਇਸ ਹਮਲੇ ਕਾਰਨ ਗੰਭੀਰ ਜ਼ਖ਼ਮੀ ਹੋਇਆ ਪਰਮਜੀਤ ਸਿੰਘ ਲਹੂ ਲੁਹਾਣ ਹੋ ਕੇ ਧਰਤੀ 'ਤੇ ਡਿੱਗ ਪਿਆ, ਜਿਸ ਨੂੰ ਪਤਨੀ ਤੇ ਗਵਾਂਢੀਆਂ ਵੱਲੋਂ ਚੁੱਕ ਕੇ ਇਲਾਜ ਲਈ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਪਹੁੰਚਾਇਆ ਗਿਆ, ਜਿੱਥੇ ਚੈੱਕ ਕਰਨ ਉਪਰੰਤ ਡਾਕਟਰਾਂ ਨੇ ਪਰਮਜੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਮ੍ਰਿਤਕ ਦੀ ਪਤਨੀ ਰਣਜੀਤ ਕੌਰ ਦੇ ਬਿਆਨਾਂ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 103(1) ਬੀ.ਐਨ.ਐਸ. ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਮ੍ਰਿਤਕ ਦੇ ਲੜਕੇ ਵਰਿੰਦਰ ਪ੍ਰੀਤ ਸਿੰਘ ਵਾਸੀ ਪਿੰਡ ਪੱਤੋਂ ਨੂੰ ਨਾਮਜ਼ਦ ਕਰ ਕੇ ਪੁਲਸ ਵੱਲੋਂ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਅਗਸਤ ਮਹੀਨੇ ਦੀ ਤਨਖਾਹ ਨਾ ਮਿਲਣ ਕਾਰਨ ਕੰਪਿਊਟਰ ਅਧਿਆਪਕਾਂ 'ਚ ਭਾਰੀ ਰੋਸ

**23 ਨੂੰ ਕਾਲੀਆਂ ਝੰਡੀਆਂ ਨਾਲ ਕੀਤਾ ਜਾਵੇਗਾ ਚੰਡੀਗੜ੍ਹ ਵੱਲ ਰੋਸ ਮਾਰਚ**

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਸਤੰਬਰ ਮਹੀਨੇ ਦੇ ਤਿੰਨ ਹਫ਼ਤੇ ਬੀਤ ਜਾਣ ਦੇ ਬਾਅਦ ਵੀ ਤਨਖਾਹ ਨਾ ਮਿਲਣ ਕਾਰਨ ਕੰਪਿਊਟਰ ਅਧਿਆਪਕਾਂ ਵਿੱਚ ਭਾਰੀ ਨਿਰਾਸ਼ਾ ਤੇ ਪੰਜਾਬ ਸਰਕਾਰ ਖ਼ਿਲਾਫ਼ ਭਾਰੀ ਰੋਸ ਹੈ।ਹਮੇਸ਼ਾ ਦੀ ਤਰ੍ਹਾਂ ਬਾਕੀ ਸਰਕਾਰਾਂ ਵਾਂਗ ਪੰਜਾਬ ਦੀ ਮੌਜੂਦਾ ਸਰਕਾਰ ਕੰਪਿਊਟਰ ਅਧਿਆਪਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਜਿੱਥੇ ਬਾਕੀ ਮੁਲਾਜ਼ਮਾਂ ਨੂੰ ਅਗਸਤ ਮਹੀਨੇ ਦੀ ਤਨਖਾਹ ਸਤੰਬਰ ਮਹੀਨੇ ਦੇ ਸ਼ੁਰੂਆਤ ਵਿੱਚ ਪ੍ਰਾਪਤ ਹੋ ਚੁੱਕੀ ਹੈ, ਉਥੇ ਹੀ ਮੁੱਖ ਦਫਤਰ, ਵਿੱਤ ਵਿਭਾਗ ਤੇ ਸਰਕਾਰ ਦੀ ਅਣਗਹਿਲੀ ਕਾਰਨ ਕੰਪਿਊਟਰ ਅਧਿਆਪਕਾਂ ਨੂੰ ਤਨਖਾਹ ਨਾ ਮਿਲਣ ਕਾਰਨ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦਾ ਮੁੱਖ ਕਾਰਨ ਤਨਖਾਹ ਦਾ ਪੇਚੀਦਾ ਪ੍ਰਬੰਧ ਹੈ, ਜੋ ਮੁੱਖ ਦਫ਼ਤਰ ਵੱਲੋਂ ਅਪਣਾਇਆ ਜਾ ਰਿਹਾ ਹੈ ਅਤੇ ਇਸ ਦੇ ਚੱਲਦੇ ਹਰ ਵਾਰ ਤਨਖਾਹ ਮਿਲਣ ਵਿੱਚ ਦੇਰੀ ਹੁੰਦੀ ਹੈ।ਹਰ ਮਹੀਨੇ ਤਨਖਾਹ ਲੇਟ ਹੋਣ ਦਾ ਵਰਤਾਰਾ ਬਹੁਤ ਲੰਬੇ ਸਮੇਂ ਤੋਂ ਕੰਪਿਊਟਰ ਅਧਿਆਪਕਾਂ ਨੂੰ ਝੱਲਣਾ ਪੈ ਰਿਹਾ, ਜਿਸ ਦੇ ਚਲਦਿਆਂ ਕੰਪਿਊਟਰ ਅਧਿਆਪਕਾਂ ਨੂੰ ਆਪਣੇ ਘਰ ਦੇ ਜ਼ਰੂਰੀ ਖਰਚੇ ਕਰਨ ਵਿੱਚ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੀ ਜਥੇਬੰਦੀ ਵੱਲੋਂ ਤਨਖਾਹ ਜਾਰੀ ਕਰਨ ਦੇ ਪ੍ਰਬੰਧ ਨੂੰ ਸਰਲ਼ ਬਣਾਉਂਦੇ ਹੋਏ ਸਕੂਲ ਪੱਧਰ 'ਤੇ ਕਰਨ ਸਬੰਧੀ ਵਾਰ ਵਾਰ ਮੰਗ ਕੀਤੀ ਜਾ ਰਹੀ ਹੈ, ਪਰ ਪੰਜਾਬ ਸਰਕਾਰ ਦਾ ਇਸ ਗੰਭੀਰ ਮੁੱਦੇ ਵੱਲ ਕੋਈ ਧਿਆਨ ਨਹੀਂ, ਜਿਸ ਦੇ ਨਤੀਜੇ ਵਜੋਂ ਪੰਜਾਬ ਭਰ ਦੇ ਸਮੂਹ ਕੰਪਿਊਟਰ ਅਧਿਆਪਕ 23 ਸਤੰਬਰ ਨੂੰ ਮੋਹਾਲੀ ਵਿਖੇ ਸਿੱਖਿਆ ਭਵਨ ਪੰਜਾਬ ਦੇ ਮੁੱਖ ਦਫਤਰ ਦੇ ਗੇਟ ਸਾਹਮਣੇ ਇਕੱਠੇ ਹੋ ਕੇ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵੱਲ ਕਾਲੀਆਂ ਝੰਡੀਆਂ ਨਾਲ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨਗੇ, ਜਿਸ ਵਿੱਚ ਪੰਜਾਬ ਭਰ ਦੇ ਕੰਪਿਊਟਰ ਅਧਿਆਪਕਾਂ ਦੇ ਨਾਲ ਨਾਲ ਉਨ੍ਹਾਂ ਦੇ ਪਰਵਾਰ ਵੀ ਸ਼ਮੂਲੀਅਤ ਕਰਨਗੇ।ਜਥੇਬੰਦੀ ਦੇ ਸੂਬਾਈ ਆਗੂ ਜੋਨੀ ਸਿੰਗਲਾ, ਰਣਜੀਤ ਸਿੰਘ, ਨਰਦੀਪ ਸ਼ਰਮਾ, ਸੁਨੀਤ ਸਰੀਨ, ਬਵਲੀਨ ਬੇਦੀ, ਪਰਮਵੀਰ ਸਿੰਘ, ਰਜਵੰਤ ਕੌਰ, ਕਰਮਜੀਤ ਪੁਰੀ, ਰਾਕੇਸ਼ ਸੈਣੀ, ਅੰਜੂ ਜੈਨ, ਕੁਲਵਿੰਦਰ ਸਿੰਘ, ਗਗਨਦੀਪ ਸਿੰਘ, ਦਿਸ਼ਕਰਨ ਕੌਰ, ਸੀਮਾ ਰਾਣੀ, ਬਲਜੀਤ ਸਿੰਘ, ਸੁਮਨ ਭਾਰਦਵਾਜ, ਰਘੁਵੀਰ ਸਿੰਘ, ਰਮਨ ਵਸ਼ਿਸ਼ਟ, ਧਰਮਿੰਦਰ ਸਿੰਘ, ਗੁਰਬਖਸ਼ ਲਾਲ, ਪਵਨਜੀਤ ਸਿੰਘ, ਸ਼ਮਸ਼ੇਰ ਸਿੰਘ, ਜਗਰਾਜ ਸਿੰਘ ਤੇ ਮਨਪ੍ਰੀਤ ਸਿੰਘ ਨੇ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਤਨਖਾਹ ਹਰ ਮੁਲਾਜ਼ਮ ਦਾ ਮੁੱਢਲਾ ਹੱਕ ਹੈ ਤੇ ਹਰ ਮੁਲਾਜ਼ਮ ਦੀਆਂ ਮੁੱਢਲੀਆਂ ਘਰੇਲੂ ਲੋੜਾਂ ਤਨਖਾਹ ਉੱਤੇ ਨਿਰਭਰ ਹੁੰਦੀਆਂ ਹਨ।ਇਸ ਲਈ ਤਨਖਾਹ ਵਿੱਚ ਦੇਰੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਤਨਖਾਹ ਦੇ ਤੁਰੰਤ ਹੱਲ ਲਈ ਮੋਹਾਲੀ ਤੋਂ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਦਾ ਕਾਲੀਆਂ ਝੰਡੀਆਂ ਨਾਲ ਘਿਰਾਓ ਕੀਤਾ ਜਾਵੇਗਾ, ਜਿਸ ਦੀ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਹੋਵੇਗੀ।

# ਬਿਨਾਂ ਲੈਵਲ ਕੀਤੇ ਸੜਕ ਬਣਾਉਣ ਖਿਲਾਫ ਮਜ਼ਦੂਰਾਂ ਵੱਲੋਂ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਲਾਲ ਮਾਜਰਾ ਤੋਂ ਧਨੇਰ ਲਿੰਕ ਸੜਕ ਬਣਾਉਣ ਨੂੰ ਲੈ ਕੇ ਮਜ਼ਦੂਰ ਪਰਵਾਰਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਸੜਕ ਉਨ੍ਹਾਂ ਦੇ ਘਰਾਂ ਕੋਲੋਂ ਬਿਨਾਂ ਲੈਵਲ ਕੀਤੇ ਬਣਾਈ ਜਾ ਰਹੀ ਹੈ, ਜਿਸ ਕਰਕੇ ਉਨ੍ਹਾਂ ਨੂੰ ਬਰਸਾਤ ਦੇ ਮੌਸਮ 'ਚ ਪਾਣੀ ਘਰਾਂ ਅੰਦਰ ਭਰਨ ਨਾਲ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਮਜ਼ਦੂਰ ਪਰਵਾਰਾਂ ਨੇ ਸੜਕ ਦਾ ਕੰਮ ਰੋਕ ਕੇ ਪੰਜਾਬ ਸਰਕਾਰ ਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਸਪੱਸ਼ਟ ਕਿਹਾ ਕਿ ਜਦੋਂ ਤੱਕ ਸੜਕ ਪੂਰੇ ਲੈਵਲ ਨਾਲ ਨਹੀਂ ਬਣਾਈ ਜਾਂਦੀ, ਉਸ ਦਾ ਕੰਮ ਨਹੀਂ ਚੱਲਣ ਦਿੱਤਾ ਜਾਵੇਗਾ। ਇਸ ਮੌਕੇ ਸਾਬਕਾ ਸਰਪੰਚ ਚੇਤਨ ਸਿੰਘ, ਕੈਪਟਨ ਚਰਨਜੀਤ ਸਿੰਘ, ਕੁਲਵਿੰਦਰ ਸਿੰਘ, ਬੇਅੰਤ ਸਿੰਘ, ਗੁਰਮੀਤ ਸਿੰਘ, ਤਾਰਾ ਸਿੰਘ, ਅਜਮੇਰ ਸਿੰਘ, ਕਮਲਜੀਤ ਸਿੰਘ, ਕੁਲਵੰਤ ਸਿੰਘ ਆਦਿ ਨੇ ਕਿਹਾ ਕਿ ਪਿਛਲੇ ਤਿੰਨ ਦਹਾਕੇ ਤੋਂ ਵੱਧ ਸਮੇਂ ਤੋਂ ਮਜ਼ਦੂਰਾਂ ਦੀ ਇਹ ਮੁਸ਼ਕਲ ਗੰਭੀਰ ਬਣੀ ਹੋਈ ਹੈ।ਹਰ ਵਾਰ ਬਿਨਾਂ ਲੈਵਲ ਸੜਕ ਬਣਨ ਕਾਰਨ ਪਿੰਡ ਦਾ ਪਾਣੀ ਇਕੱਠਾ ਹੋ ਕੇ ਮਜ਼ਦੂਰਾਂ ਦੇ ਘਰਾਂ 'ਚ ਦਾਖ਼ਲ ਹੋ ਜਾਂਦਾ ਹੈ। ਘਰਾਂ ਅੰਦਰ ਪਾਣੀ ਆਉਣ ਕਾਰਨ ਪਰਵਾਰਾਂ ਦਾ ਜਿਊਣਾ ਦੁੱਭਰ ਹੋਇਆ ਪਿਆ ਹੈ।

ਮਜ਼ਦੂਰਾਂ ਨੇ ਮਹਿਕਮੇ ਕੋਲੋਂ ਮੰਗ ਕੀਤੀ ਕਿ ਮਜ਼ਦੂਰ ਘਰਾਂ ਦਾ ਪਾਣੀ ਪਹਿਲਾਂ ਦੀ ਤਰ੍ਹਾਂ ਡਰੇਨ ਵੱਲ ਮੋੜਿਆ ਜਾਵੇ, ਪਿੰਡ ਦਾ ਹੋਰ ਇਕੱਠਾ ਹੋਇਆ ਪਾਣੀ ਕੱਚੇ ਰਾਹ ਰਾਹੀਂ ਪਿੰਡ ਛੀਨੀਵਾਲ ਕਲਾਂ ਵੱਲ ਜਾਂਦੀ ਡਰੇਨ 'ਚ ਜਾਂਦਾ ਕੀਤਾ ਜਾਵੇ।ਪਿੰਡ ਦੇ ਸਰਪੰਚ ਜਗਜੀਵਨ ਸਿੰਘ ਨੇ ਕਿਹਾ ਕਿ ਮਜ਼ਦੂਰ ਪਰਵਾਰਾਂ ਨੇ ਇਸ ਮੁਸ਼ਕਲ ਸਬੰਧੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਜਾਣੂ ਕਰਵਾ ਦਿੱਤਾ ਹੈ।ਉਨ੍ਹਾਂ ਭਰੋਸਾ ਦੁਆਇਆ ਕਿ ਸੜਕ ਦਾ ਕੰਮ ਮਜ਼ਦੂਰਾਂ ਦੀ ਮੰਗ ਅਨੁਸਾਰ ਹੀ ਕਰਵਾਇਆ ਜਾਵੇਗਾ।

# ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਟੈੱਟ ਮਾਮਲੇ 'ਚ ਕਰੇਗਾ ਰੀਵਿਊ ਪਟੀਸ਼ਨ ਦਾਇਰ

**ਕੇਂਦਰ ਸਰਕਾਰ ਦੇ ਸਿੱਖਿਆ ਅਧਿਕਾਰੀਆਂ ਨਾਲ ਕੀਤਾ ਸੰਪਰਕ**
**ਹੁਣ ਅਧਿਆਪਕਾਂ ਦੇ ਰੁਜ਼ਗਾਰ ਬਚਾਉਣ ਦਾ ਮਸਲਾ : ਸੁਰਿੰਦਰ ਕੰਬੋਜ**



**ਜਲਾਲਾਬਾਦ (ਪਰਮਜੀਤ ਢਾਬਾਂ)**
ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਨੇ ਸੁਪਰੀਮ ਕੋਰਟ ਦੇ ਟੀ ਈ ਟੀ ਫੈਸਲੇ 'ਤੇ ਸਮੀਖਿਆ ਪਟੀਸ਼ਨ ਦਾਇਰ ਕਰਨ ਅਤੇ ਆਰਟੀਈ ਐਕਟ ਦੀ ਧਾਰਾ 23 ਵਿੱਚ ਸੋਧ ਕਰਨ ਲਈ ਪ੍ਰਧਾਨ ਮੰਤਰੀ, ਸਿੱਖਿਆ ਮੰਤਰੀ ਨੂੰ ਮੰਗ ਪੱਤਰ ਸੌਂਪਿਆ ਹੈ।ਟੀ. ਈ. ਟੀ. ਸਿਲੇਬਸ ਤੇ ਪਾਸ ਅੰਕਾਂ ਨੂੰ ਸੋਧਣ ਲਈ ਰਾਸ਼ਟਰੀ ਅਧਿਆਪਕ ਸਿੱਖਿਆ ਕੌਂਸਲ ਨੂੰ ਵੀ ਮੰਗ ਪੱਤਰ ਸੌਂਪਿਆ ਹੈ।ਨਾਲ ਹੀ ਐੱਸਟੀਐੱਫਆਈ ਲੀਡਰਸ਼ਿਪ ਨੇ ਰੀਵਿਊ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਹੈ। 1 ਸਤੰਬਰ ਨੂੰ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ, ਜਿਨ੍ਹਾਂ ਅਧਿਆਪਕਾਂ ਦੀ ਰਿਟਾਇਰਮੈਂਟ ਵਿੱਚ ਪੰਜ ਸਾਲ ਤੋਂ ਵੱਧ ਸਮਾਂ ਬਚਿਆ ਹੈ, ਉਨ੍ਹਾਂ ਨੂੰ ਦੋ ਸਾਲਾਂ ਦੇ ਅੰਦਰ ਅਧਿਆਪਕ ਯੋਗਤਾ ਟੈਸਟ (ਟੀਈਟੀ) ਪਾਸ ਕਰਨਾ ਹੋਵੇਗਾ, ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਰਿਟਾਇਰ ਹੋਣਾ ਪਵੇਗਾ।ਇਸ ਫੈਸਲੇ ਨਾਲ ਲਗਭਗ 25 ਲੱਖ ਅਧਿਆਪਕ ਪ੍ਰਭਾਵਿਤ ਹੋਣਗੇ, ਜਿਨ੍ਹਾਂ ਦੀ ਨਿਯੁਕਤੀ 23 ਅਗਸਤ 2010 ਤੋਂ ਪਹਿਲਾਂ ਕੀਤੀ ਗਈ ਸੀ।ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਲਈ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ (ਐਸਟੀਐਫਆਈ) ਦੇ ਪ੍ਰਧਾਨ ਸੀ ਐੱਨ ਭਾਰਤੀ, ਜਨਰਲ ਸਕੱਤਰ ਚਾਵਾ ਰਵੀ ਤੇ ਖਜ਼ਾਨਚੀ ਟੀ ਕੇ ਏ ਸ਼ਫੀ ਨੇ 17 ਸਤੰਬਰ 2025 ਨੂੰ ਪ੍ਰਧਾਨ ਮੰਤਰੀ ਦਫਤਰ, ਸਾਊਥ ਬਲਾਕ ਤੇ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ, ਸ਼ਾਸਤਰੀ ਭਵਨ, ਨਵੀਂ ਦਿੱਲੀ ਨੂੰ ਇੱਕ ਮੰਗ ਪੱਤਰ ਸੌਂਪਿਆ।ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਰੀਵਿਊ ਪਟੀਸ਼ਨ ਦਾਇਰ ਕਰੇ ਤੇ ਆਰਟੀਈ ਐਕਟ ਦੀ ਧਾਰਾ 23 ਵਿੱਚ ਸੋਧ ਕਰੇ ਤਾਂ ਜੋ 23 ਅਗਸਤ 2010 ਤੋਂ ਬਾਅਦ ਨਿਯੁਕਤ ਕੀਤੇ ਗਏ ਅਧਿਆਪਕਾਂ ਲਈ ਹੀ ਟੀਈਟੀ ਲਾਜ਼ਮੀ ਬਣਾਇਆ ਜਾ ਸਕੇ।ਐੱਸਟੀਐੱਫਆਈ ਨੇ ਦੱਸਿਆ ਕਿ ਪਿਛਲੇ 15 ਸਾਲਾਂ ਵਿੱਚ ਨਾ ਤਾਂ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ (ਐੱਨਸੀਟੀਈ) ਤੇ ਨਾ ਹੀ ਰਾਜ ਸਰਕਾਰਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ 2010 ਤੋਂ ਪਹਿਲਾਂ ਨਿਯੁਕਤ ਕੀਤੇ ਗਏ ਅਧਿਆਪਕਾਂ ਲਈ ਟੀਈਟੀ ਲਾਜ਼ਮੀ ਹੈ।ਕੁਝ ਰਾਜਾਂ ਨੇ ਅਜਿਹੇ ਅਧਿਆਪਕਾਂ ਨੂੰ ਸਪੱਸ਼ਟ ਤੌਰ 'ਤੇ ਛੋਟ ਵੀ ਦਿੱਤੀ ਸੀ।ਨਤੀਜੇ ਵਜੋਂ, ਸੀਨੀਅਰ ਅਧਿਆਪਕਾਂ ਨੇ ਹੁਣ ਤੱਕ ਟੀ. ਈ. ਟੀ. ਦੀ ਤਿਆਰੀ ਨਹੀਂ ਕੀਤੀ ਸੀ।ਸਿਵਲ ਅਪੀਲ ਨੰਬਰ ਵਿੱਚ ਸੁਪਰੀਮ ਕੋਰਟ ਦਾ ਫੈਸਲਾ 1385/2025 ਮਿਤੀ 1 ਸਤੰਬਰ, 2025 ਹੁਣ ਉਨ੍ਹਾਂ ਦੀ ਸੇਵਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਰਿਹਾ ਹੈ। ਐੱਸਟੀਐੱਫਆਈ ਦੇ ਪੰਜਾਬ ਤੋਂ ਸਕੱਤਰ ਸੁਰਿੰਦਰ ਕੰਬੋਜ ਨੇ ਕੇਂਦਰ ਸਰਕਾਰ ਤੋਂ ਦਖਲ ਦੇਣ ਤੇ ਇਨ੍ਹਾਂ ਅਧਿਆਪਕਾਂ ਦੀਆਂ ਨੌਕਰੀਆਂ ਬਚਾਉਣ ਦੀ ਮੰਗ ਕੀਤੀ ਹੈ।ਐਸਟੀਐਫਆਈ ਦੇ ਵਫ਼ਦ ਨੇ ਐੱਨਸੀਟੀਈ ਦੇ ਚੇਅਰਮੈਨ ਪੰਕਜ ਅਰੋੜਾ ਤੇ ਸਕੱਤਰ ਅਭਿਲਾਸ਼ ਮਿਸ਼ਰਾ ਨਾਲ ਵੀ ਮੁਲਾਕਾਤ ਕੀਤੀ ਅਤੇ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਟੀਈਟੀ ਦੇ ਸਿਲੇਬਸ ਵਿੱਚ ਸੋਧ ਤੇ ਪਾਸ ਅੰਕਾਂ ਨੂੰ 60% ਤੋਂ ਘਟਾ ਕੇ 50% ਕਰਨ ਦੀ ਮੰਗ ਕੀਤੀ ਗਈ।ਇਸ ਤੋਂ ਬਾਅਦ ਐਸਟੀਐਫਆਈ ਦੀ ਲੀਡਰਸ਼ਿਪ ਨੇ ਸੁਪਰੀਮ ਕੋਰਟ ਦਾ ਦੌਰਾ ਕੀਤਾ, ਸੀਨੀਅਰ ਵਕੀਲਾਂ ਨਾਲ ਮੁਲਾਕਾਤ ਕੀਤੀ ਤੇ ਇਸ ਮਹੀਨੇ ਦੇ ਅੰਤ ਤੱਕ ਐਸਟੀਐਫਆਈ ਦੀ ਅਗਵਾਈ ਹੇਠ ਸਮੀਖਿਆ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਇਸ ਮੌਕੇ ਜੀ ਟੀ ਯੂ ਵਿਗਿਆਨਕ ਪੰਜਾਬ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਪ੍ਰੈੱਸ ਸਕੱਤਰ ਐਨ ਡੀ ਤਿਵਾੜੀ ਹੁਰਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਅਧਿਆਪਕਾਂ ਦੇ ਰੁਜ਼ਗਾਰ ਬਚਾਉਣ ਦਾ ਮਸਲਾ ਹੈ, ਸਾਨੂੰ ਅਧਿਆਪਕਾਂ ਦੀ ਯੋਗਤਾ ਵਧਾਉਣ ਲਈ ਕੋਈ ਇਤਰਾਜ਼ ਨਹੀਂ, ਪ੍ਰੰਤੂ ਯੋਗਤਾ ਵਧਾਉਣ ਦੇ ਨਾਲ ਨਾਲ ਅਧਿਆਪਕ ਦੇ ਅਹੁਦੇ ਦਾ ਮਾਣ ਸਤਿਕਾਰ ਕਾਇਮ ਰੱਖਣ ਲਈ ਯਤਨਸ਼ੀਲ ਹੋਣਾ ਪਵੇਗਾ।ਨੌਕਰੀ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ, ਇਸ ਲਈ ਐੱਸ ਟੀ ਐੱਫ ਆਈ ਦੁਆਰਾ ਕੀਤੀ ਜਾ ਰਹੀ ਕਾਰਵਾਈ ਬੇਹੱਦ ਜ਼ਰੂਰੀ ਤੇ ਲੋੜੀਂਦੀ ਹੈ।

# ਚੇਅਰਮੈਨ ਹਡਾਣਾ ਨੇ ਪੀ ਆਰ ਟੀ ਸੀ ਵੱਲੋਂ 46 ਲੱਖ ਦਾ ਚੈੱਕ ਮੁੱਖ ਮੰਤਰੀ ਨੂੰ ਸੌਂਪਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੀ ਆਰ ਟੀ ਸੀ ਦੇ ਚੇਅਰਮੈਨ ਤੇ ਇੰਚਾਰਜ ਹਲਕਾ ਸਨੌਰ ਰਣਜੋਧ ਸਿੰਘ ਹਡਾਣਾ ਨੇ ਮਹਿਕਮੇ ਦੇ ਉੱਚ ਅਧਿਕਾਰੀਆਂ ਸਮੇਤ ਮਹਿਕਮੇ ਵੱਲੋਂ ਸਾਂਝੇ ਉੱਦਮ ਨਾਲ ਇਕੱਤਰ 46 ਲੱਖ ਤੋਂ ਵੱਧ ਦੀ ਰਕਮ ਦਾ ਚੈੱਕ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਮ੍ਹਾਂ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੌਂਪਿਆ। ਇਹ ਸਹਾਇਤਾ ਰਾਸ਼ੀ ਵੱਖ-ਵੱਖ ਕੈਟੇਗਰੀਆਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਪੈਨਸ਼ਨਰਾਂ ਵੱਲੋਂ ਮਿਲ ਕੇ ਦਿੱਤੀ ਗਈ ਹੈ।ਹੁਣੇ ਹੀ ਆਮ ਆਦਮੀ ਪਾਰਟੀ ਵੱਲੋਂ ਹਲਕਾ ਸਨੌਰ ਦੇ ਇੰਚਾਰਜ ਨਿਯੁਕਤ ਕੀਤੇ ਗਏ ਚੇਅਰਮੈਨ ਡਾ. ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਕਿਸੇ ਵੀ ਹਾਲਤ ਵਿੱਚ ਅਣਡਿੱਠਾ ਨਹੀਂ ਰਹਿਣ ਦਿੱਤਾ ਜਾਵੇਗਾ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਪੱਸ਼ਟ ਨਿਰਦੇਸ਼ ਹਨ ਕਿ ਹੜ੍ਹ ਕਾਰਨ, ਜਿਨ੍ਹਾਂ ਕਿਸਾਨਾਂ ਤੇ ਗਰੀਬ ਪਰਵਾਰਾਂ ਨੂੰ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਤੁਰੰਤ ਗਿਰਦਾਵਰੀ ਕਰਕੇ ਪੂਰਾ ਮੁਆਵਜ਼ਾ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਦੇ ਜੀਵਨ ਨੂੰ ਮੁੜ ਪਟੜੀ 'ਤੇ ਲਿਆਉਣ ਨੂੰ ਸਭ ਤੋਂ ਵੱਡਾ ਫ਼ਰਜ਼ ਮੰਨਦੇ ਹਾਂ।ਉਨ੍ਹਾਂ ਅੰਤ ਵਿੱਚ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਹਮੇਸ਼ਾ ਲੋਕਾਂ ਨਾਲ ਡੱਟ ਕੇ ਖੜ੍ਹੀ ਰਹੇਗੀ।ਇਸ ਮੌਕੇ ਮਹਿਕਮੇ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਐਕਸੀਅਨ ਜਤਿੰਦਰ ਗਰੇਵਾਲ, ਜਨਰਲ ਮੈਨੇਜਰ ਮਨਿੰਦਰਪਾਲ ਸਿੰਘ ਸਿੱਧੂ, ਜਨਰਲ ਮੈਨੇਜਰ ਅਮਨਵੀਰ ਸਿੰਘ ਟਿਵਾਣਾ ਤੇ ਵੱਖ ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਵਿੱਚ ਗੁਰਜਿੰਦਰ ਸਿੰਘ, ਗੁਰਪ੍ਰੀਤ ਸਿੰਘ ਪਨੂੰ, ਰਣਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

## ਐੱਸ.ਸੀ, ਐੱਸ.ਟੀ. ਦੇ ਝੂਠੇ ਪਰਚੇ ਦਰਜ ਕਰਨ ਦੀ ਨਿਖੇਧੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਨਰਿੰਦਰ ਸਿੰਘ ਕੌਣੀ, ਜ਼ਿਲ੍ਹਾ ਚੇਅਰਮੈਨ ਸਾਹਿਬ ਸਿੰਘ ਭੂੰਦੜ ਤੇ ਜ਼ਿਲ੍ਹਾ ਮੀਤ ਪ੍ਰਧਾਨ ਦੀਪਕ ਗਰਗ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਲੁਧਿਆਣਾ ਦੇ ਐਮਪੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਗ੍ਰਹਿ ਵਿਖੇ ਪ੍ਰੈਸ ਕਾਨਫਰੰਸ ਕੀਤੀ।ਹਲਕਾ ਗਿੱਦੜਬਾਹਾ ਦੇ ਕਈ ਪਿੰਡਾਂ 'ਚ ਐਸ ਸੀ ਐਸ ਟੀ ਵਿਅਕਤੀਆਂ 'ਤੇ ਐਸਸੀ ਐਸ.ਟੀ. ਪਰਚੇ ਦਰਜ ਹਨ, ਜਿਨਾਂ ਨੂੰ ਵੱਖ-ਵੱਖ ਧਰਾਵਾਂ 'ਚ ਥਾਣਿਆਂ ਵਿੱਚ ਬੰਦ ਰੱਖਿਆ ਜਾਂਦਾ ਹੈ।ਕਈ ਐਸ ਸੀ ਅੰਗਹੀਣੇ 'ਤੇ ਪਰਚੇ ਦਰਜ ਕੀਤੇ, ਜਿਸਦੀ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ।ਹਲਕੇ ਦੇ ਖਿੜਕੀਆਂਵਾਲਾ, ਕੋਟਲੀ ਅਬਲੂ, ਦੋਦਾ, ਲੁੰਡੇਵਾਲਾ, ਲੁਹਾਰਾ, ਮਨੀਆਵਾਲਾ, ਪਿਉਰੀ, ਕਾਉਣੀ, ਸਮੇਤ ਵੱਖ-ਵੱਖ ਪਿੰਡਾਂ 'ਚ 20/25 ਦੇ ਕਰੀਬ ਪਰਚੇ ਦਰਜ ਕੀਤੇ ਗਏ ਸਨ।ਆਗੂਆਂ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਐਮਪੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿੱਚ ਐਸਡੀਐਮ ਗਿੱਦੜਬਾਹਾ ਜਸਪਾਲ ਸਿੰਘ ਤੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਖਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ ਤੇ ਇਨਸਾਫ ਦੀ ਮੰਗ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਰਾਜਾ ਵੜਿੰਗ ਦੀ ਅਗਵਾਈ ਵਿੱਚ ਹਮੇਸ਼ਾ ਹੀ ਹਲਕਾ ਗਿੱਦੜਬਾਹਾ 'ਚ ਕਾਂਗਰਸੀਆਂ ਦੀ ਬਾਂਹ ਫੜੀ ਸੀ ਅਤੇ ਹਮੇਸ਼ਾ ਹੀ ਕਾਂਗਰਸੀਆਂ ਦੇ ਹੱਕ ਵਿੱਚ ਡੱਟ ਕੇ ਖੜਨਗੇ।

## ਚਹਿਲ ਪੈਲੇਸ 'ਚ ਮਨਾਈ ਜਾਵੇਗੀ ਸੂਬਾ ਪੱਧਰੀ ਮਹਾਰਾਜਾ ਅਗਰਸੈਨ ਜਯੰਤੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪ੍ਰਜਾ)**-ਅਗਰਵਾਲ ਸਭਾ ਪੰਜਾਬ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਰੋਡ ਸਥਿਤ ਚਹਿਲ ਪੈਲੇਸ 'ਚ 21 ਸਤੰਬਰ ਨੂੰ ਸੂਬਾ ਪੱਧਰੀ 'ਮਹਾਰਾਜਾ ਅਗਰਸੈਨ ਜਯੰਤੀ' ਮਨਾਈ ਜਾ ਰਹੀ ਹੈ, ਜਿਸ ਸਬੰਧੀ ਲਗਭਗ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ।ਇਸ ਸਮਾਰੋਹ ਨੂੰ ਲੈ ਕੇ ਅਗਰਵਾਲ ਸਭਾ ਦੇ ਪ੍ਰਧਾਨ ਤਰਸੇਮ ਗੋਇਲ ਵੱਲੋਂ ਮੰਡੀ ਬਰੀਵਾਲਾ ਵਿਖੇ ਅਗਰਵਾਲ ਸਮਾਜ ਦੇ ਪਤਵੰਤੇ ਸੱਜਣਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਅਗਰਵਾਲ ਸਭਾ ਦੇ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪ੍ਰਧਾਨ ਗੋਇਲ ਨੇ ਦੱਸਿਆ ਕਿ ਸ਼ਹਿਰ ਦੇ ਨਾਲ ਨਾਲ ਪਿੰਡਾਂ 'ਚ ਵੱਸਦੇ ਅਗਰਵਾਲ ਪਰਵਾਰਾਂ 'ਚ ਇਸ ਸਮਾਰੋਹ ਨੂੰ ਲੈ ਕੇ ਕਾਫ਼ੀ ਉਤਸ਼ਾਹ ਹੈ।ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਤਰਸੇਮ ਗੋਇਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਬਾਅਦ ਦੁਪਹਿਰ 3 ਵਜੇ ਝੰਡਾ ਪੂਜਨ ਤੇ ਜੋਤ ਪ੍ਰਜਵੱਲਿਤ ਕਰਕੇ ਕੀਤੀ ਜਾਵੇਗੀ, ਉਪਰੰਤ ਹਾਜ਼ਰੀਨ ਅਗਰਵਾਲ ਬਿਰਾਦਰੀ ਸੰਗੀਤਮਈ ਭਜਨਾਂ ਦਾ ਆਨੰਦ ਮਾਨਣਗੇ। ਇਸ ਦੌਰਾਨ ਬੱਚਿਆਂ ਵੱਲੋਂ ਪ੍ਰੋਗਰਾਮ ਦਾ ਲੋਕ ਨਾਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ ਤੇ ਨਾਲ ਹੀ ਸਵਾਲ ਜਵਾਬ ਮੁਕਾਬਲੇ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਪੁੱਜੇ ਸਮਾਜ ਦੇ ਸੀਨੀਅਰ ਸਿਟੀਜ਼ਨ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇ ਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਅਗਰਵਾਲ ਸਮਾਜ ਦੇ ਹੋਣਹਾਰ ਬੱਚੇ, ਜੋ ਸਮਾਜ ਵਿੱਚ ਵਿਚਰਦੇ ਹੋਏ ਪੜ੍ਹਾਈ ਜਾਂ ਹੋਰ ਵੱਖ ਵੱਖ ਖੇਤਰਾਂ 'ਚ ਉਪਲੱਬਧੀਆਂ ਹਾਸਲ ਕਰਕੇ ਅਗਰਵਾਲ ਸਮਾਜ ਦਾ ਨਾਮ ਰੋਸ਼ਨ ਕਰ ਰਹੇ ਹਨ, ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਪੰਜਾਬ ਪ੍ਰਭਾਰੀ ਰਹੇਸ਼ ਗੁਪਤਾ ਤੇ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਨੇ ਸਮੁੱਚੇ ਅਗਰਵਾਲ ਸਮਾਜ ਨੂੰ ਅਪੀਲ ਕੀਤੀ ਕਿ ਉਹ ਇਸ ਰਾਜ ਪੱਧਰੀ ਸਮਾਗਮ 'ਚ ਪਰਵਾਰਾਂ ਸਮੇਤ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਣ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਿਨੇਸ਼ ਬੱਬੀ ਸਿੰਗਲਾ, ਸਰਪ੍ਰਸਤ ਹਰੀਪਾਲ ਬਾਂਸਲ, ਬਲਵੰਤ ਰਾਏ, ਦਰਸ਼ਨ ਲਾਲ ਬਾਘਲਾ, ਪ੍ਰਸ਼ੋਤਮ ਲਾਲ, ਮੁਨੀਸ਼ ਗਰਗ, ਕੇਵਲ ਕ੍ਰਿਸ਼ਨ ਗੋਇਲ ਪ੍ਰਧਾਨ ਐਮ.ਸੀ., ਅੰਮ੍ਰਿਤਪਾਲ ਬਾਂਸਲ, ਰਾਜੇਸ਼ ਕੁਮਾਰ, ਸ਼ੰਜੀਵ ਕੁਮਾਰ ਜ਼ਿਲ੍ਹਾ ਸੀਨੀ. ਵਾਈਸ ਪ੍ਰਧਾਨ, ਰਾਜੀਵ ਬਾਂਸਲ, ਕਸਤੂਰੀ ਲਾਲ ਬਾਂਸਲ, ਵਿਵੇਕਸ਼ੀਲ ਜਿੰਦਲ ਜ਼ਿਲ੍ਹਾ ਖਜ਼ਾਨਚੀ, ਸ਼੍ਰੀਰਾਮ ਬਾਂਸਲ, ਰਮੇਸ਼ ਕੁਮਾਰ, ਪ੍ਰਵੀਨ, ਉਮ ਪ੍ਰਕਾਸ਼ ਗਰਗ, ਅਜੈ ਗਰਗ ਪ੍ਰਧਾਨ ਆੜ੍ਹਤੀਆ, ਕ੍ਰਿਸ਼ਨ ਲਾਲ ਕ੍ਰਾਂਤੀ ਤੋਂ ਇਲਾਵਾ ਵੱਡੀ ਗਿਣਤੀ 'ਚ ਅਗਰਵਾਲ ਪਰਵਾਰਾਂ ਦੇ ਵਿਅਕਤੀ ਮੌਜੂਦ ਸਨ।

## ਹੈਰੋਇਨ ਸਪਲਾਈ ਚੇਨ ਖਿਲਾਫ ਵੱਡੀ ਕਾਰਵਾਈ, 4 ਕਿਲੋ ਹੈਰੋਇਨ ਸਮੇਤ 2 ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਵਾਈ ਕਰਦੇ ਸ੍ਰੀਮਤੀ ਨਿਲਾਂਬਰੀ ਜਗਦਲੇ ਵਿਜੇ ਆਈ.ਪੀ.ਐਸ, ਡੀ.ਆਈ.ਜੀ ਫਰੀਦਕੋਟ ਰੇਂਜ ਤੇ ਐਸ.ਐਸ.ਪੀ. ਡਾ. ਅਖਿਲ ਚੌਧਰੀ ਆਈ.ਪੀ.ਐਸ ਦੀਆਂ ਹਦਾਇਤਾਂ ਅਨੁਸਾਰ ਪੁਲਸ ਨੇ ਨਾਕਾਬੰਦੀ ਦੌਰਾਨ ਇੱਕ ਅੰਤਰ ਜ਼ਿਲ੍ਹਾ ਹੈਰੋਇਨ ਸਪਲਾਈ ਚੇਨ ਨੂੰ ਸਫਲਤਾਪੂਰਵਕ ਰੋਕ ਦਿਆ 04 ਕਿਲੋ ਹੈਰੋਇਨ ਸਮੇਤ 02 ਨਸ਼ਾ ਤਸਕਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ, ਜਿਨ੍ਹਾਂ ਦੇ ਲਿੰਕ ਕਈ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰੀ ਨਾਲ ਜੁੜੇ ਹੋਏ ਹਨ।ਇਹ ਕਾਰਵਾਈ ਕਰਦਿਆਂ ਸੀ.ਆਈ.ਏ-2 ਮਲੋਟ ਪੁਲਸ ਟੀਮ ਨੇ ਐਸ.ਪੀ (ਡੀ) ਅਤੇ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਕੀਤੀ ਗਈ।ਸੀ.ਆਈ.ਏ-2 ਮਲੋਟ ਪੁਲਸ ਵੱਲੋਂ ਬਠਿੰਡਾ ਰੋਡ ਪੁਲ ਤੇ ਪਿੰਡ ਜੰਡਵਾਲਾ ਵੱਲ ਜਾਂਦੀ ਰੋਡ 'ਤੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ।ਇਸ ਦੌਰਾਨ ਇੱਕ ਕਾਰ ਨੂੰ ਰੋਕਿਆ ਗਿਆ, ਜਿਸ ਵਿੱਚ ਸਵਾਰ ਦੋ ਨੌਜਵਾਨਾਂ ਸਵਾਰ ਸਨ, ਡਰਾਈਵਰ ਨੇ ਆਪਣਾ ਨਾਂਅ ਮਨਪ੍ਰੀਤ ਸ਼ਰਮਾ ਉਰਫ ਪ੍ਰੀਤ ਪੁੱਤਰ ਵਿਜੇ ਕੁਮਾਰ ਵਾਸੀ ਹਰਗੋਬਿੰਦ ਨਗਰ, ਮਲੋਟ ਦੱਸਿਆ, ਜਦਕਿ ਕੰਡਕਟਰ ਸੀਟ 'ਤੇ ਬੈਠੇ ਨੌਜਵਾਨ ਨੇ ਆਪਣਾ ਨਾਂਅ ਸੁਖਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਦਵਿੰਦਰਾ ਵਾਲੀ ਗਲੀ, ਮਲੋਟ ਦੱਸਿਆ ਕਿ ਪੁਲਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਦੋਸ਼ੀਆਂ ਦੀ ਕਾਰ ਤੇ ਕਬਜ਼ੇ ਦੀ ਤਲਾਸ਼ੀ ਕੀਤੀ ਗਈ ਤਾਂ ਕਾਰ ਵਿੱਚੋਂ ਕੁੱਲ 04 ਕਿਲੋ ਹੈਰੋਇਨ ਬਰਾਮਦ ਹੋਈ।

## ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਇਕੱਤਰਤਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਇਕੱਤਰਤਾ ਏ. ਐੱਸ. ਸੀਨੀ. ਸੈਕੰ. ਸਕੂਲ ਖੰਨਾ ਵਿਖੇ ਸਭਾ ਦੇ ਪ੍ਰਧਾਨ ਨਰਿੰਦਰ ਮਣਕੂ ਤੇ ਸਭਾ ਦੇ ਸਰਪ੍ਰਸਤ ਮਨਜੀਤ ਸਿੰਘ ਧੰਜਲ ਦੀ ਅਗਵਾਈ ਹੇਠ ਹੋਈ।ਸਭ ਤੋਂ ਪਹਿਲਾਂ ਇਸ ਮੀਟਿੰਗ ਵਿੱਚ ਹਾਜ਼ਰ ਸਾਹਿਤਕਾਰਾਂ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ 'ਤੇ ਦੁੱਖ ਪ੍ਰਗਟਾਇਆ ਗਿਆ।ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਵਿੱਚ ਸੁਖਵਿੰਦਰ ਸਿੰਘ ਬਿੱਟੂ, ਦਵਿੰਦਰ ਸਿੰਘ ਘੁੰਗਰਾਲੀ, ਪ੍ਰਸਿੱਧ ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ, ਸੁਖਵਿੰਦਰ ਸਿੰਘ ਭਾਦਲਾ, ਮਨਜੀਤ ਕੌਰ ਜੀਤ, ਪਰਮਜੀਤ ਸਿੰਘ ਮੂੰਡੀਆਂ, ਮਨਜੀਤ ਸਿੰਘ ਧੰਜਲ, ਅਵਤਾਰ ਉਟਾਲਾਂ, ਗੁਰੀ ਤੁਰਮਰੀ, ਕਵਿਤਾ, ਨਰਿੰਦਰ ਮਣਕੂ, ਬਾਵਾ ਹੋਲੀਆ ਨੇ ਰਚਨਾਵਾਂ ਪੇਸ਼ ਕੀਤੀਆਂ।ਇਨ੍ਹਾਂ ਸਾਰੀਆਂ ਰਚਨਾਵਾਂ ਉੱਤੇ ਉਸਾਰੂ ਬਹਿਸ ਹੋਈ, ਜਿਸ 'ਚ ਦਵਿੰਦਰ ਸਿੰਘ ਘੁੰਗਰਾਲੀ, ਸੁਖਵਿੰਦਰ ਸਿੰਘ ਭਾਦਲਾ, ਮਨਜੀਤ ਸਿੰਘ ਧੰਜਲ ਨੇ ਭਾਗ ਲਿਆ।ਅੰਤ ਵਿੱਚ ਸਭਾ ਦੀ ਕਾਰਵਾਈ ਗੁਰੀ ਤੁਰਮਰੀ ਨੇ ਖੂਬ ਨਿਭਾਈ।

## ਡਾ. ਰਾਜੇਸ਼ ਮੋਹਨ ਨੇ ਪ੍ਰਿੰਸੀਪਲ ਦਾ ਚਾਰਜ ਸੰਭਾਲਿਆ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਸਰਕਾਰੀ ਕਾਲਜ ਲੜਕੀਆਂ ਜਲਾਲਾਬਾਦ (ਪੱ) ਵਿਖੇ ਡਾ. ਰਾਜੇਸ਼ ਮੋਹਨ ਨੇ ਬਤੌਰ ਡੀ.ਡੀ.ਓ./ਪ੍ਰਿੰਸੀਪਲ ਦਾ ਅਹੁੰਦਾ ਬੀਤੀ13 ਸਤੰਬਰ 2025 ਨੂੰ ਸੰਭਾਲ ਲਿਆ ਹੈ।ਡਾ. ਰਾਜੇਸ਼ ਮੋਹਨ ਕਈ ਦਹਾਕਿਆਂ ਤੋਂ ਪੰਜਾਬ ਸਰਕਾਰ ਦੇ ਸਰਕਾਰੀ ਕਾਲਜਾਂ ਵਿੱਚ ਬਤੌਰ ਪ੍ਰੋਫੈਸਰ ਸੰਗੀਤ ਵਿਭਾਗ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਵਰਤਮਾਨ ਸਮੇਂ ਡਾ. ਰਾਜੇਸ਼ ਮੋਹਨ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ ਸੇਵਾਵਾਂ ਨਿਭਾਅ ਰਹੇ ਹਨ।ਜੁਆਇਨ ਸਮੇਂ ਪ੍ਰਿੰਸੀਪਲ ਨੇ ਵਿਦਿਆਰਥਣਾਂ ਤੇ ਸਟਾਫ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੁਆਰਾ ਵਿਦਿਆਰਥਣਾਂ ਤੇ ਕਾਲਜ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਵਿਦਿਆਰਥਣਾਂ ਨੂੰ ਅਕਾਦਮਿਕ ਦੇ ਨਾਲ ਨਾਲ ਸਾਹਿਤਕ ਸੱਭਿਆਚਾਰਕ ਤੇ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਦੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਚਾਰਜ ਸੰਭਾਲਣ ਮੌਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਮਾਸਟਰ ਲੈਕਚਰਾਰ ਰਵਿੰਦਰ ਕੁਮਾਰ, ਲੈਕ. ਰਾਜੇਸ਼ ਕੁਮਾਰ, ਲੈਕ. ਖਰੈਤ ਚੰਦ ਆਦਿ ਪਤਵੰਤੇ ਹਾਜ਼ਰ ਸਨ।

## ਅਮਨਦੀਪ ਹਸਪਤਾਲ 'ਚ ਵਰਲਡ ਹਾਰਟ ਡੇਅ 'ਤੇ ਮੁਫ਼ਤ ਓ ਪੀ ਡੀ ਤੇ ਖ਼ਾਸ ਸੁਵਿਧਾ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ-ਮੋਗਾ ਰੋਡ 'ਤੇ ਸਥਿਤ ਅਮਨਦੀਪ ਹਸਪਤਾਲ ਵੱਲੋਂ ਉਜਾਲਾ ਸਿਗਨਸ ਹੈਲਥਕੇਅਰ ਸਰਵਿਸਜ਼ ਦੇ ਸਹਿਯੋਗ ਨਾਲ ਵਰਲਡ ਹਾਰਟ ਡੇਅ ਦੇ ਮੌਕੇ 'ਤੇ 20 ਤੋਂ 30 ਸਤੰਬਰ ਤੱਕ ਮੁਫ਼ਤ ਓਪੀਡੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਓਪੀਡੀ ਹਰ ਰੋਜ਼ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਅਮਨਦੀਪ ਹਸਪਤਾਲ ਵਿੱਚ ਉਪਲਬੱਧ ਰਹੇਗੀ। ਜਾਣਕਾਰੀ ਦਿੰਦਿਆਂ ਡਾ. ਹਕੀਮ ਇਰਫ਼ਾਨ ਸ਼ੌਕਤ ਨੇ ਦੱਸਿਆ ਕਿ ਦਿਲ ਦੀਆਂ ਬਿਮਾਰੀਆਂ ਦੇ ਵਧਦੇ ਮਾਮਲਿਆਂ ਨੂੰ ਦੇਖਦਿਆਂ ਲੋਕਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਖ਼ਾਸ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਹੈਲਦੀ ਹਾਰਟ ਪੈਕੇਜ ਵੀ ਉਪਲਬੱਧ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਈਕੋ/ਟੀਐੱਮਟੀ, ਈਸੀਜੀ ਤੇ ਡਾਕਟਰ ਕੰਸਲਟੇਸ਼ਨ ਸ਼ਾਮਲ ਹਨ। ਹਸਪਤਾਲ ਦੇ ਫ਼ੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਕਿਹਾ ਕਿ ਇਸ ਪੈਕੇਜ ਦੀ ਆਮ ਕੀਮਤ 3500 ਰੁਪਏ ਹੈ, ਪਰ ਵਰਲਡ ਹਾਰਟ ਡੇਅ ਦੇ ਮੌਕੇ 'ਤੇ ਇਸ ਨੂੰ ਕੇਵਲ 999 ਰੁਪਏ 'ਚ ਉਪਲਬੱਧ ਕਰਵਾਇਆ ਜਾਵੇਗਾ। ਡਾ. ਅਭਿਸ਼ੇਕ ਅਰੋੜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਉਠਾਉਣ। ਅਮਨਦੀਪ ਹਸਪਤਾਲ ਗਰੁੱਪ ਦੀ ਡਾਇਰੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਹਸਪਤਾਲ 'ਚ 170 ਤੋਂ ਵੱਧ ਤਜਰਬੇਕਾਰ ਸਰਜਨ ਤੇ ਡਾਕਟਰ ਹਨ, ਜਿਨ੍ਹਾਂ ਨੇ ਹੁਣ ਤੱਕ 5 ਲੱਖ ਤੋਂ ਵੱਧ ਜ਼ਿੰਦਗੀਆਂ ਨੂੰ ਬਿਹਤਰ ਕੀਤਾ ਹੈ।

## ਜ਼ੋਨਲ ਪੱਧਰੀ ਅਥਲੈਟਿਕਸ ਮੀਟ 'ਚ ਗੁਰੂ ਨਾਨਕ ਸਕੂਲ ਨੇ ਮਾਰੀਆਂ ਮੱਲਾਂ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨਲ ਪੱਧਰੀ ਅਥਲੈਟਿਕਸ ਮੀਟ 2025-26 ਦੇ ਮੁਕਾਬਲੇ ਸਕੂਲ ਆਫ਼ ਐਮੀਨੈਂਸ ਸਾਹਨੇਵਾਲ ਵਿਖੇ ਕਰਵਾਏ ਗਏ, ਜਿਸ ਵਿੱਚ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਵਿਦਿਆਰਥੀਆਂ ਨੇ ਅੰਡਰ-14 ਲੜਕੇ ਤੇ ਲੜਕੀਆਂ ਵਿੱਚੋਂ 12 ਸੋਨ ਤਮਗੇ, 7 ਚਾਂਦੀ ਤਮਗੇ, 1 ਕਾਂਸੀ ਤਮਗਾ, ਅੰਡਰ-17 ਲੜਕੇ ਤੇ ਲੜਕੀਆਂ ਵਿੱਚੋਂ 14 ਸੋਨ ਤਮਗੇ, 3 ਚਾਂਦੀ ਤਮਗੇ ਤੇ ਅੰਡਰ-19 ਲੜਕੀਆਂ ਵਿੱਚੋਂ 1 ਸੋਨ ਤਮਗਾ, 2 ਚਾਂਦੀ ਤਮਗੇ, 1 ਕਾਂਸੀ ਤਮਗਾ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਨ੍ਹਾਂ 22 ਖਿਡਾਰੀਆਂ ਵਿੱਚੋਂ 18 ਖਿਡਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਚੁਣੇ ਗਏ।ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਸਮੂਹ ਕਮੇਟੀ ਮੈਂਬਰਾਂ ਤੇ ਸਕੂਲ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਵੱਲੋਂ ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ 'ਤੇ ਸਮੂਹ ਸਟਾਫ਼, ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

## ਸੁਪੀਰੀਅਰ ਦੇ ਵਿਦਿਆਰਥੀਆਂ ਦਾ ਜ਼ੋਨਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਿ ਸੁਪੀਰੀਅਰ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰੀ ਟੂਰਨਾਮੈਂਟ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਵਿਦਿਆਰਥਣ ਜਸਲੀਨ ਕੌਰ ਜਮਾਤ ਸੱਤਵੀਂ ਨੇ ਅੰਡਰ-14 ਵਰਗ ਦੀ 100 ਮੀਟਰ ਤੇ 200 ਮੀਟਰ ਦੌੜ 'ਚ ਪਹਿਲਾ ਸਥਾਨ, ਦਮਨਪ੍ਰੀਤ ਕੌਰ ਨੇ ਡਿਸਕਸ ਥਰੋ 'ਚ ਦੂਜਾ ਸਥਾਨ ਤੇ ਖ਼ੁਸ਼ੀ ਨੇ ਹਰਡਲ 80 ਮੀਟਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਨੌਵੀਂ ਕਲਾਸ ਦੇ ਅਤੁਲਿਆ ਨੇ 400 ਮੀਟਰ ਤੇ 200 ਮੀਟਰ ਦੌੜਾਂ ਵਿੱਚ ਪਹਿਲਾ ਸਥਾਨ ਤੇ ਸੱਤਵੀਂ ਕਲਾਸ ਦੇ ਗੁਰਫਤਿਹ ਸਿੰਘ ਨੇ ਹਰਡਲਜ਼ ਈਵੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉਕਤ ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰ ਲਈ ਚੋਣ ਹੋਈ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ, ਮੈਡਮ ਭਜਨ ਤੇ ਡੀ. ਪੀ. ਗੁਰਿੰਦਰ ਸਿੰਘ, ਡੀ. ਪੀ. ਜੈਸਮੀਨ ਕੌਰ ਨੇ ਜੇਤੂਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਮੁਬਾਰਕਬਾਦ ਦਿੱਤੀ।

## ਸਰਕਾਰੀ ਹਾਈ ਸਕੂਲ ਮਧੇਕੇ 'ਚ ਲੋਕਤੰਤਰ ਦਿਵਸ ਮਨਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਰਕਾਰੀ ਹਾਈ ਸਕੂਲ ਮਧੇਕੇ 'ਚ ਲੋਕਤੰਤਰ ਦਿਵਸ ਮਨਾਇਆ ਗਿਆ, ਜਿਸ 'ਚ ਸਿਵਲ ਜੱਜ ਸ਼ਿਵਾਂਗੀ ਸੰਗਰ ਨਿਹਾਲ ਸਿੰਘ ਵਾਲਾ, ਐਡਵੋਕੇਟ ਗੌਤਮ ਗੋਇਲ ਤੇ ਪੀ.ਐਲ.ਵੀ ਗੁਰਬਰਮ ਸਿੰਘ ਨੇ ਬੱਚਿਆਂ ਨੂੰ ਲੋਕਤੰਤਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਦੇ ਲੋਕਤੰਤਰ ਦਿਵਸ ਦੇ ਸੰਬੰਧ ਵਿੱਚ ਲੇਖ ਮੁਕਾਬਲੇ ਕਰਾਏ ਗਏ।ਜੱਜ ਵੱਲੋਂ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਪ੍ਰਿੰਸੀਪਲ ਭੁਪਿੰਦਰ ਸਿੰਘ ਵੱਲੋਂ ਜੱਜ ਦਾ ਧੰਨਵਾਦ ਕੀਤਾ ਗਿਆ।

## ਮੁੰਡੀਆਂ ਤੇ ਗੋਇਲ ਵੱਲੋਂ ਸਸਰਾਲੀ ਕਲੌਨੀ ਦੇ ਸਫਾਈ ਕਾਰਜਾਂ ਦਾ ਨਰੀਖਣ

### ਸਤਲੁਜ ਦਰਿਆ ਦੇ ਵਹਾਅ ਨੂੰ ਬਹਾਲ ਕਰਨ ਲਈ ਵਾਧੂ ਮਸ਼ੀਨਰੀ ਦੇਣ ਦਾ ਆਦੇਸ਼



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਤੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਵੀਰਵਾਰ ਨੂੰ ਇੱਥੋਂ ਨੇੜੇ ਸਤਲੁਜ ਦਰਿਆ, ਸਸਰਾਲੀ ਕਲੌਨੀ ਵਿੱਚ ਗਾਰ-ਸਫਾਈ ਕਾਰਜਾਂ ਦਾ ਮੌਕੇ 'ਤੇ ਨਰੀਖਣ ਕੀਤਾ।ਮੰਤਰੀਆਂ ਨੇ ਗਾਰ ਹਟਾਉਣ ਦੇ ਕੰਮ ਨੂੰ ਤੇਜ਼ ਕਰਨ ਤੇ ਦਰਿਆ ਦੇ ਅਸਲ ਵਹਾਅ ਦੇ ਰਸਤੇ ਨੂੰ ਬਹਾਲ ਕਰਨ ਲਈ ਵਾਧੂ ਸਰੋਤਾਂ, ਜਿਨ੍ਹਾਂ ਵਿੱਚ ਹੋਰ ਵਿਸ਼ੇਸ਼ ਫਲੋਟਿੰਗ ਐਕਸੈਵੇਟਰ, ਪੋਕਲੇਨ ਤੇ ਜੇ.ਸੀ.ਬੀ. ਸ਼ਾਮਲ ਹਨ, ਦੀ ਤੁਰੰਤ ਤਾਇਨਾਤੀ ਦੇ ਨਿਰਦੇਸ਼ ਦਿੱਤੇ।

ਪਿਛਲੇ ਹਫ਼ਤੇ, ਇੱਕ ਵਿਸ਼ੇਸ਼ ਫਲੋਟਿੰਗ ਐਕਸੈਵੇਟਰ ਜੋ ਹੁਣ ਖੇਤਰ ਵਿੱਚ ਕੰਮ ਕਰ ਰਿਹਾ ਹੈ, ਜੋ ਕਿ ਗਾਰ ਹਟਾ ਕੇ ਦਰਿਆ ਦੇ ਵਹਾਅ ਨੂੰ ਮੁੜ ਨਿਰਦੇਸ਼ਤ ਕਰਨ ਲਈ ਤਿਆਰ ਕੀਤਾ ਗਿਆ ਹੈ, ਨੂੰ ਪੰਜਾਬ ਸਰਕਾਰ ਦੁਆਰਾ ਸਸਰਾਲੀ ਕਲੌਨੀ ਵਿੱਚ ਤਾਇਨਾਤ ਕੀਤਾ ਗਿਆ ਸੀ।

ਮੰਤਰੀਆਂ ਨੇ ਕਿਹਾ ਕਿ ਸਤਲੁਜ ਦਰਿਆ ਦੇ ਬਦਲੇ ਹੋਏ ਵਹਾਅ ਨੇ ਸੈਂਕੜੇ ਏਕੜ ਖੇਤੀਬਾੜੀ ਯੋਗ ਖੇਤਾਂ ਨੂੰ ਡੁੱਬੋ ਦਿੱਤਾ ਸੀ।ਗਾਰ ਜਮ੍ਹਾਂ ਹੋਣ ਤੋਂ ਰੋਕਣ ਲਈ, ਮੰਤਰੀਆਂ ਨੇ ਹੋਰ ਮਸ਼ੀਨਰੀ ਪ੍ਰਾਪਤ ਕਰਨ ਤੇ ਦਰਿਆ ਦੇ ਅਸਲ ਵਹਾਅ ਨੂੰ ਤੇਜ਼ੀ ਨਾਲ ਬਹਾਲ ਕਰਨ ਲਈ ਸਾਰੇ ਉਪਲਬਧ ਸਰੋਤਾਂ ਨੂੰ ਜੁਟਾਉਣ ਦੇ ਹੁਕਮ ਜਾਰੀ ਕੀਤੇ।ਅਧਿਕਾਰੀਆਂ ਨੂੰ ਖਾਸ ਡਿਊਟੀਆਂ ਸੌਂਪੀਆਂ ਗਈਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਕੰਮ ਬਹੁਤ ਜਲਦੀ ਪੂਰਾ ਕੀਤਾ ਜਾਵੇ।

ਸ੍ਰੀ ਗੋਇਲ ਤੇ ਮੁੰਡੀਆਂ ਨੇ ਕਿਹਾ ਕਿ ਇਸ ਸਾਲ ਪੰਜਾਬ ਨੂੰ ਹੜ੍ਹਾਂ ਕਾਰਨ ਬੇਮਿਸਾਲ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੈਬਨਿਟ ਮੰਤਰੀ, ਵਿਧਾਇਕ ਤੇ ਅਧਿਕਾਰੀ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਅਣਥੱਕ ਮਿਹਨਤ ਕਰ ਰਹੇ ਹਨ। ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਨਾਗਰਿਕਾਂ ਨੂੰ ਸਮੇਂ ਸਿਰ ਸਹਾਇਤਾ ਤੇ ਪੁਨਰਵਾਸ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ 'ਤੇ ਦ੍ਰਿੜ੍ਹ ਹੈ।ਮੰਤਰੀਆਂ ਨੇ ਭਰੋਸਾ ਦਿੱਤਾ ਕਿ ਸਾਰੇ ਪ੍ਰਭਾਵਿਤ ਵਿਅਕਤੀਆਂ ਨੂੰ 45 ਦਿਨਾਂ ਦੇ ਅੰਦਰ ਮੁਆਵਜ਼ਾ ਵੰਡਿਆ ਜਾਵੇਗਾ, ਜਿਸ ਨਾਲ ਸਰਕਾਰ ਦੀ ਤੇਜ਼ ਤੇ ਪ੍ਰਭਾਵਸ਼ਾਲੀ ਰਾਹਤ ਪ੍ਰਦਾਨ ਕਰਨ ਦੀ ਸਰਗਰਮ ਪਹੁੰਚ ਨੂੰ ਹੋਰ ਮਜ਼ਬੂਤੀ ਮਿਲੇਗੀ।

## ਕ੍ਰਿਸ਼ਨਾ ਕਾਲਜ ਰੱਲੀ ਵਿਖੇ ਟੇਲੈਂਟ ਹੰਟ ਪ੍ਰੋਗਰਾਮ ਕਰਾਇਆ



**ਬਰੇਟਾ (ਰੀਤਵਾਲ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਟੇਲੈਂਟ ਹੰਟ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਵੱਖ ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਗੀਤ, ਲੋਕ ਗੀਤ, ਰਵਾਇਤੀ ਲੋਕ ਗੀਤ, ਸਕਿੱਟ, ਮਾਈਮ ਕਵਿਤਾ, ਭਾਸ਼ਣ, ਗਿੱਧਾ, ਭੰਗੜਾ, ਮਹਿੰਦੀ, ਰੰਗੋਲੀ ਪੋਸਟਰ ਮੇਕਿੰਗ ਆਦਿ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਗਈ। ਲੋਕ ਗੀਤ ਮੁਕਾਬਲੇ ਵਿੱਚ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਪਹਿਲਾ, ਗੁਰਕਰਨ ਸਿੰਘ ਨੇ ਦੂਜਾ ਤੇ ਅਮਰਜੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਮੁਕਾਬਲੇ ਵਿੱਚ ਸਤਿਗੁਰ ਸਿੰਘ ਨੇ ਪਹਿਲਾ, ਭਾਸ਼ਣ ਮੁਕਾਬਲੇ 'ਚ ਹੰਸਿਕਾ ਨੇ ਪਹਿਲਾ, ਮਮਿਕਰੀ 'ਚ ਗੁਰਵਿੰਦਰ ਸਿੰਘ ਨੇ ਪਹਿਲਾ, ਸੋਲੋ ਡਾਂਸ 'ਚ ਰਾਜਪ੍ਰੀਤ ਕੌਰ ਨੇ ਪਹਿਲਾ, ਖੁਸ਼ੀ ਤੇ ਯੁਕਤੀ ਨੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਭੰਗੜੇ 'ਚੋਂ ਸੰਦੀਪ ਸਿੰਘ ਨੇ ਪਹਿਲਾ, ਗੁਰਵਿੰਦਰ ਸਿੰਘ ਨੇ ਦੂਜਾ ਤੇ ਕੁਨਾਲ ਵਰਮਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ 'ਚੋਂ ਉੱਤਮ ਡਾਂਸਰ ਦਾ ਖਿਤਾਬ ਖੁਸ਼ੀ ਤੇ ਲੜਕਿਆਂ 'ਚੋਂ ਸੰਦੀਪ ਸਿੰਘ ਨੇ ਪ੍ਰਾਪਤ ਕੀਤਾ ਪ੍ਰਾਪਤ। ਇਸ ਪ੍ਰੋਗਰਾਮ ਦੌਰਾਨ ਸ੍ਰੀ ਅੰਮ੍ਰਿਤਪਾਲ ਗੋਇਲ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਪ੍ਰਕਾਸ਼ ਕੌਰ ਢਿੱਲੋਂ ਨੇ ਮੁੱਖ ਮਹਿਮਾਨ, ਸਮੂਹ ਪ੍ਰਬੰਧਕ ਕਮੇਟੀ ਤੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਨੂੰ ਕਿਹਾ। ਪ੍ਰੋਗਰਾਮ ਦੌਰਾਨ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਮੈਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸੱਤਪਾਲ ਸਿੰਘ ਚਹਿਲ, ਪ੍ਰੀਤ ਇੰਦਰ ਸਿੰਘ ਚਹਿਲ ਤੇ ਪ੍ਰਧਾਨ ਡਾ. ਵਿਜੇ ਸਿੰਗਲਾ ਵੱਲੋਂ ਆਏ ਹੋਏ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪ੍ਰੋਗਰਾਮ ਦੇ ਅਖੀਰ ਵਿੱਚ ਆਏ ਹੋਏ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਪ੍ਰਿੰਸੀਪਲ ਡਾ. ਪ੍ਰਕਾਸ਼ ਕੌਰ ਢਿੱਲੋਂ ਨੇ ਕਿਹਾ ਕਿ ਅਜਿਹੇ ਪ੍ਰਤਿਭਾ ਖੋਜ ਮੁਕਾਬਲੇ ਸਮੇਂ ਦੀ ਮੁੱਖ ਲੋੜ ਹਨ, ਜਿਸ ਸਦਕਾ ਵਿਦਿਆਰਥੀਆਂ ਨੂੰ ਅੱਗੇ ਵਧਣ ਦਾ ਮੌਕਾ ਮਿਲਦਾ ਹੈ। ਇਸ ਪ੍ਰੋਗਰਾਮ ਦੌਰਾਨ ਨਿਰਣਾਇਕ (ਜੱਜ) ਦੀ ਭੂਮਿਕਾ ਸਹਾਇਕ ਪ੍ਰੋਫੈਸਰ ਮਨਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ ਲਖਵੀਰ ਸਿੰਘ, ਸਹਾਇਕ ਪ੍ਰੋਫੈਸਰ ਗੁਰਮੀਤ ਕੌਰ ਤੇ ਸਹਾਇਕ ਪ੍ਰੋਫੈਸਰ ਰਜਨੀ ਰਾਣੀ ਨੇ ਨਿਭਾਈ। ਮੰਚ ਦਾ ਸੰਚਾਲਨ ਸਹਾਇਕ ਪ੍ਰੋਫੈਸਰ (ਸਰਬਜੀਤ ਸਿੰਘ ਸਰਾਂ ਪੰਜਾਬੀ ਵਿਭਾਗ) ਵੱਲੋਂ ਕੀਤਾ ਗਿਆ।

## ਖੇਤੀਬਾੜੀ ਵਿਭਾਗ ਨੇ ਪਰਾਲੀ ਪ੍ਰਬੰਧਨ ਸੰਬੰਧੀ ਸਿਖਲਾਈ ਕੈਂਪ ਲਾਇਆ



**ਮਮਦੋਟ (ਹਰਪਾਲ ਸਿੰਘ ਸੋਢੀ)**

ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤੇ ਮੁੱਖ ਖੇਤੀਬਾੜੀ ਅਫ਼ਸਰ ਦੀ ਅਗਵਾਈ ਹੇਠ ਪਿੰਡ ਬਾਘੂ ਵਾਲਾ ਤੇ ਪਿੰਡੀ ਬਲਾਕ ਗੁਰੂਹਰਸਹਾਇ ਵਿਖੇ ਸੀ.ਆਰ.ਐਮ ਸਕੀਮ ਅਧੀਨ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ ਹੈ।

ਕੈਂਪ ਦੀ ਸ਼ੁਰੂਆਤ ਕਰਦੇ ਸਮੇਂ ਡਾ. ਸੰਦੀਪ ਕੁਮਾਰ, ਖੇਤੀਬਾੜੀ ਵਿਕਾਸ ਅਫ਼ਸਰ (ਟ੍ਰੇਨਿੰਗ) ਨੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ 'ਚ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਦੀ ਸਾਂਭ-ਸੰਭਾਲ ਬਾਰੇ ਦੱਸਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ 'ਚ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਾਏ ਕਣਕ ਦੀ ਬਿਜਾਈ ਜਿਵੇਂ ਕਿ ਸੁਪਰ ਸੀਡਰ, ਮਲਚਰ, ਆਰ.ਐਮ.ਬੀ. ਪਲਾਓ, ਹੈਪੀ ਸੀਡਰ, ਸੁਪਰ ਐਸ.ਐਮ.ਐਸ. ਆਦਿ ਦੀ ਵਰਤੋਂ ਕਰਕੇ ਬਿਜਾਈ ਕੀਤੀ ਜਾਵੇ ਤੇ ਪਰਾਲੀ ਸਾੜਨ ਤੋਂ ਹੋਣ ਵਾਲੇ ਧੂੰਏਂ ਨਾਲ ਵਾਤਾਵਰਣ ਦੇ ਨੁਕਸਾਨ ਤੇ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ।ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਮਿੱਟੀ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ, ਜਿਵੇਂ ਮਿੱਟੀ 'ਚੋਂ ਜ਼ਰੂਰੀ ਖੁਰਾਕੀ ਤੱਤਾਂ ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਸਲਫਰ ਤੇ ਜੈਵਿਕ ਕਾਰਬਨ ਦੇ ਨੁਕਸਾਨ ਅਤੇ ਸੂਖਮ ਜੀਵਾਂ ਦੀ ਮਿੱਟੀ ਦੇ ਉਪਜਾਊਪਣ 'ਚ ਮਹੱਤਤਾ ਤੋਂ ਜਾਣੂ ਕਰਾਇਆ।ਕੈਂਪ 'ਚ ਮਨਜੀਤ ਸਿੰਘ (ਏ.ਟੀ.ਐਮ), ਵਰਿੰਦਰਪਾਲ (ਏ.ਟੀ.ਐਮ) ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਝੋਨੇ ਦੀ ਕਟਾਈ ਸੁਪਰ ਐਸਐਮਐਸ ਵਾਲੀ ਮਸ਼ੀਨ ਤੋਂ ਹੀ ਕਰਾਈ ਜਾਵੇ ਤਾਂ ਜੁ ਉਨ੍ਹਾਂ ਨੂੰ ਅੱਗੇ ਕਣਕ ਦੇ ਸੀਜ਼ਨ 'ਚ ਬਿਜਾਈ ਦੌਰਾਨ ਕੋਈ ਸਮੱਸਿਆ ਨਾ ਆਵੇ।ਅਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਗੁਰੂਹਰਸਹਾਇ ਨੇ ਕਿਸਾਨਾਂ ਨਾਲ ਮੌਜੂਦਾ ਚੱਲ ਰਹੀ ਖੇਤਾਂ ਦੀ ਸਥਿਤੀ ਬਾਰੇ ਗੱਲ ਕਰਦੇ ਝੋਨੇ ਦੇ ਖੇਤ 'ਚ ਆ ਰਹੀਆਂ ਬਿਮਾਰੀਆਂ ਤੇ ਕੀੜੇ-ਮਕੌੜਿਆਂ ਤੇ ਹਮਲੇ ਤੋਂ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਗਿਆ।

## ਮੰਡੀਆਂ 'ਚ ਸ਼ੈੱਡ ਬਣਾਉਣ ਦਾ ਕੰਮ ਸ਼ੁਰੂ



**ਦਿੜ੍ਹਬਾ (ਜਸਵੀਰ ਲਾਡੀ)**

ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ ਨੇ ਦੱਸਿਆ ਕਿ ਹਲਕੇ ਦੇ 21 ਪਿੰਡਾਂ ਦੀਆਂ ਮੰਡੀਆਂ 'ਚ ਸ਼ੈੱਡ ਬਣਾਏ ਜਾ ਰਹੇ ਹਨ, ਜਿਨ੍ਹਾਂ 'ਚੋਂ ਛਾਜਲੀ ਵਿਖੇ ਦੋ ਸ਼ੈੱਡਾਂ ਦਾ ਟੱਕ ਲਾ ਕੇ 100/50 ਤੇ 35/35 ਦਾ ਨੀਂਹ ਪੱਥਰ ਰੱਖਿਆ ਗਿਆ।ਇਹ ਸ਼ੈੱਡ ਕਿਸਾਨਾਂ ਤੇ ਲੇਬਰ ਵਾਲਿਆਂ ਲਈ ਛਾਂ ਕੋਈ ਨਾ ਪ੍ਰਬੰਧ ਹੋਣ ਕਰਕੇ ਉਨ੍ਹਾਂ ਲਈ ਅਰਾਮਦਾਇਕ ਸਿੱਧ ਹੋਣਗੇ। ਛਾਜਲੀ ਦੇ ਚਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਤੇ ਸਕੂਲ ਆਫ਼ ਐਮੀਨਸ ਛਾਜਲੀ ਨੂੰ ਵਾਟਰ ਕੂਲਰ ਦਿੱਤਾ ਗਿਆ ਹੈ।

ਉਨ੍ਹਾਂ ਹੋਰ ਦੱਸਿਆ ਕਿ ਸੜਕਾਂ ਦਾ ਕੰਮ ਪਹਿਲਾਂ ਹੀ ਤੇਜ਼ੀ ਨਾਲ ਚੱਲ ਰਿਹਾ ਹੈ। ਪਹਿਲਾਂ ਛਾਜਲੀ ਤੋਂ ਕੋਠੇ ਰੋਹੀ ਰਾਮ-ਰਾਮਗੜ੍ਹ ਜਵੰਦੇ ਤੇ ਮਾਡਲ ਟਾਊਨ ਛਾਜਲੀ ਨੂੰ ਸੜਕਾਂ ਦਾ ਕੰਮ ਚੱਲ ਰਿਹਾ ਹੈ, ਜੋ ਦੋ ਸੜਕਾਂ ਰਹਿੰਦੀਆਂ ਸਨ ਛਾਜਲੀ ਤੋਂ ਸੰਗਤੀਵਾਲਾ ਤੇ ਛਾਜਲੀ ਤੋਂ ਗੁਰਦੁਆਰਾ ਗੁਰੂਸਰ ਸਾਹਿਬ ਨੂੰ ਵੀ ਮਨਜ਼ੂਰ ਹੋ ਚੁੱਕੀਆਂ ਹਨ,ਉਨ੍ਹਾਂ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ।ਸੋਹੀ ਨੇ ਕਿਹਾ ਕਿ ਜੋ ਦੋ ਵਾਟਰ ਵਰਕਸ ਛਾਜਲੀ ਦੇ ਮਨਜ਼ੂਰ ਹੋਏ ਹਨ, ਉਨ੍ਹਾਂ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ।ਇਸੇ ਤਰ੍ਹਾਂ ਨੌਜਵਾਨਾਂ ਲਈ ਹਲਕੇ ਦੇ ਤਿੰਨ ਪਿੰਡ ਸਾਦੀਹਰੀ, ਉਗਰਾਹਾਂ ਤੇ ਛਾਜਲੀ ਵਿਖੇ ਵੱਡੇ ਸਟੇਡੀਅਮ ਬਣਾਏ ਜਾਣਗੇ, ਜਿਨ੍ਹਾਂ ਵਿੱਚੋਂ ਛਾਜਲੀ ਦੇ ਸਟੇਡੀਅਮ ਦੀ ਗ੍ਰਾਂਟ ਪਹਿਲਾਂ ਹੀ ਪੰਚਾਇਤ ਦੇ ਖਾਤੇ 'ਚ ਪਾ ਦਿੱਤੀ ਗਈ ਹੈ।

## ਸਰਕਾਰ ਬਿਮਾਰੀ ਨਾਲ ਖਰਾਬ ਹੋਈਆਂ ਫਸਲਾਂ ਦਾ ਵੀ ਮੁਆਵਜ਼ਾ ਦੇਵੇ : ਚੱਠਾ



**ਸਮਾਣਾ (ਇਕਬਾਲ ਸਿੰਘ ਬੱਲ)**-ਇਸ ਵਾਰ ਕਿਸਾਨਾਂ ਨੂੰ ਕੁਦਰਤ ਦੇ ਕਹਿਰ ਦੀ ਦੂਹਰੀ ਮਾਰ ਝੱਲਣੀ ਪੈ ਰਹੀ ਹੈ। ਪਹਿਲਾਂ ਹੜ੍ਹਾਂ ਨੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਤੇ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਬਚੀਆਂ ਹਨ, ਉਨ੍ਹਾਂ ਨੂੰ ਬਿਮਾਰੀ ਲੱਗ ਚੁੱਕੀ ਹੈ, ਜਿਸ ਨਾਲ ਜ਼ੀਰੀ ਦੀ ਫਸਲ ਲਗਭਗ 80 ਫੀਸਦੀ ਤੋਂ ਵੱਧ ਖਰਾਬ ਹੋ ਸਕਦੀ ਹੈ। ਪਿੰਡ ਬਹਾਦਰਗੜ੍ਹ ਲਾਲਗੜ੍ਹ ਦੇ ਸਰਪੰਚ ਨਿਸ਼ਾਨ ਸਿੰਘ ਚੱਠਾ ਤੇ ਸਾਬਕਾ ਸਰਪੰਚ ਭੁਪਿੰਦਰ ਸਿੰਘ ਚੱਠਾ ਨੇ ਆਪਣੀਆਂ ਫਸਲਾਂ ਦਿਖਾਉਂਦਿਆਂ ਕਿਹਾ ਕਿ ਇਸ ਵਾਰ ਜ਼ੀਰੀ ਦੀ ਫਸਲ ਨੂੰ ਦੋਹਰੀ ਮਾਰ ਪੈ ਰਹੀ ਹੈ। ਪਹਿਲਾਂ ਤਾਂ ਹੜ੍ਹਾਂ ਨੇ ਕਿਸਾਨਾਂ ਦੀਆਂ ਫਸਲਾਂ ਖਰਾਬ ਕਰ ਦਿੱਤੀਆਂ ਤੇ ਹੁਣ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਬਚੀਆਂ ਹਨ, ਉਨ੍ਹਾਂ ਨੂੰ ਗੰਭੀਰ ਕਿਸਮ ਦੀ ਬਿਮਾਰੀ ਲੱਗ ਗਈ ਹੈ, ਜੋ ਸਪਰੇਹਾਂ ਕਾਰਨ ਦੇ ਨਾਲ ਵੀ ਖਤਮ ਨਹੀਂ ਹੋ ਰਹੀ। ਉਨ੍ਹਾਂ ਦੱਸਿਆ ਕਿ ਜ਼ੀਰੀ ਦੀ ਫਸਲ ਵਿੱਚ ਕੁਝ ਜ਼ੀਰੀ ਦੇ ਬੂਟੇ ਬਿਲਕੁਲ ਮਧਰੇ ਰਹਿ ਗਏ ਹਨ, ਜਿਨ੍ਹਾਂ ਨੂੰ ਮੁੰਜਰਾਂ (ਫਲ) ਨਹੀਂ ਲੱਗ ਰਹੀਆਂ ਅਤੇ ਜਿਹੜੇ ਬੂਟਿਆਂ ਨੂੰ ਜ਼ੀਰੀ ਦਾ (ਫਲ) ਮੁੰਜਰਾਂ ਲੱਗੀਆਂ ਹਨ, ਉਨ੍ਹਾਂ ਨੂੰ ਗੰਭੀਰ ਕਿਸਮ ਦੀ ਬਿਮਾਰੀ ਲੱਗ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲਗਭਗ 80% ਜ਼ੀਰੀ ਘੱਟ ਨਿਕਲਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 25-30 ਹਜ਼ਾਰ ਰੁਪਿਆ ਪ੍ਰਤੀ ਏਕੜ ਉਹ ਜ਼ੀਰੀ ਦੀ ਫਸਲ 'ਤੇ ਖਰਚ ਕਰ ਚੁੱਕੇ ਹਨ, ਪ੍ਰੰਤੂ ਇਸ ਵਾਰ ਖਰਚ ਮੁੜਨ ਦੀ ਵੀ ਸੰਭਾਵਨਾ ਨਜ਼ਰ ਨਹੀਂ ਆਉਂਦੀ।ਉਨ੍ਹਾਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਿਆਂ ਕਿਹਾ ਕਿ ਹੜ੍ਹਾਂ ਨਾਲ ਖਰਾਬ ਹੋਈਆਂ ਫਸਲਾਂ ਦੀਆਂ ਸਪੈਸ਼ਲ ਗਿਰਦਾਵਰੀਆਂ ਦੇ ਨਾਲ ਨਾਲ ਬਿਮਾਰੀ ਨਾਲ ਖਰਾਬ ਹੋ ਰਹੀਆਂ ਜ਼ੀਰੀ ਦੀਆਂ ਫਸਲਾਂ ਦੀ ਵੀ ਸਪੈਸ਼ਲ ਗਿਰਦਾਵਰੀ ਕਰਵਾਈ ਜਾਵੇ ਤੇ ਬਣਦਾ ਮੁਆਵਜ਼ਾ ਦਿੱਤਾ ਜਾਵੇ।

## ਹੜ੍ਹ ਪ੍ਰਭਾਵਤ ਇਲਾਕਿਆਂ 'ਚ ਪੁਚਾਈਆਂ ਜਾ ਰਹੀਆਂ ਸਿਹਤ ਸਹੂਲਤਾਂ : ਡਾ. ਸਜੀਲਾ ਖਾਨ



**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਸਰਕਾਰ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਵੱਲੋਂ ਦਿੱਤੀਆਂ ਹਦਾਇਤਾਂ 'ਤੇ ਜ਼ਿਲ੍ਹਾ ਮਾਲੇਰਕੋਟਲਾ 'ਚ ਹੜ੍ਹਾਂ ਦੇ ਪਾਣੀ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਪਿੰਡਾਂ 'ਚ ਸਰਵੇ ਕਰਾਉਣ ਤੋਂ ਇਲਾਵਾ ਮੈਡੀਕਲ ਕੈਂਪ ਲਾਏ ਜਾ ਰਹੇ ਹਨ।ਹੜ੍ਹ ਪ੍ਰਭਾਵਤ ਇਲਾਕਿਆਂ 'ਚ ਪੁਚਾਈਆਂ ਜਾ ਰਹੀਆਂ ਸਹੂਲਤਾਂ ਸਬੰਧੀ ਜਾਣਕਾਰੀ ਦਿੰਦੇ ਸਹਾਇਕ ਸਿਵਲ ਸਰਜਨ ਡਾ ਸ਼ਜੀਲਾ ਖਾਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਮਲੇਰਕੋਟਲਾ ਸ਼੍ਰੀ ਵਿਰਾਜ ਐਸ ਤਿੜਕੇ ਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਸਿਹਤ ਵਿਭਾਗ ਵੱਲੋਂ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ।ਵਿਭਾਗ ਦੀਆਂ ਮੋਬਾਈਲ ਮੈਡੀਕਲ ਟੀਮਾਂ ਵੱਲੋਂ ਪਿੰਡ-ਪਿੰਡ ਮੈਡੀਕਲ ਕੈਂਪ ਲਾ ਕੇ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜ਼ਰੂਰੀ ਦਵਾਈਆਂ ਵੀ ਵੰਡੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਆਸ਼ਾ ਵੱਲੋਂ ਘਰ-ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਤੇ ਲੋਕਾਂ ਦੀ ਸਿਹਤ ਸਬੰਧੀ ਡਾਟਾ ਇਕੱਠਾ ਕੀਤਾ ਜਾ ਰਿਹਾ। ਡਾ. ਮੁਨੀਰ ਮੁਹੰਮਦ ਜਿਲ੍ਹਾ ਐਪੀਡੀਮੈਲੋਜਿਸਟ ਨੇ ਕਿਹਾ ਕਿ ਗਰਾਊਂਡ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਹੁਣ ਤੱਕ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਕਿਸੇ ਵੀ ਬਿਮਾਰੀ ਦਾ ਆਊਟਬਰੇਕ ਦਰਜ ਨਹੀਂ ਕੀਤਾ ਗਿਆ ਹੈ।ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਸਾਫ਼-ਸਫ਼ਾਈ ਲਈ ਖ਼ਾਸ ਪ੍ਰਬੰਧ ਕੀਤੇ ਗਏ ਹਨ ਤੇ ਪਾਣੀ ਦੀ ਸ਼ੁੱਧਤਾ ਲਈ ਕਲੋਰਿਨ ਗੋਲੀਆਂ ਵੰਡੀਆਂ ਜਾ ਰਹੀਆਂ ਹਨ।

## ਬਾਬਾ ਫ਼ਰੀਦ ਅਗਮਨ ਪੁਰਬ ਲਈ 7 ਪੁਲਸ ਸਹਾਇਤਾ ਕੇਂਦਰ ਕਾਇਮ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ) ਬਾਬਾ ਫਰੀਦ ਅਗਮਨ ਪੁਰਬ ਸਮੇਂ ਸ਼ਹਿਰ 'ਚ ਆਉਣ ਵਾਲੇ ਸੰਗਤਾਂ ਦੀ ਸਹੂਲਤ ਤੇ ਸੁਰੱਖਿਆ ਲਈ ਪੁਲਸ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ।ਇਨ੍ਹਾਂ ਸਹਾਇਤਾ ਕੇਂਦਰਾਂ 'ਤੇ ਸ਼ਰਧਾਲੂਆਂ ਨੂੰ ਰਾਹਨੁਮਾਈ, ਸਹਾਇਤਾ ਤੇ ਹੋਰ ਲੋੜੀਂਦੀਆਂ ਸਹੂਲਤਾਂ ਉਪਲਬਧ ਕਰਾਈਆਂ ਜਾਣਗੀਆਂ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਇਹ ਸਹਾਇਤਾ ਕੇਂਦਰ ਨੇੜੇ ਮੇਨ ਗੇਟ ਕਿਲ੍ਹਾ ਮੁਬਾਰਕ, ਸਾਹਮਣੇ ਆਊਟਰ ਮੇਨ ਗੇਟ ਕੋਟਕਪੂਰਾ ਰੋਡ ਮਾਈ ਗੋਦੜੀ ਸਾਹਿਬ ਫ਼ਰੀਦਕੋਟ, ਮਹਾਰਾਜਾ ਰਣਜੀਤ ਸਿੰਘ ਚੌਂਕ ਕੋਟਕਪੂਰਾ ਰੋਡ ਫਰੀਦਕੋਟ, ਪੁਰਾਣਾ ਬੱਸ ਸਟੈਂਡ ਤਲਵੰਡੀ ਰੋਡ ਫ਼ਰੀਦਕੋਟ, ਮੋੜ ਬਾਜ਼ੀਗਰ ਬਸਤੀ ਸਰਕੂਲਰ ਰੋਡ ਫਰੀਦਕੋਟ, ਤਾਂਗਾ ਸਟੈਂਡ ਸ਼ੈਡ ਨੇੜੇ ਆਰਾ ਮਾਰਕੀਟ ਫ਼ਰੀਦਕੋਟ ਤੇ ਨੇੜੇ ਡਾ. ਮਹਿੰਦਰ ਸਿੰਘ ਸਾਂਝੀ ਗਰਲਜ਼ ਸਕੂਲ ਫ਼ਰੀਦਕੋਟ ਵਿੱਚ ਲਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪੁਲਿਸ ਸਹਾਇਤਾ ਕੇਂਦਰਾਂ ਦੇ ਨਾਲ ਮੈਡੀਕਲ ਟੀਮਾਂ ਵੀ ਤਾਇਨਾਤ ਕੀਤੀਆਂ ਜਾਣਗੀਆਂ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਹਾਇਤਾ ਕੇਂਦਰਾਂ ਦੀ ਸੇਵਾ ਲੈ ਕੇ ਮੇਲੇ ਨੂੰ ਸੁਚਾਰੂ ਅਤੇ ਸੁਰੱਖਿਅਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

## ਮਾਤਾ ਗੁਜਰੀ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਇਨਵੈਸਟੀਚਰ ਸਮਾਰੋਹ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਸੈਸ਼ਨ 2025-2026 ਲਈ ਨਵੇਂ ਵਿਦਿਆਰਥੀ ਅਹੁਦੇਦਾਰਾਂ ਤੇ ਕਾਰਜਕਾਰੀ ਮੈਂਬਰਾਂ ਦੀ ਚੋਣ ਕਰਨ ਹਿਤ ਇਨਵੈਸਟੀਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਤੇ ਵਿਦਿਆਰਥੀ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਪੂਰਨ ਸਮਰਪਨ ਭਾਵਨਾ ਤੇ ਵਚਨਬੱਧਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਇੰਗਲਿਸ਼ ਲਿਟਰੇਰੀ ਸੁਸਾਇਟੀ ਦੀਆਂ ਪਹਿਲਕਦਮੀਆਂ ਦੀ ਵੀ ਸ਼ਲਾਘਾ ਕੀਤੀ।ਅੰਗਰੇਜ਼ੀ ਵਿਭਾਗ ਦੀ ਮੁਖੀ ਪ੍ਰੋ. ਰਜਿੰਦਰ ਕੌਰ ਮਾਨ ਨੇ ਵਿਦਿਆਰਥੀਆਂ ਦੀ ਨਵੀਂ ਕਾਰਜਕਾਰੀ ਟੀਮ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਵਿਦਿਆਰਥੀ ਜੀਵਨ ਵਿੱਚ ਸਹਿ-ਪਾਠਕ੍ਰਮ ਗਤੀਵਿਧੀਆਂ ਅਪਨਾਉਣ ਦੇ ਮਹੱਤਵ 'ਤੇ ਜ਼ੋਰ ਦਿੱਤਾ।ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਕਨਵੀਨਰ ਡਾ. ਮਨਿੰਦਰ ਕੈਂਥ ਨੇ ਵਿਦਿਆਰਥੀਆਂ ਦੇ ਭਾਰੀ ਉਤਸ਼ਾਹ 'ਤੇ ਖੁਸ਼ੀ ਜ਼ਾਹਰ ਕੀਤੀ ਤੇ ਉਨ੍ਹਾਂ ਨੂੰ ਸੁਸਾਇਟੀ ਦੁਆਰਾ ਮੌਜੂਦਾ ਸੈਸ਼ਨ ਵਿੱਚ ਆਯੋਜਤ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ 'ਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ।ਬੀ.ਏ.ਅੰਗਰੇਜ਼ੀ ਸਾਹਿਤ ਭਾਗ ਤੀਜਾ ਦੀ ਮਿਲਨਦੀਪ ਕੌਰ ਨੂੰ ਸਰਬਸੰਮਤੀ ਨਾਲ ਸੁਸਾਇਟੀ ਦਾ ਪ੍ਰਧਾਨ ਚੁਣਿਆ ਗਿਆ।ਇਸ ਦੇ ਨਾਲ ਹੀ ਬੀ.ਏ. ਆਨਰਜ਼ ਅੰਗਰੇਜ਼ੀ ਭਾਗ ਤੀਸਰਾ ਦੀ ਜਸ਼ਨਪ੍ਰੀਤ ਕੌਰ ਨੂੰ ਉਪ ਪ੍ਰਧਾਨ, ਐਮ.ਏ. ਅੰਗਰੇਜ਼ੀ ਭਾਗ ਦੂਜਾ ਦੀ ਕਸ਼ਿਸ਼ ਨੂੰ ਸਕੱਤਰ, ਬੀ.ਏ. ਆਨਰਜ਼ ਅੰਗਰੇਜ਼ੀ ਭਾਗ ਤੀਜਾ ਦੀ ਅਸ਼ਨੀਤ ਕੌਰ ਤੇ ਬੀ.ਏ. ਅੰਗਰੇਜ਼ੀ ਭਾਗ ਤੀਸਰਾ ਦੀ ਸਿਮਰਨਪ੍ਰੀਤ ਕੌਰ ਨੂੰ ਸੰਯੁਕਤ ਸਕੱਤਰ, ਐਮ.ਏ. ਅੰਗਰੇਜ਼ੀ ਭਾਗ ਦੂਜਾ ਦੀ ਸਿਮਰਨਜੀਤ ਕੌਰ ਤੇ ਐਮ.ਏ. ਅੰਗਰੇਜ਼ੀ ਭਾਗ ਦੂਜਾ ਦੀ ਸਿਮਰਦੀਪ ਕੌਰ ਨੂੰ ਮੀਡੀਆ ਸਕੱਤਰ, ਬੀ.ਏ. ਅੰਗਰੇਜ਼ੀ ਸਾਹਿਤ ਭਾਗ ਦੂਜਾ ਦੀ ਨੋਬਲਪ੍ਰੀਤ ਕੌਰ ਤੇ ਬੀ.ਏ. ਆਨਰਜ਼ ਅੰਗਰੇਜ਼ੀ ਭਾਗ ਦੂਜਾ ਦੀ ਖੁਸ਼ਸੀਰਤ ਕੌਰ ਨੂੰ ਖਜ਼ਾਨਚੀ, ਐਮ.ਏ. ਅੰਗਰੇਜ਼ੀ ਭਾਗ ਦੂਜਾ ਦੀ ਸਮਨਪ੍ਰੀਤ ਕੌਰ, ਐਮ.ਏ. ਅੰਗਰੇਜ਼ੀ ਭਾਗ ਪਹਿਲਾ ਦੀ ਪ੍ਰਭਜੋਤ ਕੌਰ ਤੇ ਕੋਮਲਪ੍ਰੀਤ ਕੌਰ, ਬੀ.ਏ. ਅੰਗਰੇਜ਼ੀ ਸਾਹਿਤ ਭਾਗ ਤੀਜਾ ਦੀ ਰੂਹਾਨੀ ਸ਼ਰਮਾ ਤੇ ਹਰਸ਼ਵੀਰ ਕੌਰ, ਬੀ.ਏ. ਅੰਗਰੇਜ਼ੀ ਸਾਹਿਤ ਭਾਗ ਦੂਜਾ ਦੀ ਦਿਵਿਤਾ ਅਠਵਾਲ, ਬੀ.ਏ. ਆਨਰਜ਼ ਅੰਗਰੇਜ਼ੀ ਭਾਗ ਪਹਿਲਾ ਦੀ ਹਿਮਾਨੀ ਅਤੇ ਇਸ਼ਿਤਾ ਤੇ ਬੀ.ਏ. ਭਾਗ ਪਹਿਲਾ ਤੋਂ ਭਵਨੀਤ ਸਿੰਘ ਤੇ ਐਸ਼ਵੀਰ ਸਿੰਘ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ।


**ਉੱਤਰ ਰੇਲਵੇ**

**ਪਹਿਲਾ ਸ਼ੁੱਧੀਪੱਤਰ**

**ਟੈਂਡਰ ਨੰਬਰ 416B-ਟੀ.ਆਰ.ਡੀ. ਜੰਮੂ ਤਵੀ-2025-26 ਮਿਤੀ 10.10.2025 ਨੂੰ** ਦੇਯ ਸੀਨੀਅਰ ਮੰਡਲ ਵਿਯੁਤ ਇੰਜੀਨੀਅਰ (ਟੀਆਰ), ਉੱਤਰ ਰੇਲਵੇ, ਜੰਮੂ ਤਵੀ ਨੇ ਉਪਰੋਕਤ ਟੈਂਡਰ ਮੰਗ ਕੀਤੀ ਹੈ । ਟੈਂਡਰ ਸੂਚਨਾ ਮਿਤੀ 18.09.2025 ਨੂੰ ਪ੍ਰਮੁੱਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ, ਜਿਸਨੂੰ ਮਿਤੀ 10.10.2025 ਨੂੰ ਖੋਲਿਆ ਜਾਣਾ ਸੀ । ਉਪਰੋਕਤ ਟੈਂਡਰ ਵਿਚ ਹੇਠਾ ਲਿਖੀ ਤਬਦੀਲੀ ਕੀਤੀ ਗਈ ਹੈ ਉਨ੍ਹਾਂ ਨੂੰ ਇਸ ਪ੍ਰਕਾਰ ਪੜ੍ਹੀ ਜਾਂ ਸਕਦੀ ਹੈ:

**1) ਜ਼ਰੂਰੀ ਦਸਤਾਵੇਜ ਵਿਚ ਤਬਦੀਲੀ ਕੀਤੀ ਗਈ ਹੈ । ਪਿਛਲੇ ਜ਼ਰੂਰੀ ਦਸਤਾਵੇਜ ਹਟਾ ਦਿਤੇ ਗਏ ਹਨ । ਨਵੇ ਜ਼ਰੂਰੀ ਦਸਤਾਵੇਜ ਅਪਲੋਡ ਕਰ ਦਿਤੇ ਗਏ ਹਨ । ਜ਼ਰੂਰੀ ਦਸਤਾਵੇਜਾਂ ਵਿਚ ਅਪਲੋਡਕ ਕੀਤੇ ਗਏ ਅਨੁਗਲਗਨਕਾਂ ਦੀ ਗਿਣਤੀ ਵਿਚ ਤਬਦੀਲੀ ਕੀਤੀ ਗਈ ਹੈ । ਹੋਰ ਸਾਰੇ ਨਿਯਮ ਤੇ ਸ਼ਰਤਾਂ ਪਹਿਲਾ ਵਾਂਗ ਰਹੇਗੀ ।**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2885/25

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸ./ ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ ਰੁ. | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251-J-ਬਿਜਲੀ - T-10-2025-26 | ਜੰਮੂ ਸੰਭਾਗ ਵਿਚ 2 ਸਾਲ ਦੇ ਸਮੇਂ ਦੇ ਲਈ ਵਖ-ਵਖ ਸਟੇਸ਼ਨਾਂ ਅਤੇ ਸੇਵਾ ਭਵਨਾਂ ਉਤੇ ਵਖ-ਵਖ ਪ੍ਰਕਾਰ ਦੇ ਵਿੰਡੋ/ਸਪਿਲਟ ਏਸੀ ਅਤੇ ਵਾਟਰ ਕੂਲਰਾਂ ਦੇ ਲਈ ਸੀਏਐਮਸੀ ਦੇ ਬ੍ਰੇਕਡਾਉਨ ਰਖਰਖਾਅ ਦਾ ਕਾਂਟਰੈਕਟ। | ਰੁ. 1,02,34,099.73 | ਰੁ. 2,01,200.00 | 24 ਮਹੀਨੇ | 10.10.2025 15:00 ਵਜੇ ਦੇ ਬਾਅਦ | www.ireps.gov.in |

**ਨੰ. 251-J-ਬਿਜਲੀ ਟੈਂਡਰ ਨੋਟਿਸ ਨੰ. 10/2025-26 ਮਿਤੀ 18.09.2025** 2883/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ, ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 13.10.2025 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਹੋਣ ਦੀ ਮਿਤੀ | ਟੈਂਡਰ ਬੰਦ ਕਰਨ ਦੀ ਮਿਤੀ / ਸਮਾਂ |
|---|---|---|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ | 17.09.2025 | 29.09.2025 | 13.10.2025/15:00 Hrs |

| ਲ.ਨੰ: | ਟੈਂਡਰ ਨੰ: ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 136-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ / ਅੰਮ੍ਰਿਤਸਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗੀਯ ਇੰਜੀਨੀਅਰ / ਕੰਮ / ਬ੍ਰਾਂਚ ਲਾਇਨ / ਅੰਮ੍ਰਿਤਸਰ ਦੇ ਅਨੁਭਾਗ ਵਿਚ ਲੇਵਲ ਕਰੋਸਿੰਗ ਦੀ ਮੁਰੰਮਤ ਅਤੇ ਰੱਖ-ਰੱਖਾਵ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 1,19,99,995.94/- | 2,10,000.00/- | 60 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ - "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ ।" | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

**ਟੈਂਡਰ ਸੂਚਨਾ ਪੱਤਰ ਨੰ: 136-2025-26-ADEN-II-ASR Date: 18.09.2025** 2882/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

20- Sept - Page - 7.qxd 9/19/2025 10:37 PM Page 1






## Change of Name

I, MISS PARTISHTHA D/O MR SINDER KUMAR WHOSE PERMANENT ADDRESS IN INDIA IS VILL: MANGNA, P.O. THANA, TEHSIL PEHOWA, KURUKSHETRA, PIN: 136030, HARYANA AND NOW LIVING AT 32 DOWNHAM AVENUE, LEICESTER, LE4 0DH, U.K. HEREBY GIVE NOTICE OF MY INTENTION TO CHANGE MY NAME TO PARTISHTHA RAJPUT (U/I)

I, MANDEEP KAUR W/O MR JOSHUA NICHOLSON BRAICH WHOSE PERMANENT ADDRESS IN INDIA IS VILLAGE TAHLI, TEHSIL NAKODAR, DIST: JALANDHAR, PUNJAB 144043 AND NOW LIVING AT 106 BEAUCHAMP AVENUE, BIRMINGHAM, B20 1DU, UK HEREBY GIVE NOTICE OF MY INTENTION TO CHANGE MY NAME TO MANDY SARAH (GIVEN NAME) BRAICH (SURNAME). (U/I)

I, HINAJEET KAUR CHAHAL D/o DHARAM SINGH R/o 115, Bunga Colony, Birring, Jalandhar Cantt, Jalandhar, Punjab-144005 declare that I have changed my name from HINAJEET KAUR CHAHAL to HINA JEET KAUR.

I, Rajnit Kaur W/O Pushpinder Singh R/O H. No. 444, A-Block, Near Parwati Devi Hospital, Ranjit Avenue, Amritsar, Punjab have changed my name from Rajnit Kaur to Rajneet Kaur.Concerned note.

I, Gurjeet Singh S/o Ajit Singh R/o Talwandi Dasondha Singh, Kathu Nangal, Amritsar, Punjab-143502 have changed my name from Gurjeet Singh to Singh is my surname and Gurjeet is my given name.

I, Lovepreet Singh S/o Rajinder Singh R/o VPO Sham Nagar, Distt. Amritsar, Punjab have changed my name from Lovepreet Singh to Lovepreet Singh Sidhu.

I, Sahib Singh Jagat Ram Dubb S/o Jagat Ram Dubb R/o H.No. 45, Milap Avenue, Near Kalluana, Ghanupur Kale, PO Chheharta, Distt. Amritsar, Punjab have changed my name from Sahib Singh Jagat Ram Dubb to Sahib Singh Dubb.

I hitherto known as LUCKY S/O SAT PAL, Residing at Aggarwal Property Dealer Sunny Enclave, Dhilwan, Nangal Shama, Jalandhar, Punjab 144023, have changed my name and shall hereafter be known as LUCKY KUMAR.

I, Narinder Kumar S/o Tarlok Singh R/o Vill. Shahpur, Teh. & Distt. Jalandhar have changed my name from Narender Kumar to Narinder Kumar.

I Jeevan Asha W/o Sukhdev Kumar Sharma, R/o Village and Post Office Johal, Tehsil Dasuya ,District Hoshiarpur, Punjab have changed my name from Jeevan Asha to Jeevan Lata. All concerned may note.

I, Ram Dulari W/o Inderjit R/o H.No. 85 G.T.B Avenue , Jalandhar - 144003, Punjab, have changed my name from RAM Dulari to Ram Lubhai. All please note.

I Sonia Alias Sneh W/o Mohan Rai R/o H.no. 85 G.T.B Avenue , Jalandhar -144003, Punjab, have changed my name from Sonia Alias Sneh to Sonia All please note.

I, Jaspal Singh S/o Satnam Singh R/o Village Kotli Fazal, post office Dialgarh, Distt Gurdaspur, Punjab have changed my name from Jaspal Singh to Singh Jaspal in which given name Jaspal and Singh is my surname . All concerned please note.

I, Gurdanish Singh S/o Jasbir Singh R/o Village Pindi Chatuargarh, post office Fatehgarh Churian, Distt Gurdaspur, Punjab have changed my name from Gurdanish Singh to Singh Gurdanish, in which given name Gurdanish and Singh is my surname. All concerned please note.

I, Manjeet Kaur W/O Dilbag Bhatia R/O Vill. Begowal, Po. Phambra, Teh. Nawanshahr, Distt. S.B.S Nagar - 144417, Punjab I have changed my name spelling from Manjeet Kaur to Manjit Kaur.

I, Sukhrajdeep Singh S/o Kulwinder Singh R/o Village. Alamgir, Po. Kala Sanghian, Distt. Kapurthala, Punjab have changed my name Given name Sukhrajdeep & Surname as Singh. All please note.

I, Kanta wife of Prem Parkash resident of H.No.12, Gali No.3, Gokal Nagar Majitha Road, Amritsar have changed my name from Kanta Devi to Kanta.

I, Subash Chandra Pallai S/o Bulakar Pallai R/o H.No.72, Preet Nagar, Nangli, Fatehgarh Churian Road, Amritsar have declare that my father is known by two names Sukadev Pallai and Bulakar Pallai. One and same person.

I, Palwinder Kaur W/O Kuldip Singh Vill. Bazidpur, Teh. Nawanshahr, Distt. S.B.S Nagar - 144518, Punjab I have changed my name spelling from Palwinder Kaur to Palvinder Kaur.

I, Rajesh Kumar Goyal S/o Joginder Pal R/O H.No. 202, Greater kailash, Maqsudan Jalandhar - 144008 have changed my name from Rajesh Kumar Goyal to Rajesh Goyal.

I Love Kumar S/O Subash Chander R/O 6-D, Dayanand Nagar, Lawrence Road, Opp. Akhara, Amritsar, hereby inform that my actual and correct name is Love Kumar and not Love Kumar Sonik while the correct name of my wife is Rozi Sonik and not Rozy Sonik. Concerned please note.

I, hitherto known as Rina Rani w/o Gurdeep Singh Devgan r/o 262, Sector 23-A, Vidhi Chand Colony, Gobindgarh (R) Po. Mandi Gobindgarh, Distt.Fatehgarh Sahib, Punjab-147301, have changed my name and shall hereafter be known as Ramandeep Kaur Devgan.

I, Naresh s/o Dvarkadas r/o H.No. 29, Brij Nagar, Jalandhar, Punjab have changed my name from Naresh to Naresh Kumar. All Please Note.

I, Sunil Kumar s/o Prem Dass r/o VPO. Sofi Pind, Distt. Jalandhar. Punjab have changed my name from Sunil Kumar to Kumar Sunil (Surname as Kumar). All Please Note.

I, Surinder Kumar Sepla s/o Gasu Ram r/o VPO. Sofi Pind, Distt.Jalandhar-144024, Punjab have changed my name from Surinder Kumar Sepla to Surinder Kumar. All Please Note.

I, Sunita w/o Surinder Kumar r/o VPO. Sofi Pind, Distt. Jalandhar-144024, Punjab have changed my name from Sunita to Sunita Rani. All Please Note.

## Change of Name

I, Nishtha Sarangal w/o Gurmeet Singh r/o Old Hoshiarpur Road, Lamba Pind, Jalandhar have changed my name to Nishtha, After Marriage. All Please Note.

I, Amanbir Singh s/o Narinder Pal Singh r/o 87-A, Sangam Vihar University Road, Chugitti, Jalandhar Punjab-144009 Declare that my Given name as Amanbir & Surname as Singh. All Please Note.

I, Satish Kumar s/o Bihari Lal r/o H.No. 43/1, Sat Kartar Nagar, Jalandhar-144001, Punjab have changed my name to Satish Setia. All Please Note.

I, Neha Ahuja W/o Ramesh R/o H.No. 680, Link Road, Model Town, Near Sbi, Jalandhar have changed my name from Neha Ahuja to Neha, After Marriage. All Please Note.

I, Harjit Kaur D/o Sodhi Ram R/o Patti Gaggar Ki, VPO. Jandiala, Tehsil Phillaur, Distt. Jalandhar, Punjab have changed my name from Harjit Kaur to Given name as Harjit and Surname as Kaur. All Please Note.

I, Kavita W/o Sumesh Kumar R/o H.No. 27, New Model House, Jalandhar Punjab have changed my name from Kavita to Kavita Arora. (Arora as Surname). All Please Note.

I, Manisha D/o Ramesh Chand Sood W/o Arun Sood R/o H.No.27, Street No. 2, Central Town, Jalandhar, Punjab-144001 have changed my name to Manisha Sood. All Please Note.

I, Raman S/o Ashok Kumar R/o H.No.BII-280, Gandhi Nagar, Jalandhar, Punjab have changed my name from Raman to Raman Kumar (Surname as Kumar) All Please Note. (R)

I, Randeep Singh s/o Harbans Singh r/o Extension Green Valley, Khalwara Road, Phagwara, Distt. Kapurthala have changed my name from Randeep Singh to Randeep Singh Kaler. All Please Note.

I, Raksha Devi w/o Arjan Singh, R/o Village Gera, PO Gera, (Hazipur,) Tehsil Mukerian, Distt Hoshiarpur declare that Ram Kaur and Raksha Devi both are my name and pertain to one and the same person.

I, Paramjit Singh S/o Gurcharan Singh R/o H.No.1012, Baba Ishar Singh Nagar, Dhina, Dhin, PO. Jalandhar Cantt, Distt. Jalandhar have changed my name to Paramjit Singh Thathi. All concerned please note.

I, Raj Bhupinder Kaur W/O Bahadur Singh, R/o Bari, Purkhali, Rupnagar, Punjab- 140108. have changed my name and shall hereafter be Known as Bhupinder Kaur.

I, Deepika, D/O Sukhjeet Kumar R/o Street No-02, B/Side, Gurudwara Ram Lal, Ferozpur City, Punjab-152002. have changed my name and shall hereafter be Known as Deepika Anugurala.

I, Rajni W/O Vinod Kumar Khurana, R/o HNO-391, Phase No-2, Urban Estate Dugri, Basant, Avenue, Ludhiana- 141013. have changed my name and shall hereafter be Known as Priya Khurana.

I, Ranbir Kumar S/O Narinder Pal, R/o Gurdaspur, Punjab- 143520, have changed my name and shall hereafter be Known as Ranbir Singh Aujla.

I, Kuldip Singh S/O Mohinder Singh, R/o Vill-Bajwa, PO; Panwan, Dasuya, Hoshiarpur, Punjab- 144205. Declare that Name of My Father has been wrongly written as Mahinder Singh in my Pan Card- CLVPS4830C. The actual name of My Father is Mohinder Singh, which may be amended accordingly.

I,Shubhpreet Singh S/o Nishan Singh R/o Vill Rosse, PO Pakiwan , Tehsil Kalanaur District Gurdaspur, Punjab, India Pin Code 143604 , I have changed my name from Shubhpreet Singh to Singh Shubhpreet, surname as Singh and given name as Shubhpreet.

## ਆਮ ਸੂਚਨਾ

ਮੈਂ, ਰਾਜ ਤੀਰਥ ਉਰਫ ਰਾਜ ਕਿਰਤ ਪੁੱਤਰ ਰਾਮ ਅਵਤਾਰ ਵਾਸੀ ਮਕਾਨ ਨੰ. 551/1, ਭਾਰਤ ਨਗਰ, ਚੁਗਿੱਟੀ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਮੁੰਨਾ ਲਾਲ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੁੰਨਾ ਲਾਲ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਸ ਲੈਂਦਾ ਹਾਂ। [illegible]

[illegible]

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਵਾਂ ਜ਼ਮਾਨਾ ਦੀ ਨਹੀਂ ਹੈ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਅਸੀਂ, ਦਿਲਬਰ ਸਿੰਘ ਪੁੱਤਰ ਸ੍ਰੀ ਹਰੀ ਸਿੰਘ ਅਤੇ ਅਮਰਜੀਤ ਕੌਰ ਪਤਨੀ ਦਿਲਬਰ, ਵਾਸੀਆਨ ਮਕਾਨ ਨੰ: 435, ਵਾਰਡ ਨੰ: 18, ਕਟਹਿਰਾ ਮੁਹੱਲਾ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਛੋਟਾ ਲੜਕਾ ਕਮਲਦੀਪ ਸਿੰਘ ਅਤੇ ਉਸ ਦੀ ਪਤਨੀ ਰੋਸ਼ਨੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਾਅਲੁਕ-ਵਾਸਤਾ ਨਹੀਂ ਹੈ।

ਮੈਂ, ਸੰਤਾ ਸਿੰਘ ਪੁੱਤਰ ਸ੍ਰੀ ਸਰਵਣ ਸਿੰਘ ਵਾਸੀ ਚੱਕ ਖੀਵਾ, ਤਹਿਸੀਲ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਇਸ ਨਾਲ ਮੇਰਾ ਤੇ ਮੇਰੇ ਪਰਵਾਰ ਦਾ ਕੋਈ ਤਾਅਲੁਕ-ਵਾਸਤਾ ਨਹੀਂ ਹੈ।

ਅਸੀਂ ਸੁਰਿੰਦਰ ਸਿੰਘ ਪੁੱਤਰ ਇੰਦਰ ਸਿੰਘ ਅਤੇ ਦਰਸ਼ਨਾ ਰਾਣੀ ਪਤਨੀ ਸੁਰਿੰਦਰ ਸਿੰਘ ਵਾਸੀਅਨ ਮਕਾਨ ਨੰਬਰ BX 1403/74 ਵਿਵੇਕ ਨਗਰ , ਜਲੰਧਰ , ਪੰਜਾਬ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬੂਟਾ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ । ਇਸ ਲਈ ਅਸੀਂ ਇਸ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸਬੰਧਿਤ ਨੋਟ ਕਰਨ।

ਮੈ ਰਮੇ ਕੁਮਾਰ ਪੁੱਤਰ ਵਿਨੋਦ ਕੁਮਾਰ ਵਾਸੀ ਐਫ-20£496, ਮਜੀਠਾ ਰੋਡ, ਤੁੰਗਬਾਲਾ ਅਬਾਦੀ, ਨੇੜੇ ਮੀਰ ਾਹ ਨੇਹਰੁ ਕਾਲੋਨੀ, ਅੰਮ੍ਰਿਤਸਰ ਸੁਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਜਤ ਰਮਾ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ ਤੇ ਮੇਰੀ ਕਿਸੇ ਵੀ ਗੱਲ ਨੂੰ ਨਹੀ ਮੰਨਦਾ ਹੈ। ਮੈ ਉਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸਦੇ ਕਿਸੇ ਵੀ ਮਾੜੇ ਚੰਗੇ ਕੰਮ ਜਾਂ ਲੈਣ ਦੇਣ ਦਾ ਮੈ ਜਾਂ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀਂ ਹੋਵੇਗਾ। ਉਸ ਨਾਲ ਲੈਣ ਦੇਣ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਅਸੀਂ, ਡੇਵਿਡ ਕੁਮਾਰ ਪੁੱਤਰ ਫੀਰੋਜ ਚੰਦ ਅਤੇ ਪੁਸ਼ਪਾ ਪਤਨੀ ਡੇਵਿਡ ਕੁਮਾਰ ਵਾਸੀ ਮਕਾਨ ਨੰ: 323, ਪੁਰਾਣਾ ਸਰਕਾਰੀ ਕਾਲਜ, ਬੈਕਸਾਈਡ ਐਨਮ ਸਿਨੇਮਾ, ਗਰੀਨ ਪਲਾਜਾ ਮਾਰਕੀਟ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਮਰਥ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਹਰਬੰਸ ਲਾਲ ਸਹੋਤਾ ਪੁੱਤਰ ਪਿਆਰੇ ਲਾਲ, ਵਾਸੀ ਦਿਆਲਪੁਰ, ਥਾਣਾ ਕਰਤਾਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਤੁਲ ਕੁਮਾਰ ਸਹੋਤਾ, ਜੋ ਕਿ ਮੇਰੇ ਕਹਿਣੇ ਤੇ ਕੰਟਰੋਲ ਤੋਂ ਬਾਹਰ ਹੈ ਤੇ ਮੇਰੀ ਕੋਈ ਗੱਲ ਨਹੀਂ ਮੰਨਦਾ ਤੇ ਆਪਣੀ ਮਰਜ਼ੀ ਕਰਦਾ ਹੈ ਅਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ ਮਾਣ ਨਹੀਂ ਕਰਦਾ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਇਸ ਵਿਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ, ਸੰਬੰਧਤ ਨੋਟ ਕਰਨ। (12554)

ਮੈਂ, ਨੀਨਾ ਪਤਨੀ ਲੇਟ ਰਾਮ ਲੁਭਾਇਆ ਵਾਸੀ ਮਕਾਨ ਨੰ. 81-ਏ, ਦੀਪ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਸ਼ੇ ਵਰਮਾ ਅਤੇ ਉਸਦੀ ਪਤਨੀ ਜਯੋਤਸਨਾ ਵਰਮਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਨੀਲਮ ਪਤਨੀ ਪਰਮਜੀਤ ਵਾਸੀ ਮਕਾਨ ਨੰ. 81, ਮੁਹੱਲਾ ਇਦਗਾਹ, ਗੜ੍ਹਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਸ਼ਾਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜੈਪਾਲ ਸਿੰਘ ਪੁੱਤਰ ਚਰਣ ਸਿੰਘ ਵਾਸੀ ਪਿੰਡ ਨੌਸ਼ਹਿਰਾ, ਡਾਕ: ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰਜੀਤ ਸਿੰਘ ਅਤੇ ਨੂੰਹ ਰੀਨਾ ਪਤਨੀ ਅਮਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਵਿੰਦਰ ਕੌਰ ਪਤਨੀ ਰਛਪਾਲ ਸਿੰਘ, ਵਾਸੀ ਮਕਾਨ ਨੰਬਰ 150, ਪਿੰਡ ਮਾਹਲ, ਨੇੜੇ ਰਾਧਾ ਕ੍ਰਿਸ਼ਨ ਮੰਦਰ ਰਾਮ ਤੀਰਥ ਰੋਡ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਸਿੰਘ ਅਤੇ ਉਸ ਦੀ ਪਤਨੀ ਸੁਖਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਭਟਨੂਰਾ ਲੁਬਾਣਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਸ ਨਾਲ ਕੋਈ ਸੰਬੰਧ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ ਪਰਮਜੀਤ ਸਿੰਘ ਪੁੱਤਰ ਸ੍ਰੀ ਜਾਗੀਰ ਸਿੰਘ ਪਿੰਡ ਚੱਕ ਕਸਿਮ ਮਕਾਨ ਨੰਬਰ 41,ਡਾਕ ਐਂਡ ਤਹਿ ਦਸੁਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਦਾ ਹਾ ! ਕਿ ਮੇਰਾ ਲੜਕਾ ਪਰਮਿੰਦਰ ਸਿੰਘ ਜੋ ਕਿ ਸਾਦੀ ਸੁਦਾ ਹੈ ਅਤੇ ਉਸ ਦੀ ਪਤਨੀ ਸ੍ਰੀਮਤੀ ਗੁਰਜੀਤ ਕੌਰ ਦੋਨੋ ਮੇਰੇ ਕਹਿਣੇ ਵਿਚ ਨਹੀਂ ਹਨ ੦ ਇਹ ਕਿ ਮੈਂ ਆਪਣੇ ਲੜਕੇ ਪਰਮਿੰਦਰ ਸਿੰਘ ਅਤੇ ਆਪਣੀ ਨੂੰਹ ਸ੍ਰੀਮਤੀ ਗੁਰਜੀਤ ਕੌਰ ਦੋਨੋ ਨੂੰ ਆਪਣੀ ਚੱਲ ਤੇ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾ ਜੋ ਵੀ ਵਿਅਕਤੀ ਇਹਨਾਂ ਨਾਲ ਲੈਣ ਦੇਣ ਕਰੇਗਾ ਖੁਦ ਜੁਮੇਵਾਰ ਹੋਵੇਗਾ ਮੈਂ ਅਤੇ ਮੇਰੇ ਬਾਕੀ ਪਰਿਵਾਰ ਦੇ ਕਿਸੇ ਵੀ ਮੇਂਬਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ।

ਮੈਂ, ਜਗਜੀਵਨ ਲਾਲ ਪੁੱਤਰ ਸ਼੍ਰੀ ਪ੍ਰਕਾਸ਼ ਰਾਮ ਵਾਸੀ ਪਿੰਡ ਸਗਰਾਂਵਾਲੀ ਡਾਕਖਾਨਾ ਭਟਨੂਰਾ ਲੁਬਾਣਾ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਸੰਸਾਰ ਪਾਲ ਅਤੇ ਉਸਦੀ ਪਤਨੀ ਵਿਜੇ ਲਕਛਮੀ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ, ਕੁਲਦੀਪ ਸਿੰਘ ਪੁੱਤਰ ਸ਼੍ਰੀ ਸ਼ਿਗਾਰਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਰੋਹਜੜੀ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਸੰਦੀਪ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਸ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ, ਮਨਦੀਪ ਕੌਰ ਪਤਨੀ ਗੋਬਿੰਦ ਸਿੰਘ ਪੁੱਤਰ ਰੂਪ ਸਿੰਘ, ਵਾਸੀ ਚੀਦਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਗੁਰਸਿਮਰਨ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਇਸ ਨੇ ਸਾਡੀ ਮਰਜ਼ੀ ਦੇ ਖਿਲਾਫ ਸੁਮਨਦੀਪ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਬੁੱਧ ਸਿੰਘ ਵਾਲਾ, ਤਹਿਸੀਲ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਨਾਲ ਸ਼ਾਦੀ ਕਰਵਾ ਲਈ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਲਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਨੇੜੇ ਬੱਸ ਅੱਡਾ ਲੰਮੀ ਪੱਤੀ ਮੀਨੀਆਂ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਖਚੈਨ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਮਾੜੇ, ਡਾਕਖਾਨਾ ਸਿੱਧਵਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143529, ਮੇਰਾ ਲੜਕਾ ਵਰਿੰਦਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਯੂਸਫ ਪੁੱਤਰ ਰਮਜਾਨ ਵਾਸੀ ਪਿੰਡ ਬੀਹੜਾ, ਡਾਕਖਾਨਾ ਪੱਖੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਆਦਿਲ ਖਾਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## PUBLIC NOTICE

I, Paramjit Wd/o Piara Masih R/o Kahlwan P.O. Miani Teh. Dasuya Distt. Hoshiarpur declare that my husband 's name wrongly written as Piara Lal Sahota in my Passport but the Correct name of my husband is Piars Masih as per Aadhar Card.

I, Harbans Kaur W/o. Balwinder Singh, R/o. Village Kahlwan, PO Sidhwan Dona, Tehsil & District Kapurthala, That I hereby declare that in my Passport No. V1362192 my Given name is mentioned as HARBANS KAUR. That Now I want to correct my name in the passport. I want to enter my given name as HARBANS and surname as KAUR.

We Vijay S/o Prakash and Sunita W/o Vijay R/o H.No. 974, Cantt Road, Phagwari Mohalla, Garha, Jalandhar, Punjab-144022 declare that our son Deepak is out of our control. So we disinherit him from all our moveable and immoveable properties. We and our family shall not be held responsible for any kind of his act, deed and things related to him. All concerned please note.

## ਨਾਂਅ ਦੀ ਬਦਲੀ

ਮੈਂ, ਲਕਸ਼ਮੀ ਪਤਨੀ ਪਵਨ ਕੁਮਾਰ ਨਿਵਾਸੀ 655, ਲਿੰਕ ਰੋਡ, ਬਾਲਮੀਕੀ ਕਲੋਨੀ, ਜਲੰਧਰ, ਪੰਜਾਬ-144003 ਨੇ ਆਪਣਾ ਨਾਮ ਲਕਸ਼ਮੀ (Lakshmi) ਤੋਂ ਬਦਲ ਕੇ ਲਕਸ਼ਮੀ ਕੁਮਾਰੀ (Laxmi Kumari) ਰੱਖ ਲਿਆ ਹੈ।ਸੰਬੰਧਿਤ ਨੋਟ ਕਰਨ।

ਮੈਂ, ਲਕਸ਼ਮੀ ਕੁਮਾਰੀ ਪਤਨੀ ਪਵਨ ਕੁਮਾਰ ਨਿਵਾਸੀ 655, ਲਿੰਕ ਰੋਡ, ਬਾਲਮੀਕੀ ਕਲੋਨੀ, ਜਲੰਧਰ, ਪੰਜਾਬ-144003 ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਜਾਨਵੀ ਤੋਂ ਬਦਲ ਕੇ ਜਾਨਵੀ ਕੁਮਾਰੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਪਰਮਜੀਤ ਕੌਰ ਉਰਫ਼ ਵੰਸ਼ਿਕਾ ਢੰਡਾ ਸਪੁੱਤਰੀ ਮਹਿੰਦਰ ਸਿੰਘ, ਪਤਨੀ ਅਸ਼ੋਕ ਕੁਮਾਰ ਢੰਡਾ, ਰਿਹਾਇਸ਼:- ਮਕਾਨ ਨੰ:- B-IV-1422, ਮੁਹੱਲਾ ਢੰਡਿਆ, ਦਰੇਸੀ ਰੋਡ, ਲੁਧਿਆਣਾ, ਪੰਜਾਬ - 141008 ਨੇ ਆਪਣਾ ਨਾਮ ਬਦਲ ਕੇ ਵੰਸ਼ਿਕਾ ਢੰਡਾ ਕਰ ਲਿਆ ਹੈ ਅਤੇ ਅੱਗੇ ਤੋਂ ਮੈਨੂੰ ਵੰਸ਼ਿਕਾ ਢੰਡਾ ਦੇ ਨਾਮ ਤੋਂ ਹੀ ਜਾਣਿਆ ਜਾਵੇ।

ਮੈਂ, ਲਵਪ੍ਰੀਤ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸ਼ਾਮ ਨਗਰ, ਜਿਲਾ ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਮ ਲਵਪ੍ਰੀਤ ਸਿੰਘ ਤੋਂ ਬਦਲ ਕੇ ਲਵਪ੍ਰੀਤ ਸਿੰਘ ਸਿੱਧੂ ਕਰ ਲਿਆ ਹੈ।

ਮੈਂ, ਪੂਜਾ ਮਰਵਾਹਾ ਪਤਨੀ ਸ਼ਿਵ ਕੁਮਾਰ ਵਾਸੀ ਪਿੰਡ ਕੋਟ ਕਰਾਰ ਖਾਨ, ਕਪੂਰਥਲਾ ਨੇ ਆਪਣਾ ਨਾਮ ਪੂਜਾ ਘਈ ਤੋਂ ਬਦਲ ਕੇ ਪੂਜਾ ਮਰਵਾਹਾ ਕਰ ਲਿਆ ਹੈ।

ਮੈਂ, ਅੰਜੂ ਬੇਦੀ ਪਤਨੀ ਗੁਰਵਿੰਦਰ ਕੁਮਾਰ ਮਰਵਾਹਾ ਵਾਸੀ ਪਿੰਡ ਕੋਟ ਕਰਾਰ ਖਾਂ, ਕਪੂਰਥਲਾ ਨੇ ਆਪਣਾ ਨਾਂ ਅੰਜੂ ਬੇਦੀ ਤੋਂ ਬਦਲ ਕੇ ਅੰਜੂ ਮਰਵਾਹਾ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ ਬੇਅੰਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਲੋਪੋਂ ਤਹਿਸੀਲ ਨਿਹਾਲ ਸਿੰਘ ਵਾਲਾ ਜਿਲਾ ਮੋਗਾ ਬਿਆਨ ਹਲਫੀਆ ਕਰਦਾ ਹਾਂ ਕਿ ਮੇਰਾ ਲੜਕਾ ਹੰਸ ਰਾਜ ਉਰਫ ਰਵੀ ਜੋ ਕਿ ਮੇਰੇ ਅਤੇ ਮੇਰੇ ਪੂਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ ਦਾ ਸ਼ਿਕਾਰ ਹੋ ਗਿਆ ਉਸ ਨੂੰ ਮੈਂ ਆਪਣੀ ਕੁੱਲ ਚਲ ਅਚਲ ਜਮੀਨ ਜਾਇਦਾਦ ਘਰ ਵਾਰ ਸੰਪਤੀ ਅਤੇ ਨਗਦੀ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਸਬੰਧ ਨੋਟ ਕਰਨ।

ਮੈਂ, ਸਚਿਨ ਮੇਹਰਾ ਪੁੱਤਰ ਸੁਭਾਸ਼ ਮੇਹਰਾ, ਵਾਸੀ 1665, ਗਲੀ ਬਾਗ ਵਾਲੀ, ਗੇਟ ਖਜ਼ਾਨਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਸ਼ੁਭਮ ਮੇਹਰਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਨਿਲਾਮੀ ਨੋਟਿਸ

ਗ੍ਰਾਮ ਪੰਚਾਇਤ ਪਿੰਡ ਸਹਿ ਝੰਗੀ ਜਲੰਧਰ ਵੱਲੋਂ ਡਿੱਗੇ 10 ਸਫੇਦਿਆਂ ਦੀ ਨਿਲਾਮੀ ਮਿਤੀ 26-09-2025 ਸਮਾਂ 12.00 ਵਜੇ ਕਰਵਾਈ ਜਾ ਰਹੀ ਹੈ। ਜਿਸ ਕਿਸੇ ਨੇ ਸੰਪਰਕ ਕਰਨਾ ਹੋਵੇ ਇਸ ਨੰਬਰ ਤੇ ਕਰ ਸਕਦਾ ਹੈ। ਮੋਬਾਇਲ ਨੰ. 95925-26145 । ਨਿਯਮ ਅਤੇ ਸ਼ਰਤਾਂ - 1) ਬੋਲੀ ਖਤਮ ਹੋਣ ਤੇ ਸਾਰੀ ਰਕਮ ਨਗਦ ਲਈ ਜਾਵੇਗੀ। 2) ਸਕਿਊਰਿਟੀ ਵਜੋਂ ਵੀ ਕੁਝ ਰਕਮ ਬੋਲੀ ਤੋਂ ਪਹਿਲਾਂ ਲਈ ਜਾਵੇਗੀ।

## PUBLIC NOTICE

I Ranju Gupta w/o Sanjay Kumar R/o Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by me vide sale deed dated 22-6-2021 bearing Doc. No. 2021-22/89/1/2220 registered at sub-Registrar, Distt. Amritsar.

Anybody having any claim or objection in creating mortgage over said property in favour of above Bank shall approach concerned authority within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY :
Property that is a plot of land bearing Property bearing no 2234/11-13, T-14/285(3407-11) Khana Shumari, Total measuring 50 Sq Yards, situated at Amritsar Inside Gate Lohgarh Gali Chuhe Kharasian, Tehsil & District Amritsar.
Name & address of property owner :
Ranju Gupta w/o Sanjay Kumar

**Vikas Verma (Advocate)**
Distt. Courts, Amritsar
MB. 9815156302

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਅਵਿਨਾਸ਼ ਚੰਦਰ,
ਸਹਾਇਕ ਕੁਲੈਕਟਰ ਦਰਜਾ ਦੂਜਾ, ਮਮਦੋਟ
ਬਲਵਿੰਦਰ ਸਿੰਘ ਪੁੱਤਰ ਸੋਨਾ ਸਿੰਘ ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਲੱਖਾ ਹਾਜੀ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ। .....ਫਰੀਕ ਅੱਵਲ

ਬਨਾਮ

1) ਬਖਸ਼ੀਸ਼ ਸਿੰਘ 2) ਮੇਜਰ ਸਿੰਘ ਪੁੱਤਰਾਨ ਵਾ ਸੰਤੋਖ ਸਿੰਘ ਪੁੱਤਰ ਲਾਲ ਸਿੰਘ ਵਾਸੀਆਨ ਪਿੰਡ ਸੈਦਾਂ ਵਾਲਾ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਵਾ 3) ਬਲਵੰਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਪਿੰਡ ਪੋਜੋ ਕੇ ਉਤਾੜ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ। .......ਫਰੀਕ ਦੋਇਮ

ਦਾਵਾ ਦਰੁਸਤੀ ਗਿਰਦਾਵਰੀ ਪਿੰਡ ਪੋਜੋ ਕੇ ਉਤਾੜ

ਫਰੀਕ ਅੱਵਲ ਸ੍ਰੀ ਬਲਵਿੰਦਰ ਸਿੰਘ ਪੁੱਤਰ ਸੋਨਾ ਸਿੰਘ ਨੇ ਅਰਾਜੀ 2 ਕਨਾਲ 6 ਮਰਲੇ ਖੇਵਟ ਨੰ:166 ਖਤੌਨੀ-364 ਵਾਕਿਆ ਰਕਬਾ ਪਿੰਡ ਪੋਜੋ ਕੇ ਉਤਾੜ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਸੰਬੰਧੀ ਦਰੁਸਤੀ ਗਿਰਦਾਵਰੀ ਦਾਵਾ ਦਾਇਰ ਕੀਤਾ ਹੈ। ਇਸ ਸੰਬੰਧੀ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਧਿਰ / ਵਿਅਕਤੀ ਨੂੰ ਉਕਤ ਤਕਸੀਮ ਸੰਬੰਧੀ ਇਤਰਾਜ਼ ਹੈ ਤਾਂ ਨਿਮਨਹਸਤਾਖਰ ਦੀ ਅਦਾਲਤ ਵਿੱਚ ਮਿਤੀ: 30.09.25 ਨੂੰ ਅਸਾਲਤਨ/ਵਕਾਲਤਨ ਹਾਜ਼ਰ ਹੋ ਕੇ ਆਪਣੀ ਚਾਰਾਜੋਈ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ, ਮਮਦੋਟ
ਨੰ: 363/ਰੀਡਰ ਮਿਤੀ : 18.09.25

## ਪਬਲਿਕ ਨੋਟਿਸ

ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿਵਲ ਹਸਪਤਾਲ ਜ਼ੀਰਾ ਵਿਚ ਹੱਡੀਆਂ ਦੇ ਵਿਭਾਗ ਵੱਲੋਂ ਗੋਡੇ ਬਦਲਣ ਲਈ (TKR) ਦਾ ਕੰਟਰੈਕਟ ਟੈਂਡਰ ਨਿਕਲਣ ਜਾ ਰਿਹਾ ਹੈ, ਜੋ ਵੀ ਮਾਨਤਾ ਪ੍ਰਾਪਤ ਡੀਲਰ ਇਸ ਨੂੰ ਭਰਨ ਲਈ ਇਛੁੱਕ ਹੋਣ, ਉਹ ਤਰੀਕ 27 ਸਤੰਬਰ 2025 ਸਵੇਰੇ 11.00 ਵਜੇ ਤੋਂ ਪਹਿਲਾਂ ਟੈਂਡਰ ਕਾਪੀ ਕਮਰਾ ਨੰਬਰ 23 ਅਕਾਊਂਟ ਦਫ਼ਤਰ ਤੋਂ ਲੈ ਲੈਣ, ਟੈਂਡਰ ਦੀ ਫੀਸ 1000 ਰੁਪਏ ਹੈ।

## COURT NOTICE

(U/o 5 Rule 20 CPC)
In The Court of
**MS. Muskaan**
Civil Judge (Junior Division), Ludhiana
CNR No. PBLD02-007675-2025
Next Date:- 13-10-2025
Naveen Kakkar
Vs.
Usha Rani
Publication Issued To:
4. Joginder Pal
Father: Late Shri Jaimal Dass R/o H.No. 3496, Sector 32 A, opposite Police Colony , Ludhiana.
2nd Address H. No. 8-A, G.k Estate, Bhamian Road, Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge (Junior Division), Ludhiana
Dated this day of 18-09-2025

## COURT NOTICE

COURT NOTICE
(U/O 5 Rule 20 Cpc)
In The Court of Ms. Harpreet Kaur Randhawa
District and Sessions Judge Ludhiana
CNR No. PBLD01-027860-2024
Next Date:-08-10-2025
LAKHVIR KAUR
Vs.
MANJIT SINGH
Publication Issued To:
Raman Malhotra S/o Sunder Dass Address- Village & P.O Bhuttar, Tehsil and District Moga. (Owner of offending Scorpio Jeep bearing Registration No. DL-4CNB-2970)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 08-10-2025 at 10:00 a.m.

For details logon to https://highcourtchd.gov.in/?mod=district_notice&district=mogacourt

District and Sessions Judge, Ludhiana
Dated, this day of 18-09-2025

## COURT NOTICE

(U/o 5 Rule 20 CPC)
In The Court of Sh. Akbar Khan
Additional Civil Judge (Senior Division), Guruharsahai
CNR No. PBFZD0-000750-2024
Next Date:- 06-11-2025
Punjab and Sind Bank Branch office at Deep Singh Wala, Tehsil and Distt. Faridkot through its Principal Officer Karamjit Singh
Vs.
Sukhwinder Singh
Recovery of Rs 48,065.46
Publication Issued To:
Sukhwinder Singh Son : Amrik Singh, Village Chak Jamait Singh Wala, Tehsil Guruharsahai, Distt. Ferozepur

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 06-11-2025 at 10:00 a.m.

For details logon to https://highcourtchd.gov.in/?mod=district_notice & district=moga-court

Additional Civil Judge (Senior Division) Guruharsahai
Dated, this day of 17-09-2025

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ ਚਾਰ ਹਾਰਸ ਪਾਵਰ A/C ਨੰਬਰ 3005214427 X 27 AP ਜੋ ਸਰਦਾਰ ਰਣਜੀਤ ਸਿੰਘ ਪੁੱਤਰ ਸਰਦਾਰ ਮੁਖਤਿਆਰ ਸਿੰਘ ਦੇ ਨਾਮ 'ਤੇ ਪਿੰਡ ਰਕਬਾ ਇਬਰਾਹੀਮ ਵਾਲ ਜਿਲਾ ਕਪੂਰਥਲਾ ਵਿਖੇ ਚਲਦਾ ਹੈ ਨੂੰ ਆਪਣੇ ਨਾਮ ਕਰਵਾਉਣ ਲਈ ਸ੍ਰੀ ਵਰਿੰਦਰ ਸਿੰਘ ਪੁੱਤਰ ਸਰਦਾਰ ਰਣਜੀਤ ਸਿੰਘ ਵਾਸੀ ਪਿੰਡ ਰਕਬਾ ਤਲਵੰਡੀ ਕੂਕਾ ਜਿਲਾ ਕਪੂਰਥਲਾ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ। ਜੇ ਕਰ ਇਸ ਬਾਬਤ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਪ ਮੰਡਲ ਅਫਸਰ ਪਾਵਰ ਕਾਮ ਸਭ ਡਿਵੀਜ਼ਨ ਨਡਾਲਾ ਜਿਲਾ ਕਪੂਰਥਲਾ ਨੂੰ 15 ਦਿਨਾਂ ਦੇ ਅੰਦਰ ਅੰਦਰ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ।

ਸਹੀ/ਸਹਾਇਕ ਕਾਰਜਕਾਰੀ ਇੰਜੀ. ਵੰਡ /ਪੀ ਐੱਸ ਪੀ. ਸੀ ਐੱਲ ਨਡਾਲਾ

## COURT NOTICE

(U/o 5 Rule 20 Cpc)
In The Court of
Ms. Harpreet Kaur Randhawa
District and Sessions Judge Ludhiana
CNR No. PBLD01-027861-2024
Next Date:-08-10-2025
Baljeet Kaur
Vs.
Manjit Singh
Publication Issued To:
Raman Malhotra S/o Sunder Dass Address- Village & P.O Bhuttar, Tehsil and District Moga (Owner of offending Scorpio Jeep bearing Registration No. DL-4CNB-2970)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 08-10-2025 at 10:00 a.m.

For details logon to https://highcourtchd.gov.in/?mod=district_notice&district=moga-court

District and Sessions Judge, Ludhiana
Dated, this day of 18-09-2025

## COURT NOTICE

(U/O 5 Rule 20 Cpc)
In The Court of Anannya Rishi
Civil Judge (Junior Division), Rupnagar
CNR No. PBRO02-000795-2024
Next Date:-20-10-2025
Canara Bank Vs. Bahadur Singh
Publication Issued To:
1. Bahadur Singh S/o Arjun Singh R/o House No. 487, Type I, Power Colony, Ropar, Second Address R/o Village Majri Jattan, Tehsil and District Rupnagar.
2. Puran Bahadur S/o Yudh Bahadur Singh R/o House No. 659 Type-1 Power Colony Rupnagar Tehsil and District Rupnagar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-10-2025 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior Division), Rupnagar
Dated this day of 16-09-25

## COURT NOTICE

(U/o 5 Rule 20 CPC)
In The Court of
Ms. Manmohanpreet Kaur
Civil Judge (Junior Division), Jalandhar
CNR No. PBJL02-001458-2025
Next Date :- 16-10-2025
Canara Bank
Vs.
Jaaskaran Kaur Dhillon
Suit for grant of decree for recovery of Rs.176672.65/- alongwith interest as prayed for.
Publication Issued To:
Jaaskaran Kaur Dhillon D/o Jasvinder Singh Dhillon R/o Vill. Bub, PO Kalubahar, Teh. and Distt. Hoshiarpur Pin Code 146115

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 16-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division) Jalandhar
Dated, this day of 16-09-2025

## ਪਬਲੀਕੇਸ਼ਨ/ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ -ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, (ਫਾਸਟ ਟਰੈਕ ਕੋਰਟ) ਜਲੰਧਰ।
ਕੇਸ ਨੰ: 626/FTC/NRI ਕੇਸ ਅਨੁਵਾਨ : ਸੁਰਿੰਦਰ ਸਿੰਘ ਬਨਾਮ ਸਵਰਨ ਸਿੰਘ ਅਤੇ ਹੋਰ
ਵਾਕਿਆ ਪਿੰਡ : ਸਪਰਾਏ, ਤਹਿਸੀਲ ਜਲੰਧਰ-1, ਜ਼ਿਲ੍ਹਾ ਜਲੰਧਰ
ਖੇਵਟ ਨੰਬਰ : 290/289, 367/364, 368/365, 374/371, 375/372, 376/373
ਇਹ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ

1. Surinder Singh S/o Najar Singh S/o Beant Singh @ Banta Singh R/o RYANS ROAD, NORTHGATE 4013 Australia
2. Santokh Singh S/o Najar Singh S/o Beant Singh R/o 2 MELLIFONT STREET BANYO 4014, Australia
Both through their attorney Jagtar Singh son of Binder Singh resident of Patti Gillan Di, V.P.O Jamsher Khas, Jalandhar. ...Petitioners

ਨੋਟਿਸ ਬਨਾਮ-

1. Swaran Singh s/o Najar Singh s/o Beant Singh 2. Gurdip Kaur wd/o Kuldip Singh S/o Najar Singh 3. Swaran Kaur wd/o Satpal Singh S/o Najar Singh 4. Ravinder Singh Shergill s/o Satpal Singh s/o Najar Singh 5. Pavinder Singh s/o Satpal Singh s/o Najar Singh 6. Jasvir Kaur d/o Satpal Singh s/o Najar Singh 7. Gurmit Kaur w/o Surinder Singh s/o Najar Singh 8. Hira Devi wd/o Pyare Lal 9. Shanti Devi wd/o Lal Chand s/o Karam Chand 10. Gita Rani d/o Rajinderpal s/o Karam Chand 11. Raj Kumari d/o Lal Chand s/o Karam Chand 12. Amandip s/o Rajinderpal s/o Lal Chand 13. Dharmvir s/o Rajinderpal s/o Lal Chand 14. Rajwinder Rani wd/o Rajinderpal s/o Lal Chand 15. Anita Rani d/o Rajinderpal s/o Lal Chand 16. Janak Dulari d/o Lal Chand s/o Karam Chand 17. Sohan Lal s/o Lal Chand s/o Karam Chand 18. Kuldip Singh s/o Punjaba. All R/o Village Saprai, Tehsil Jalandhar-1, District Jalandhar. ... Respondents

ਉਪਰੋਕਤ ਤਕਸੀਮ ਕੇਸ ਵਿੱਚ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਤਕਸੀਮ ਕੇਸ 'ਤੇ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਮਿਤੀ 6.10.2025 ਤੱਕ ਖੁਦ ਪੇਸ਼ ਹੋ ਕੇ ਜਾਂ ਮੁਖਤਾਰ ਰਾਹੀਂ/ਅਸਾਲਤਨ ਜਾਂ ਵਕਾਲਤਨ ਰਾਹੀਂ ਪੇਸ਼ ਹੋ ਕੇ ਇਤਰਾਜ਼ ਦੇ ਸਕਦੇ ਹਨ। ਮਿੱਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਅੱਜ ਮਿਤੀ 19.09.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/ ਜ਼ਿਲ੍ਹਾ ਮਾਲ ਅਫਸਰ -ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ।
ਨੰ: 899/ਰੀਡਰ/ਡੀ. ਆਰ. ਓ. ਮਿਤੀ : 19.09.25

## ਉੱਤਰ ਰੇਲਵੇ

### ਟੈਂਡਰ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਨੰ: 2025-26-08 ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 14.10.2025 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ । ਇਨ੍ਹਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਟੈਂਡਰਕਰਤਾ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸ ਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ ਤੇ ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ । ਮੈਨੂੰਅਲ ਭੁਗਤਾਨ ਜਿਸ ਤਰ੍ਹਾਂ ਡਿਮਾਂਡ ਡਰਾਫਟ, ਬੈਂਕਰਸ ਚੈਕ, ਜਮਾਂ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਟੈਂਡਰ ਦੀ ਸਮਾਪਨ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|---|---|
| 2025-26-08 | ਲੁਧਿਆਣਾ ਦੇ ਇਲੈਕਟ੍ਰਿਕ ਲੋਕੋ ਸ਼ੇਡ ਵਿਚ 02 ਸਾਲਾਂ ਦੇ ਲਈ, 3-ਫੇਜ ਇਲੈਕਟ੍ਰਿਕ ਇੰਜਨਾਂ ਦੇ ਲਈ ਕੰਮਪ੍ਰੇਹੈਨਸਿਵ ਮੇਂਟੇਨੇਂਸ ਅਤੇ ਰਿਪੇਅਰ ਏਕਟਿਵਿਟੀਜ । | 47,72,836.40/ | 0/- | 14.10.2025 15.00 ਵਜੇ ਤਕ | 95,500/- | 24 ਮਹੀਨੇ | 14.10.2025 15:00 ਵਜੇ ਦੇ ਬਾਦ | www.ireps.gov.in |

ਨੰ:- Tender Notice No. 230-Elect/TRS/LDH/WC/Body Misc/2025-26/08 ਮਿਤੀ : 19.09.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2890/25

# ਕਾਂਗਰਸ ਆਬਜ਼ਰਵਰ ਭਗਤ ਸੋਲੰਕੀ ਨੇ ਬਟਾਲਾ ਦੇ ਵਰਕਰਾਂ ਨਾਲ ਕੀਤੀ ਮੀਟਿੰਗ



ਬਟਾਲਾ : (ਡਾ. ਮਲਵਿੰਦਰ ਸਿੰਘ)- ਬੀਤੇ ਦਿਨ ਕਾਂਗਰਸ ਭਵਨ ਬਟਾਲਾ ਵਿੱਚ ਆਲ ਇੰਡੀਆ ਕਾਂਗਰਸ ਪਾਰਟੀ ਵੱਲੋਂ ਭੇਜੇ ਗਏ ਆਬਜ਼ਰਵਰ ਭਗਤ ਸਿੰਘ ਸੋਲੰਕੀ ਨੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਵਰਕਰ ਜ਼ਿਲ੍ਹਾ ਪ੍ਰਧਾਨਗੀ ਦੇ ਚਾਹਵਾਨ ਹਨ ਉਹ ਫਾਰਮ ਭਰ ਕੇ ਦੇ ਸਕਦੇ ਹਨ ।ਉਨ੍ਹਾਂ ਆਪਣੇ ਸੰਬੋਧਨੀ ਭਾਸ਼ਣ ਵਿੱਚ ਕਿਹਾ ਕਿ ਕਾਂਗਰਸ ਹਾਈ ਕਮਾਂਡ ਪਾਰਟੀ ਕਾਂਗਰਸ ਨੂੰ ਜ਼ਿਲ੍ਹਾ ਵਾਈਜ਼, ਪਿੰਡ ਵਾਈਜ਼, ਮੁਹੱਲਾ/ਵਾਰਡ ਵਾਈਜ਼ ਅਤੇ ਬਲਾਕ ਪੱਧਰ 'ਤੇ ਮਜ਼ਬੂਤ ਕਰਕੇ ਹਰ ਵਰਕਰ ਤੇ ਆਗੂ ਨੂੰ ਕੰਮ ਕਰਨ ਦਾ ਮੌਕਾ ਦੇਵੇਗੀ ਅਤੇ ਸਿਖਲਾਈ ਕੈਂਪ ਵੀ ਲਾਏ ਜਾ ਰਹੇ ਹਨ ।ਇਸ ਮੌਕੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਬਕਾ ਵਿਧਾਇਕ, ਜਸਕਰਨ ਸਿੰਘ ਕਾਹਲੋਂ, ਸੰਜੀਵ ਸ਼ਰਮਾ ਪ੍ਰਧਾਨ ਕਾਂਗਰਸ ਸਿਟੀ ਬਟਾਲਾ, ਗੌਤਮ ਸੇਠ ਗੁੱਡੂ, ਮਨਜੀਤ ਸਿੰਘ ਹੰਸਪਾਲ, ਰਵਿੰਦਰ ਸ਼ਰਮਾ, ਅਜੇ ਮਹਾਜਨ, ਸੁਖਦੇਵ ਸਿੰਘ ਸੁੱਖਾ ਅਤੇ ਹੋਰ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।ਕਾਂਗਰਸੀ ਆਗੂਆਂ ਨੇ ਆਪਣੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਸੂਬੇ ਦੀ ਸਤਾ ਸੰਭਾਲੇਗੀ।ਆਬਜ਼ਰਵਰ ਨੇ ਵਰਕਰਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ।

# ਅੰਕੜਾ ਵਿਭਾਗ ਵੱਲੋਂ ਖੇਤਰੀ ਸਿਖਲਾਈ ਵਰਕਸ਼ਾਪ ਕਰਵਾਉਣ ਦੀ ਤਜਵੀਜ਼



ਅੰਮ੍ਰਿਤਸਰ (ਜਗਦੀਸ਼ ਕਮਲੇਸ਼)- ਪ੍ਰੋਗਰਾਮ ਲਾਗੂ ਕਰਨ ਅਤੇ ਅੰਕੜਾ ਵਿਭਾਗ ਵੱਲੋਂ ਅੰਮ੍ਰਿਤਸਰ ਵਿਖੇ ਡੀਈਐਸ, ਪੰਜਾਬ ਦੇ ਸਹਿਯੋਗ ਨਾਲ ਰਾਜ ਆਮਦਨ ਅਤੇ ਸੰਬੰਧਿਤ ਸਮੂਹਾਂ ਬਾਰੇ ਖੇਤਰੀ ਸਿਖਲਾਈ ਵਰਕਸ਼ਾਪ ਦਾ ਆਯੋਜਨ ਕੀਤਾ ਜਾ ਕਰ ਰਿਹਾ ਹੈ।ਪੰਜਾਬ ਸਰਕਾਰ ਦੁਆਰਾ ਆਯੋਜਿਤ ਇਸ ਵਰਕਸ਼ਾਪ ਵਿੱਚ ਗਿਆਰਾਂ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਉੱਤਰ ਪ੍ਰਦੇਸ਼, ਓਡੀਸ਼ਾ, ਕੇਰਲਾ, ਨਾਗਾਲੈਂਡ, ਪੱਛਮੀ ਬੰਗਾਲ, ਚੰਡੀਗੜ੍ਹ, ਗੁਜਰਾਤ, ਤੇਲੰਗਾਨਾ ਅਤੇ ਪੰਜਾਬ ਭਾਗ ਲੈ ਰਹੇ ਹਨ।ਇਹ ਵਰਕਸ਼ਾਪ ਕੁੱਲ ਰਾਜ ਘਰੇਲੂ ਉਤਪਾਦ ਅਤੇ ਸੰਬੰਧਿਤ ਸਮੂਹਾਂ ਨੂੰ ਮਾਪਣ 'ਤੇ ਕੇਂਦ੍ਰਿਤ ਹੋਵੇਗੀ ਅਤੇ ਵੱਖ-ਵੱਖ ਰਾਜਾਂ ਦੇ ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ ਦੀ ਸਮਰੱਥਾ ਨਿਰਮਾਣ ਅਤੇ ਆਰਥਿਕ ਤੇ ਨੀਤੀ ਨਿਰਮਾਣ ਵਿੱਚ ਇਸਦੀ ਭੂਮਿਕਾ ਬਾਰੇ ਸਮਝ ਨੂੰ ਵਧਾਏਗੀ।

## ਜ਼ਿਲ੍ਹਾ ਰੋਜ਼ਗਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ 22 ਤੋਂ 26 ਤੱਕ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ) ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਸ੍ਰੀਮਤੀ ਰੁਪਿੰਦਰ ਕੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਪੰਜਾਬ ਸਰਕਾਰ ਦੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਐਸ.ਏ.ਐਸ ਨਗਰ ਵੱਲੋਂ ਸੋਹਾਣਾ ਹਸਪਤਾਲ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਐਡਮਿਨ ਬਲਾਕ, ਸੋਹਾਣਾ ਹਸਪਤਾਲ ਵਿਖੇ ਮਿਤੀ 22 ਸਤੰਬਰ ਤੋਂ 26 ਸਤੰਬਰ ਤੱਕ, ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1 ਵਜੇ ਤੱਕ ਹੋਵੇਗਾ ਅਤੇ ਪ੍ਰਾਰਥੀ ਸਿੱਧੇ ਤੌਰ 'ਤੇ ਐਚ.ਆਰ. (ਐਚ ਆਰ) ਨਾਲ ਸੰਪਰਕ ਕਰਨ । ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 32 ਸਾਲ ਤੱਕ ਹੋਵੇਗੀ ਅਤੇ ਯੋਗਤਾ 10ਵੀਂ, 12ਵੀ, ਗਰੈਜੂਏਸ਼ਨ ਅਤੇ ਸਟਾਫ ਨਰਸ ਦੀਆਂ ਅਸਾਮੀਆਂ ਲਈ ਬੀ.ਐਸ.ਸੀ ਜੀ.ਐਨ.ਐਮ. ਨਰਸਿੰਗ ਪਾਸ ਲੋੜੀਂਦੀ ਹੈ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਤਹਿਸੀਲਦਾਰ, ਮਾਨਸਾ

ਵਿਸ਼ਾ: ਦਰਖਾਸਤ ਵੱਲੋਂ ਬਲਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਪਿੰਡ ਮਾਖਾ ਤਹਿਸੀਲ ਵਾ ਜ਼ਿਲ੍ਹਾ ਮਾਨਸਾ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦਰੁਸਤ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਵਿਖੇ ਬਲਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਪਿੰਡ ਮਾਖਾ ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਇਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਰਿਕਾਰਡ ਮਾਲ ਵਿੱਚ ਉਸ ਦਾ ਨਾਂਅ ਕੁਲਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਦਰਜ ਹੈ, ਜਦੋਂ ਕਿ ਉਸ ਦੇ ਆਧਾਰ ਕਾਰਡ, ਡਰਾਈਵਿੰਗ ਲਾਇਸੰਸ, ਪੈਨ ਕਾਰਡ, ਵੋਟਰ ਕਾਰਡ ਵਿੱਚ ਬਲਵੀਰ ਸਿੰਘ ਦਰਜ ਹੈ। ਇਹ ਕਿ ਉਸਨੂੰ ਕੁਲਵੀਰ ਸਿੰਘ ਅਤੇ ਬਲਵੀਰ ਸਿੰਘ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਹ ਦੋਵੇਂ ਨਾਂਅ ਇੱਕ ਹੀ ਵਿਅਕਤੀ ਦੇ ਹਨ। ਪ੍ਰਾਰਥੀ ਵੱਲੋਂ ਬੇਨਤੀ ਕੀਤੀ ਕਿ ਉਸ ਦਾ ਨਾਂਅ ਮਾਲ ਰਿਕਾਰਡ ਵਿੱਚ ਕੁਲਵੀਰ ਸਿੰਘ ਉਰਫ ਬਲਵੀਰ ਸਿੰਘ ਸਹੀ ਦਰੁਸਤ ਕੀਤਾ ਜਾਵੇ।

ਉਕਤ ਮੇਰੇ ਨਾਂਅ ਨੂੰ ਦਰੁਸਤ ਕਰਨ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ।ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਨਿਯਮਾਂ ਅਨੁਸਾਰ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ ਅ

ਅੱਜ ਮਿਤੀ 19.09.25 ਨੂੰ ਇਹ ਮੇਰੀ ਮੋਹਰ ਅਦਾਲਤ ਅਤੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ, ਤਹਿਸੀਲਦਾਰ, ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਬਲਵਿੰਦਰ ਸਿੰਘ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਲੋਹੀਆਂ, ਜ਼ਿਲ੍ਹਾ ਜਲੰਧਰ ।
ਮਿਸਲ ਨੰ: 24/ਐਨ.ਟੀ/2025

ਪਹਿਲੀ ਧਿਰ

1. ਸ੍ਰੀ ਦਰਸ਼ਨ ਸਿੰਘ ਬਲਦੇਵ ਸਿੰਘ, ਗੁਰਦੇਵ ਸਿੰਘ ਬੇਟੇ ਭਜਨ ਸਿੰਘ ਪੁੱਤਰ ਮੀਹਾ ਸਿੰਘ ਵਾ ਮਨਜਿੰਦਰ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਜਾਨੀਆ ਚਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ।

ਬਨਾਮ ਦੂਜੀ ਧਿਰ

1 ਗੁਰਦੇਵ ਸਿੰਘ ਪੁੱਤਰ ਉਜਾਗਰ ਸਿੰਘ 2 ਪ੍ਰੀਤਮ ਕੌਰ ਪੁੱਤਰੀ ਉਜਾਗਰ ਸਿੰਘ ਪੁੱਤਰ ਈਸ਼ਰ ਸਿੰਘ 3. ਦਪਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਸੁਰਤ ਸਿੰਘ 4. ਹਰਵਿੰਦਰ ਸਿੰਘ ਪੁੱਤਰ ਸੰਤੋਖ ਸਿੰਘ 5. ਅਜੀਤ ਸਿੰਘ ਪੁੱਤਰ ਮਿਲਖਾ ਸਿੰਘ 6. ਨਿਰਮਲ ਸਿੰਘ ਬੇਟੇ ਗੁਰਦਿਆਲ ਸਿੰਘ 7. ਸੁਰਜੀਤ ਕੌਰ ਵਿਧਵਾ ਮੱਖਣ ਸਿੰਘ 8. ਬਲਵਿੰਦਰ ਸਿੰਘ ਪੁੱਤਰ ਮੱਖਣ ਸਿੰਘ 9. ਸੁਖਦੇਵ ਸਿੰਘ 10. ਅਮਰੀਕ ਸਿੰਘ ਬੇਟੇ ਸੁਲੱਖਣ ਸਿੰਘ 11. ਲਖਵਿੰਦਰ ਕੌਰ ਵਿਧਵਾ ਸੁਰਿੰਦਰ ਸਿੰਘ 12. ਪ੍ਰਭਜੋਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਜਾਨੀਆ ਚਾਹਲ, ਤਹਿਸੀਲ ਸ਼ਾਹਕੋਟ 13. ਗੁਰਦੇਵ ਸਿੰਘ ਬੇਟੇ ਗੁੱਜਰ ਸਿੰਘ 14. ਪ੍ਰਕਾਸ਼ ਕੌਰ ਪਤਨੀ ਤੇਜਾ ਸਿੰਘ 15. ਬਲਵਿੰਦਰ ਸਿੰਘ 16. ਮੇਜਰ ਸਿੰਘ ਬੇਟੇ ਚਰਨ ਸਿੰਘ 17. ਅਰਸ਼ਦੀਪ ਸਿੰਘ ਪੁੱਤਰ ਬਲਵੀਰ ਸਿੰਘ 18. ਮਲਕੀਤ ਕੌਰ ਪੁੱਤਰੀ ਉਜਾਗਰ ਸਿੰਘ 19. ਤਰਲੋਕ ਸਿੰਘ ਪੁੱਤਰ ਸੂਰਤ ਸਿੰਘ 20. ਸਤਵੰਤ ਸਿੰਘ ਪੁੱਤਰ ਦਲਜੀਤ ਸਿੰਘ 21. ਦਲਵੀਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਜਾਨੀਆ ਚਾਹਲ, ਤਹਿਸੀਲ ਸ਼ਾਹਕੋਟ ਜ਼ਿਲ੍ਹਾ ਜਲੰਧਰ, ਉਪਰੋਕਤ ਵਿਅਕਤੀ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਅਤੇ ਕੁਝ ਵਿਅਕਤੀ ਹੁਣ ਵਿਦੇਸ਼ ਰਹਿੰਦੇ ਹਨ।

ਉਪਰੋਕਤ ਵਿਸ਼ੇ ਸੰਬੰਧੀ ਪਹਿਲੀ ਧਿਰ ਵੱਲੋਂ ਇਸ ਦਫਤਰ ਵਿੱਚ ਤਕਸੀਮ ਕੇਸ ਪਾਇਆ ਗਿਆ ਹੈ।ਇਹ ਤਕਸੀਮ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ।ਦੂਜੀ ਧਿਰ ਦੇ ਵਿਅਕਤੀ ਸੰਬੰਧਤ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਜਾਂ ਵਿਦੇਸ਼ ਜਾਂ ਪਿੰਡ ਤੋਂ ਬਾਹਰ ਰਹਿੰਦੇ ਹਨ ਤਾਂ ਇਸ ਕੇਸ ਦੀ ਤਾਰੀਖ ਪੇਸ਼ੀ ਮਿਤੀ 30.09.25 ਪਾਈ ਗਈ ਹੈ। ਇਸ ਸੰਬੰਧੀ ਕਿਸੇ ਵਿਅਕਤੀ ਨੂੰ ਕੋਈ ਉਜ਼ਰ/ਇਤਰਾਜ਼ ਹੋਵੇ ਤਾਂ ਉਹ ਉਕਤ ਅਦਾਲਤ ਵਿੱਚ 10 ਦਿਨ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।ਅਖਬਾਰ ਇਸ਼ਤਿਹਾਰ ਦਾ ਨਾਂਅ (ਨਵਾਂ ਜ਼ਮਾਨਾ) ਰਾਹੀਂ ਪਬਲਿਕ ਨੋਟਿਸ ਕਢਵਾਇਆ ਜਾ ਰਿਹਾ ਹੈ। ਇਸ ਕੇਸ ਵਿੱਚ ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਰਿਕਾਰਡ ਮਾਲ ਵਿੱਚ ਸਾਂਝਾ ਖਾਤਾ ਹੋਣ ਕਰਕੇ ਪਹਿਲੀ ਧਿਰ ਦੀ ਤਕਸੀਮ ਕੀਤੀ ਜਾਵੇਗੀ ਅਤੇ ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਸੁਣਵਾਈ ਯੋਗ ਨਹੀਂ ਹੋਵੇਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਲੋਹੀਆਂ

## ਜਨਮ ਦਿਨ 'ਤੇ ਪ੍ਰਧਾਨ ਮੰਤਰੀ ਨੂੰ ਦਿੱਤੀ ਵਧਾਈ

ਛੇਹਰਟਾ, (ਮਨੋਜ ਕੁਮਾਰ)-ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੇ ਦਫ਼ਤਰ ਸਕੱਤਰ ਰਾਜੇਸ਼ ਮਹਿਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਜਾਰੀ ਬਿਆਨ ਵਿਚ ਰਾਜੇਸ਼ ਮਹਿਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ



ਕਾਰਜਕਾਲ ਦੌਰਾਨ ਦੇਸ਼ ਨੂੰ ਹਰ ਪੱਖੋਂ ਬੁਲੰਦੀਆਂ 'ਤੇ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਵਰਤਮਾਨ ਵਿਚ ਭਾਰਤ ਦਾ ਸੰਸਾਰ ਵਿਚ ਇਕ ਅਹਿਮ ਸਥਾਨ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲ ਟਰੰਪ ਵੱਲੋਂ 50 ਫ਼ੀਸਦੀ ਟੈਰਿਫ ਲਗਾਉਣ ਦੀਆਂ ਦਿੱਤੀਆਂ ਧਮਕੀਆਂ ਤੋਂ ਪੈਦਾ ਹੋਈ ਸਥਿਤੀ ਤੋਂ ਬਾਅਦ ਸਪਸ਼ਟ ਹੋ ਗਿਆ ਹੈ ਕਿ ਅੱਜ ਦਾ ਭਾਰਤ ਕਿਸੇ ਦੀ ਧੌਂਸ ਨਹੀਂ ਮੰਨਦਾ। ਵਿਦੇਸ਼ ਨੀਤੀ, ਆਰਥਿਕਤਾ ਤੇ ਸੁਰੱਖਿਆ ਦੇ ਮਾਮਲੇ ਵਿਚ ਭਾਰਤ ਦੀ ਤੂਤੀ ਅੱਜ ਪੂਰੀ ਦੁਨੀਆ ਭਰ ਵਿਚ ਬੋਲ ਰਹੀ ਹੈ। ਦੇਸ਼ ਦੀ ਅੰਦਰੂਨੀ ਸੁਰੱਖਿਆ ਵੀ ਅੱਗੇ ਨਾਲੋਂ ਕਿਤੇ ਜ਼ਿਆਦਾ ਬਹੁਤ ਮਜ਼ਬੂਤ ਹੋਈ ਹੈ। ਮਹਿਤਾ ਨੇ ਪਰਮਾਤਮਾ ਅੱਗੇ ਮੋਦੀ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਿਆਂ ਉਮੀਦ ਪ੍ਰਗਟਾਈ ਕਿ ਉਨ੍ਹਾਂ ਦੀ ਅਗਵਾਈ ਵਿਚ ਦੇਸ਼ ਤਰੱਕੀ ਤੇ ਖੁਸ਼ਹਾਲੀ ਦੇ ਰਸਤੇ 'ਤੇ ਹੋਰ ਤੇਜ਼ੀ ਤੇ ਮਜ਼ਬੂਤੀ ਨਾਲ ਅੱਗੇ ਵੱਧਦਾ ਰਹੇਗਾ।

## COURT NOTICE

(U/O 5 Rule 20 Cpc)
In The Court of
**Ms. Muskaan**
Civil Judge (Junior Division), Ludhiana
CNR No. PBL D02-009298-2024
Next Date:- 13-10-2025
Punjab State Power Corporation Limited
Vs.
Darshan Singh
Publication Issued To:
Darshan Singh
: R/o H. No.16/17. St. No. 12 Harkrishan Nagar, Ludhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 a.m..

For details logon to https://highcourtchd.gov.in/?mod=district_notice&district=moga court

Civil Judge (Junior Division) Ludhiana
Dated this day of 18-09-2025

## COURT NOTICE

(U/O 5 Rule 20 Cpc)
(SUCCESSION CASE)
In The Court of
**Sh. Ashish Thathai**
Civil Judge (Senior Division), Rupnagar
CNR No. PBRO02-001693-2024
Next Date:- 13-10-2025
Vasudev S/o Rama Shankar R/o Village Railon Khurd, Rupnagar
Vs.
General Public & Others
Notice To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10.00 a.m.

For details logon to https://highcourtchd.gov.in/?mod=district_notice&district=Rupnagar

Civil Judge (Senior Division) Rupnagar
Dated, this day of 18-09-2025

20 Sep Page 8.qxd 9/19/2025 10:42 PM Page 1





## ਨਸ਼ੇ ਵਾਲੀਆਂ ਗੋਲੀਆਂ ਸਣੇ ਔਰਤ ਗ੍ਰਿਫ਼ਤਾਰ

**ਅੱਡਾ ਸਰਾਂ (ਜਸਵੀਰ ਕਾਜਲ)**- ਟਾਂਡਾ ਪੁਲਸ ਦੀ ਟੀਮ ਨੇ ਨਸ਼ੇ ਵਾਲੀਆਂ ਗੋਲੀਆਂ ਸਣੇ 1 ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਤੇ ਡੀ. ਐੱਸ.ਪੀ. ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਖਿਲਾਫ ਵਿੱਢੀ ਮੁਹਿੰਮ ਤਹਿਤ ਥਾਣੇਦਾਰ ਸਰਬਜੀਤ ਸਿੰਘ ਦੀ ਟੀਮ ਨੇ ਇਹ ਸਫਲਤਾ ਹਾਸਲ ਕੀਤੀ ਹੈ।ਐੱਸ. ਐੱਚ. ਓ. ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜਦੋਂ ਪੁਲਸ ਟੀਮ ਘੋੜਾਵਾਹਾ ਵੱਲ ਗਸ਼ਤ ਕਰ ਰਹੀ ਸੀ ਤਾਂ ਸਕੂਟਰੀ ਸਵਾਰ ਔਰਤ ਦਵਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਦਰੀਆ ਨੂੰ ਨਸ਼ੇ ਵਾਲੀਆਂ 123 ਗੋਲੀਆਂ ਸਣੇ ਕਾਬੂ ਕੀਤਾ। ਪੁਲਸ ਨੇ ਮੁਲਜ਼ਮ ਦੇ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੇ ਅਧੀਨ ਮਾਮਲੇ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹੜ੍ਹ ਪੀੜਤਾਂ ਦੀ ਮਦਦ ਲਈ ਰਾਜੀਵ ਠਾਕੁਰ ਫੰਡਰੇਜ਼ਰ ਸ਼ੋਅ ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**- ਹੜ੍ਹਾਂ ਨਾਲ ਪੰਜਾਬ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਨੂੰ ਦੇਖਦੇ ਹੋਏ, ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਮਸ਼ਹੂਰ ਕੋਮੇਡੀਅਨ ਰਾਜੀਵ ਠਾਕੁਰ, ਜਿਨ੍ਹਾਂ ਨੂੰ 'ਦ ਕਪਿਲ ਸ਼ਰਮਾ ਸ਼ੋਅ' 'ਤੇ ਆਪਣੇ ਪ੍ਰਦਰਸ਼ਨ ਲਈ ਵਿਆਪਕ ਪਛਾਣ ਪ੍ਰਾਪਤ ਹੈ, ਦੇ ਨਾਲ ਇੱਕ ਫੰਡਰੇਜ਼ਰ ਸ਼ੋਅ ਦੇ ਆਯੋਜਨ ਦੁਆਰਾ ਮਦਦਗਾਰ ਹੱਥ ਵਧਾਇਆ ਹੈ। ਇਸ ਫੰਡਰੇਜ਼ਰ ਦਾ ਮੁੱਖ ਉਦੇਸ਼ ਪੰਜਾਬ ਦੇ ਲੋਕਾਂ ਦੇ ਉਨ੍ਹਾਂ ਦੇ ਮੁਸ਼ਕਲ ਸਮੇਂ ਵਿੱਚ ਖੜ੍ਹੇ ਹੋਣਾ ਅਤੇ ਸਮੁਦਾਇਕ ਸਹਿਯੋਗ ਦੁਆਰਾ ਪੰਜਾਬ ਹੜ ਰਾਹਤ ਫੰਡਾਂ ਵਿੱਚ ਯੋਗਦਾਨ ਪਾਉਣਾ ਸੀ।ਸ਼ਾਮ ਨੂੰ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾਕਟਰ ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਐਗਜ਼ੀਕਿਊਟਿਵ ਡਾਇਰੈਕਟਰ ਡਾਕਟਰ ਨਿਤਿਨ ਟੰਡਨ, ਕੋ-ਜੌਇੰਟ ਮੈਨੇਜਿੰਗ ਡਾਇਰੈਕਟਰ ਤਾਨਿਕਾ ਚੰਨੀ, ਅਤੇ ਕੋ-ਚੇਅਰਪਰਸਨ ਪਰਮਿੰਦਰ ਕੌਰ ਦੀ ਪ੍ਰਤਿਸ਼ਠਿਤ ਹਾਜ਼ਰੀ ਨੇ ਇਸ ਮੌਕੇ ਨੂੰ ਗਰਿਮਾ ਪ੍ਰਦਾਨ ਕੀਤੀ। ਇਸ ਨੇਕ ਕਾਰਜ ਵਿੱਚ ਹਾਸੇ ਦੀ ਚਿੰਗਾਰੀ ਜੋੜਦੇ ਹੋਏ, ਰਾਜੀਵ ਠਾਕੁਰ ਦੇ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ, ਜਦੋਂਕਿ ਉਨ੍ਹਾਂ ਨੇ ਇਵੈਂਟ ਦੇ ਉਦੇਸ਼ ਨੂੰ ਕੇਂਦਰ ਵਿੱਚ ਰੱਖਿਆ। ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਰਾਜੀਵ ਠਾਕੁਰ ਨੇ ਕਿਹਾ, 'ਮੇਰੀ ਕਲਾ ਦੀ ਵਰਤੋਂ ਸਿਰਫ਼ ਮੁਸਕਰਾਹਟਾਂ ਲਿਆਉਣ ਲਈ ਹੀ ਨਹੀਂ, ਬਲਕਿ ਇੱਕ ਵੱਡੇ ਕਾਰਨ ਵਿੱਚ ਯੋਗਦਾਨ ਪਾਉਣ ਲਈ ਕਰਨਾ ਸੱਚਮੁੱਚ ਸੰਤੁਸ਼ਟੀਜਨਕ ਹੈ। ਪੰਜਾਬ ਮੇਰਾ ਘਰ ਹੈ, ਅਤੇ ਜਦੋਂ ਇਹ ਦੁੱਖ ਝੇਲ ਰਿਹਾ ਹੋਵੇ, ਤਾਂ ਇੱਕ ਕਮਿਊਨਿਟੀ ਦੇ ਰੂਪ ਵਿੱਚ ਅੱਗੇ ਆਉਣਾ ਅਤੇ ਮਦਦ ਕਰਨਾ ਸਾਡੀ ਜ਼ਿੰਮੇਵਾਰੀ ਹੈ।'




## ਕੇਸ਼ਵ ਸਿੰਘ ਸੈਣੀ 'ਆਪ' ਦੇ ਸੰਗਠਨ ਇੰਚਾਰਜ ਟਾਂਡਾ ਨਿਯੁਕਤ

**ਅੱਡਾ ਸਰਾਂ (ਜਸਵੀਰ ਕਾਜਲ)**- ਆਮ ਆਦਮੀ ਪਾਰਟੀ ਬਲਾਕ ਟਾਂਡਾ ਦੇ ਪ੍ਰਧਾਨ ਵਜੋਂ ਸੇਵਾਵਾਂ ਦੇ ਰਹੇ ਪਾਰਟੀ ਦੇ ਸਰਗਰਮ ਆਗੂ ਕੇਸ਼ਵ ਸਿੰਘ ਸੈਣੀ ਨੂੰ ਹੁਣ ਸੰਗਠਨ ਇੰਚਾਰਜ ਉੜਮੁੜ ਟਾਂਡਾ ਬਣਾਇਆ ਗਿਆ ਹੈ।ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵੱਲੋਂ ਕੀਤੀ ਗਈ ਸੂਚੀ ਅਨੁਸਾਰ ਕੇਸ਼ਵ ਸਿੰਘ ਸੈਣੀ ਨੂੰ ਪਾਰਟੀ ਵੱਲੋਂ ਇਹ ਵੱਡੀ ਜ਼ਿੰਮੇਵਾਰੀ ਦਿੱਤੀ ਗਈ।ਇਸ ਮੌਕੇ ਨਵ-ਨਿਯੁਕਤ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ ਨੇ ਪਾਰਟੀ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਇਹ ਸੇਵਾ ਨੂੰ ਪੂਰੀ ਮਿਹਨਤ ਲਗਨ ਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਬਿਹਤਰੀ ਵਾਸਤੇ ਕੰਮ ਕਰਨਗੇ।ਉਨ੍ਹਾਂ ਦੀ ਇਸ ਨਿਯੁਕਤੀ 'ਤੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਵਿਧਾਇਕ ਕਰਮਵੀਰ ਸਿੰਘ ਘੁੰਮਣ ਤੋਂ ਇਲਾਵਾ ਚੇਅਰਮੈਨ ਤੇ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਗੁਰਵਿੰਦਰ ਸਿੰਘ ਸਿੰਘ ਪਾਬਲਾ, ਗੁਰਦੀਪ ਸਿੰਘ ਹੈਪੀ, ਅਤਵਾਰ ਸਿੰਘ ਪਲਾ ਚੱਕ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਸਰਪੰਚ ਜਸਵੰਤ ਸਿੰਘ ਬਿੱਟੂ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਸਰਪੰਚ ਮਨਪ੍ਰੀਤ ਸਿੰਘ ਗੋਲਡੀ ਨਰਵਾਲ, ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਵੀਰ ਸਿੰਘ ਝਾਵਰ, ਮਾਸਟਰ ਕੁਲਵੰਤ ਸਿੰਘ ਜ਼ਹੂਰਾ, ਕੌਂਸਲਰ ਸੁਰਿੰਦਰਜੀਤ ਸਿੰਘ, ਹਰਮੀਤ ਵੜੈਚ, ਕੌਂਸਲਰ ਹਰੀ ਕ੍ਰਿਸ਼ਨ ਸੈਣੀ ਕੌਂਸਲਰ, ਕੌਂਸਲਰ ਸੁਮਨ ਖੋਸਲਾ, ਅਨਿਲ ਗੋਰਾ, ਰਾਜਨ ਸੌਂਧੀ, ਲੇਖ ਰਾਜ ਅਹੀਆਪੁਰ, ਸਨਮਦੀਪ ਸਿੰਘ ਮਿਆਣੀ, ਚੰਦਰ ਮੋਹਨ ਲਾਡੀ, ਨੰਬਰਦਾਰ ਹਰਵਿੰਦਰ ਕਲੋਟੀ, ਪ੍ਰੇਮ ਪਡਵਾਲ, ਸਰਪੰਚ ਹਰਬੰਸ ਸਿੰਘ ਖੁੱਡਾ, ਜਰਨੈਲ ਸਿੰਘ ਕੁਰਾਲਾ ਨੇ ਮੁਬਾਰਕਬਾਦ ਦਿੰਦੇ ਹੋਏ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।



## ਸੀਨੀਅਰ ਨਾਗਰਕਾਂ ਨੂੰ ਪਹਿਲ ਦੇ ਆਧਾਰ 'ਤੇ ਦਿੱਤੀ ਜਾਵੇ ਹਰ ਸਹੂਲਤ : ਅਮਰਬੀਰ ਕੌਰ ਭੁੱਲਰ

**ਹੁਸ਼ਿਆਰਪੁਰ (ਓ ਪੀ ਰਾਣਾ)**- ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਦੀ ਪ੍ਰਧਾਨਗੀ ਵਿਚ ਸੀਨੀਅਰ ਨਾਗਰਿਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਤਿਮਾਹੀ ਮੀਟਿੰਗ ਹੋਈ। ਮੀਟਿੰਗ ਵਿੱਚ ਸੀਨੀਅਰ ਨਾਗਰਿਕਾਂ ਦੀ ਸੁਰੱਖਿਆ, ਸਿਹਤ ਸੇਵਾਵਾਂ, ਬੈਂਕਾਂ, ਡਾਕਘਰਾਂ ਅਤੇ ਜੀਵਨ ਬੀਮਾ ਨਿਗਮ ਦੇ ਦਫ਼ਤਰਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਸੀਨੀਅਰ ਨਾਗਰਿਕਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਕੀਤੀ ਅਤੇ ਮੁੱਖ ਡਾਕਘਰ, ਹੁਸ਼ਿਆਰਪੁਰ ਦੇ ਪ੍ਰਤੀਨਿਧੀ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਸੀਨੀਅਰ ਨਾਗਰਿਕਾਂ ਲਈ ਉਪਲਬੱਧ ਸਹੂਲਤਾਂ ਨੂੰ ਇੱਕ ਪ੍ਰਮੁੱਖ ਸਥਾਨ 'ਤੇ ਪ੍ਰਦਰਸ਼ਿਤ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਨੂੰ ਡਾਕਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਐੱਚ ਕੇ ਵਰਮਾ, ਸੁਰਜੀਤ ਸਿੰਘ (ਬ੍ਰਿਗੇਡੀਅਰ) ਪੈਟਰਨ ਸੀਨੀਅਰ ਸਿਟੀਜ਼ਨ ਕੌਂਸਲ ਹੁਸ਼ਿਆਰਪੁਰ, ਨਰੇਸ਼ ਕੁਮਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਡਾ: ਰਣਜੀਤ ਸਿੰਘ, ਮਹਿੰਦਰ ਸਿੰਘ ਡੀ.ਐਸ.ਪੀ., ਸੂਰਜ ਪ੍ਰਕਾਸ਼, ਗੁਰਬਖਸ਼ ਲਾਲ, ਬੱਬਲਦੀਪ ਸਿੰਘ, ਸ਼ਿਵ ਕਪੂਰ ਸਬ-ਪੋਸਟ ਮਾਸਟਰ ਹੁਸ਼ਿਆਰਪੁਰ, ਕਰਮਜੀਤ ਸਿੰਘ ਜ਼ਿਲ੍ਹਾ ਆਈ.ਟੀ. ਮੈਨੇਜਰ, ਬਲਦੇਵ ਰਾਜ ਐਸ.ਡੀ.ਓ., ਜਰਨੈਲ ਸਿੰਘ ਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।



## ਸਾਬੀ ਮੋਗਾ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ ਦੇ ਮੀਤ ਪ੍ਰਧਾਨ ਨਿਯੁਕਤ



**ਅਲਾਵਲਪੁਰ (ਮਦਨ ਬੰਗੜ)**- ਕਾਂਗਰਸ ਪਾਰਟੀ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਰਪੰਚ ਸਤਨਾਮ ਸਿੰਘ ਸਾਬੀ ਮੋਗਾ ਨੂੰ ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹ ਨਿਯੁਕਤੀ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕੀਤੀ। ਇਸ ਮੌਕੇ ਲਾਡੀ ਸ਼ੇਰੋਵਾਲੀਆ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਅਜਿਹੇ ਮਿਹਨਤੀ ਵਰਕਰਾਂ ਦੀ ਜ਼ਰੂਰਤ ਹੈ ਜੋ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਸ ਮੌਕੇ ਸਤਨਾਮ ਸਿੰਘ ਸਾਬੀ ਮੋਗਾ ਨੇ ਆਪਣੀ ਇਸ ਨਿਯੁਕਤੀ 'ਤੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਅਰਜੁਨ ਖੜਗੇ, ਭਾਰਤੀ ਸੰਸਦ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਕਾਂਗਰਸ ਦੀ ਚੇਅਰਪਰਸਨ ਸੋਨੀਆ ਗਾਂਧੀ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਲੰਧਰ ਦਿਹਾਤੀ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਹਲਕਾ ਆਦਮਪੁਰ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਸਾਬੀ ਮੋਗਾ ਪਾਰਟੀ ਦੇ ਅਜਿਹੇ ਆਗੂ ਹਨ ਜੋ ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਅੱਗੇ ਵਧ ਕੇ ਕੰਮ ਕਰਦੇ ਹਨ। ਇਸ ਮੌਕੇ ਸਾਬੀ ਮੋਗਾ ਨੇ ਕਿਹਾ ਕਿ ਮੈਂ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਾਂਗਾ। ਇਸ ਮੌਕੇ ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਮੱਲ੍ਹੀ, ਜਸਵੀਰ ਸਿੰਘ ਸੈਣੀ, ਜਗਦੀਪ ਢੱਡਾ ਅਤੇ ਹੋਰ ਹਾਜ਼ਰ ਸਨ।

## ਪੰਜਾਬ ਨੰਬਰਦਾਰ ਯੂਨੀਅਨ ਦੇ ਅਹੁਦੇਦਾਰਾਂ ਦੀ ਮੀਟਿੰਗ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਨੰਬਰਦਾਰ ਯੂਨੀਅਨ ਸਮਰਾ 643 ਦੀ ਅਹਿਮ ਮੀਟਿੰਗ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੇ ਦਿਸ਼ਾ ਨਿਰਦੇਸ਼ਾਂ ਉੱਪਰ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਦੇ ਦੀਵਾਨ ਹਾਲ ਕਰਤਾਰਪੁਰ ਵਿਖੇ ਪ੍ਰਧਾਨ ਭਜਨ ਸਿੰਘ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਰਬੰਸ ਸਿੰਘ ਮੁੱਧ ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਾਮਲ ਹੋਏ। ਇਸ ਮੌਕੇ ਤੇ ਨੰਬਰਦਾਰਾਂ ਦੀਆਂ ਹੱਕੀ ਮੰਗਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਨੰਬਰਦਾਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਹਰਬੰਸ ਸਿੰਘ ਮੁੱਧ, ਮੁੱਖ ਬੁਲਾਰਾ ਪੰਜਾਬ ਚਰਨਜੀਤ ਸਿੰਘ ਨਵਾਂ ਪਿੰਡ, ਸੁਰਜੀਤ ਸਿੰਘ ਹੇਅਰ, ਜਗਰੂਪ ਸਿੰਘ ਚੋਹਲਾ, ਨੰਬਰਦਾਰ ਬੀਰ ਚੰਦ ਸੁਰੀਲਾ, ਹਰਦੇਵ ਸਿੰਘ ਵਿਰਦੀ ਜ਼ਿਲ੍ਹਾ ਮੀਡੀਆ ਸਕੱਤਰ, ਪ੍ਰਧਾਨ ਸਵਰਨ ਸਿੰਘ ਭੋਗਪੁਰ, ਨੰਬਰਦਾਰ ਯੂਨੀਅਨ ਆਦਿ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਨੰਬਰਦਾਰਾਂ ਦਾ ਮਾਣ ਭੱਤਾ 3 ਹਜ਼ਾਰ ਰੁਪਏ ਕਰਨ ਸਬੰਧੀ, ਨੰਬਰਦਾਰੀ ਜੱਦੀ ਪੁਸ਼ਤੀ ਕਰਨ ਤੇ ਸਰਬਰਾ ਨੰਬਰਦਾਰ ਨਿਯੁਕਤ ਕਰਨ ਸਬੰਧੀ ਸਰਕਾਰ ਦੇ ਕਈ ਮੰਤਰੀਆਂ, ਵਿੱਤ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨਾਲ ਵੀ ਨੰਬਰਦਾਰ ਯੂਨੀਅਨ ਪੰਜਾਬ 643 ਦੇ ਆਗੂਆਂ ਨੇ ਕਈ ਵਾਰ ਮੀਟਿੰਗ ਕੀਤੀ ਪ੍ਰੰਤੂ ਅੱਜ ਤੱਕ ਸਰਕਾਰ ਨੇ ਨੰਬਰਦਾਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਮੁੱਧ, ਪ੍ਰਧਾਨ ਸੁਰਜੀਤ ਸਿੰਘ ਨਕੋਦਰ, ਪ੍ਰਧਾਨ ਸਵਰਨ ਸਿੰਘ ਭੋਗਪੁਰ, ਜਗਰੂਪ ਸਿੰਘ ਚੌਹਲਾ ਟਾਹਲੀ ਸਾਹਿਬ, ਜਗੀਰ ਸਿੰਘ ਭੱਠੇ, ਗੁਰਮੇਲ ਸਿੰਘ ਸਰਾਏ, ਸੁਰਿੰਦਰ ਸਿੰਘ ਕਾਲਾ ਬਾਹੀਆਂ, ਬੀਰ ਚੰਦ ਸੁਰੀਲਾ, ਨਛੱਤਰਪਾਲ ਸਿੰਘ ਕਾਹਲਵਾਂ, ਗਿਆਨ ਚੰਦ ਵਾਜਲਪੁਰ, ਸੁਨੀਤ ਕੁਮਾਰ ਭੱਠੇ, ਈਸ਼ਵਰ ਸਿੰਘ, ਮਦਨ ਲਾਲ ਕਾਲਾ ਬਾਹੀਆ, ਸੁਖਦੇਵ ਸਿੰਘ ਹੀਰਪੁਰ, ਮਹਿੰਦਰ ਪਾਲ ਸਿੰਘ ਅਲੀ ਖੇਲ, ਹਰਮਨ ਪ੍ਰੀਤ ਸਿੰਘ ਬੜਾ ਪਿੰਡ, ਮੋਹਣ ਸਿੰਘ ਆਲਮਪੁਰ ਬੱਕਾ, ਗੁਰਮੇਲ ਸਿੰਘ ਸਰਾਏ, ਸੰਦੀਪ ਸਿੰਘ ਵਿਰਦੀ, ਰਣਜੀਤ ਸਿੰਘ ਚੀਮਾ, ਈਸ਼ਵਰ ਸਰੂਪ ਜਲ ਸਿੰਘ, ਜਗਜੀਤ ਸਿੰਘ ਪਾੜ੍ਹਾ ਪਿੰਡ, ਕਸ਼ਮੀਰ ਸਿੰਘ ਸ਼ੇਰ, ਦਲਬੀਰ ਸਿੰਘ ਕਰਤਾਰਪੁਰ, ਮੋਹਣ ਲਾਲ ਮੱਲੀਆਂ, ਜਗਰੂਪ ਸਿੰਘ ਸਰਮਸਤਪੁਰ ਆਦਿ ਹਾਜ਼ਰ ਸਨ।



## ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਦਾ ਵਫਦ ਉਚੇਰੀ ਸਿੱਖਿਆ ਮੰਤਰੀ ਨੂੰ ਮਿਲਿਆ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਨਾਨ ਟੀਚਿੰਗ ਇਮਪਲਾਈਜ਼ ਯੂਨੀਅਨ ਦਾ ਇਕ ਵਫਦ ਅੱਜ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਜਗਦੀਪ ਸਿੰਘ ਜਨਰਲ ਸਕੱਤਰ ਪੰਜਾਬ ਦੀ ਅਗਵਾਈ ਹੇਠ ਮਿਲਿਆ ਜਿਸ ਵਿੱਚ ਉਹਨਾਂ ਨੇ ਆਪਣੀਆਂ ਲੰਬਤ ਮੰਗਾਂ ਲਈ ਮੰਗ ਪੱਤਰ ਦਿੱਤਾ। ਇਸ ਸਮੇਂ ਮੰਤਰੀ ਨੇ ਯੂਨੀਅਨ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਵਫਦ ਨੂੰ ਭਰੋਸਾ ਦਿਵਾਇਆ ਕਿ ਤੁਹਾਡੀਆਂ ਮੰਗਾਂ ਨੂੰ ਜਲਦੀ ਹੱਲ ਕੀਤਾ ਜਾਵੇਗਾ। ਇਸ ਮੌਕੇ ਮੰਤਰੀ ਨੇ ਕਿਹਾ ਕਿ ਜਲਦ ਹੀ ਸਬੰਧਤ ਮਹਿਕਮੇ ਨੂੰ ਆਦੇਸ਼ ਜਾਰੀ ਕਰ ਦਿੱਤੇ ਜਾਣਗੇ।ਇਸ ਮੌਕੇ ਸਰਦਾਰ ਬਚਿੱਤਰ ਸਿੰਘ ਬੈਂਸ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਯੂਨੀਅਨ ਦੇ ਵਫਦ ਵਿੱਚ ਸ਼ਵਿੰਦਰ ਸਿੰਘ ਗੋਲਾ ਪ੍ਰਧਾਨ ਨਾਨ ਟੀਚਿੰਗ ਇੰਪਲਾਈ ਯੂਨੀਅਨ ਪੰਜਾਬ, ਜਗਦੀਪ ਸਿੰਘ ਜਨਰਲ ਸਕੱਤਰ ਪੰਜਾਬ, ਦੀਪਕ ਸ਼ਰਮਾ ਵਾਈਸ ਪ੍ਰਧਾਨ, ਰਵੀ ਮੈਣੀ ਖ਼ਜ਼ਾਨਚੀ ਪੰਜਾਬ, ਪ੍ਰੇਮ ਸਿੰਘ ਆਰਗੇਨਾਈਜ਼ਿੰਗ ਸੈਕਟਰੀ ਪੰਜਾਬ, ਸੁਰੇਸ਼ ਕੁਮਾਰ ਅਤੇ ਤੇਜਿੰਦਰ ਸਿੰਘ ਹਾਜ਼ਰ ਸਨ।

## ਕੁਲਵੰਤ ਸਿੰਘ ਨੇ ਅਧਿਕਾਰੀਆਂ ਨੂੰ ਮੌਕੇ 'ਤੇ ਬੁਲਾ ਕੇ ਦਿਖਾਈ ਸੜਕਾਂ ਦੀ ਅਸਲੀ ਤਸਵੀਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਮੋਹਾਲੀ ਸ਼ਹਿਰ ਦੀਆਂ ਸੜਕਾਂ ਅਤੇ ਬੁਨਿਆਦੀ ਢਾਂਚੇ ਦੀ ਮੌਜੂਦਾ ਹਾਲਤ ਦੇ ਨਾਲ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜਾਣੂ ਕਰਵਾਏ ਜਾਣ ਦੇ ਲਈ ਸ਼ਹਿਰ ਦਾ ਦੌਰਾ ਕੀਤਾ ਗਿਆ। ਵਿਧਾਇਕ ਕੁਲਵੰਤ ਸਿੰਘ ਨੇ ਚਿੰਤਾ ਪ੍ਰਗਟਾਈ ਕਿ ਗਮਾਡਾ ਕੋਲ ਵਿੱਤੀ ਸੋਮੇ ਹੋਣ ਦੇ ਬਾਵਜੂਦ, ਆਮ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਸਹੀ ਢੰਗ ਨਾਲ ਨਹੀਂ ਮਿਲ ਰਹੀਆਂ। ਵਿਧਾਇਕ ਕੁਲਵੰਤ ਸਿੰਘ ਨੇ ਮੋਹਾਲੀ ਨਗਰ ਨਿਗਮ ਅਧਿਕਾਰੀਆਂ ਨੂੰ ਸੀ.ਪੀ. 67 ਮਾਲ ਦੇ ਸਾਹਮਣੇ ਸੈਕਟਰ- 79-68 ਦੇ ਚੌਂਕ 'ਤੇ ਜਾ ਕੇ ਸੜਕ ਦੀ ਹਾਲਤ ਦਿਖਾਈ। ਉਹਨਾਂ ਨੇ ਕਿਹਾ ਕਿ ਇਹ ਸੜਕ 10-12 ਸਾਲ ਪਹਿਲਾਂ ਬਣੀ ਸੀ, ਜੋ ਕਿ ਅੱਜ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਵਿਧਾਇਕ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਕੋਈ ਹਾਦਸਾ ਜਾਂ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਸਿੱਧੀ ਜ਼ਿੰਮੇਵਾਰੀ ਸੰਬੰਧਤ ਜੇ.ਈ., ਐਸ.ਡੀ.ਓ, ਐਕਸੀਅਨ ਅਤੇ ਸਬੰਧਤ ਅਧਿਕਾਰੀਆਂ ਦੀ ਹੋਵੇਗੀ।



## ਈਕੋ ਕਲੱਬ ਨੇ ਓਜ਼ੋਨ ਦਿਵਸ 'ਤੇ ਪੇਂਟਿੰਗ ਮੁਕਾਬਲੇ ਕਰਵਾਏ



**ਕਰਤਾਰਪੁਰ (ਹਰਮੇਸ਼ ਦੱਤ)**- ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਈਕੋ ਕਲੱਬ ਦੁਆਰਾ ਓਜ਼ੋਨ ਦਿਵਸ ਮੌਕੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਛੇਵੀਂ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਓਜ਼ੋਨ ਪਰਤ ਨੂੰ ਬਚਾਉਣ ਤੇ ਸੁਰੱਖਿਅਤ ਰੱਖਣ ਦਾ ਸੰਦੇਸ਼ ਦੇਣ ਵਾਲੀ ਵੱਖੋ ਵੱਖਰੀ ਪੇਂਟਿੰਗ ਬਣਾਈ। ਮੈਡਮ ਪਰਮਜੀਤ ਕੌਰ ਢਾਹ ਨੇ ਵਿਦਿਆਰਥੀਆਂ ਨੂੰ ਓਜ਼ੋਨ ਪਰਤ ਦੇ ਨੁਕਸਾਨ ਅਤੇ ਉਸ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਓਜ਼ੋਨ ਪਰਤ ਦੀ ਰਿਕਵਰੀ ਇਸ ਗੱਲ ਦਾ ਸਬੂਤ ਹੈ ਕਿ ਵੱਡੇ ਸੰਕਟ ਨੂੰ ਵਿਸ਼ਵ ਏਕਤਾ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਈਕੋ ਕਲੱਬ ਦੇ ਮੁਖੀ ਪਰਮਜੀਤ ਕੌਰ ਕਾਹਲੋਂ ਨੇ ਵੀ ਵਿਦਿਆਰਥੀਆਂ ਨੂੰ ਓਜ਼ੋਨ ਦਿਵਸ ਤੇ ਵਾਤਾਵਰਣ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



## ਫੁੱਟਬਾਲ ਪਲੇਅਰ ਐਸੋਸੀਏਸ਼ਨ ਆਫ ਪੰਜਾਬ ਦਾ ਗਠਨ

**ਗੁਰਾਇਆ (ਬਿੰਦਰ ਸੁੰਮਨ)**- ਯੂਥ ਫੁੱਟਬਾਲ ਕਲੱਬ ਜਨਰੇਸ਼ਨ ਅਮੇਜ਼ਿੰਗ ਕਮਿਊਨਿਟੀ ਕਲੱਬ ਰੁੜਕਾ ਕਲਾਂ ਵਿਖੇ ਪੰਜਾਬ ਭਰ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫੁਟਬਾਲ ਖਿਡਾਰੀਆਂ ਨੇ ਇਕ ਪ੍ਰੋਗਰਾਮ ਅਯੋਜਿਤ ਕੀਤਾ ਜਿਸ ਵਿੱਚ ਫੁੱਟਬਾਲ ਪਲੇਅਰ ਐਸੋਸੀਏਸ਼ਨ ਆਫ ਇੰਡੀਆ ਤੋ ਵਿਸ਼ੇਸ਼ ਤੌਰ ਤੇ ਮਹਿਰਾਜਉਦੀਨ ਵਾਡੂ ਪ੍ਰਧਾਨ, ਦੀਪਕ ਕੁਮਾਰ ਮੰਡਲ ਖਜ਼ਾਨਚੀ, ਅਰਿੰਦਮ ਭੱਟਾਚਾਰੀਆ ਜਨਰਲ ਸਕੱਤਰ ਅਤੇ ਸਿਧਾਰਥ ਭਟਾਚਾਰੀਆ ਪਹੁੰਚੇ। ਇਹਨਾਂ ਮਹਿਮਾਨਾਂ ਦਾ ਪਹੁੰਚਣ ਤੇ ਖਿਡਾਰੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫੁਟਬਾਲ ਖਿਡਾਰੀਆਂ ਨੇ ਪੰਜਾਬ ਦੇ ਫੁੱਟਬਾਲ ਨੂੰ ਹੋਰ ਵਧੀਆ ਬਣਾਉਣ ਲਈ ਫੁਟਬਾਲ ਪਲੇਅਰ ਐਸੋਸੀਏਸ਼ਨ ਆਫ ਪੰਜਾਬ ਦਾ ਨਿਰਮਾਣ ਕੀਤਾ ਜਿਸ ਅਨੁਸਾਰ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਅਨਵਰ ਅਲੀ (ਪ੍ਰਧਾਨ ) ਸਾਬਕਾ ਅੰਤਰਰਾਸ਼ਟਰੀ ਖਿਡਾਰੀ, ਹਰਪ੍ਰੀਤ ਸਿੰਘ (ਉਪ ਪ੍ਰਧਾਨ) ਸਾਬਕਾ ਅੰਤਰਰਾਸ਼ਟਰੀ ਖਿਡਾਰੀ, ਮਨਜੀਤ ਸਿੰਘ ਸਕੱਤਰ ਸਾਬਕਾ ਅੰਤਰਰਾਸ਼ਟਰੀ ਖਿਡਾਰੀ, ਮਨਵੀਰ ਸਿੰਘ ਖਜਾਨਚੀ ਅੰਤਰਰਾਸ਼ਟਰੀ ਖਿਡਾਰੀ, ਹਰਮਨਜੋਤ ਸਿੰਘ ਖਾਬੜਾ ਜੁਆਇੰਟ ਸਕੱਤਰ ਸਾਬਕਾ ਅੰਤਰਰਾਸ਼ਟਰੀ ਖਿਡਾਰੀ,ਕਰਨਜੀਤ ਸਿੰਘ ਜੁਆਇੰਟ ਸਕੱਤਰ ਸਾਬਕਾ ਅੰਤਰਰਾਸ਼ਟਰੀ ਖਿਡਾਰੀ ,ਬਲਵੰਤ ਸਿੰਘ ਅਤੇ ਗੁਰਵਿੰਦਰ ਸਿੰਘ ਸਲਾਹਕਾਰ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਐਗਜੀਕਿਊਟਿਵ ਅਮਰਿੰਦਰ ਸਿੰਘ,ਗੁਰਪ੍ਰੀਤ ਸਿੰਘ ਸੰਧੂ (ਅਰਜਨ ਐਵਾਰਡੀ), ਮਨੀਸ਼ਾ ਕਲਿਆਣ, ਸੰਦੇਸ਼ ਝਿੰਗਨ (ਅਰਜੁਨ ਐਵਾਰਡੀ) ਗੁਰਸਿਮਰਤ ਸਿੰਘ ਗਿੱਲ ਅੰਤਰਰਾਸ਼ਟਰੀ ਖਿਡਾਰੀ, ਅਮਰਵੰਤ ਸਿੰਘ ਸੁਖਵਿੰਦਰ ਸਿੰਘ ਨਿਯੁਕਤ ਕੀਤੇ ਗਏ। ਇਸ ਤੋਂ ਉਪਰੰਤ ਐਫ ਪੀ ਏ ਪੀ ਦੇ ਮੈਂਬਰਾਂ ਨੇ ਆਏ ਹੋਏ ਫੁਟਬਾਲ ਖਿਡਾਰੀਆਂ ਅਤੇ ਭਾਗੀਦਾਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਬਾਅਦ ਕਲੱਬ ਦੇ ਬੱਚਿਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।

## ਕੁਲਵੰਤ ਸਿੰਘ ਵੱਲੋਂ ਰਾਹਤ ਸਮੱਗਰੀ ਦੇ ਵਾਹਨ ਰਵਾਨਾ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਵਿੱਚ ਹੜ ਪੀੜਤਾਂ ਦੇ ਲਈ ਰਾਸ਼ਨ, ਹੋਰ ਲੋੜੀਂਦਾ ਸਮਾਨ ਭੇਜੇ ਜਾਣਾ ਅਤੇ ਉਹਨਾਂ ਮੁੜ-ਵਸੇਬੇ ਦਾ ਬਕਾਇਦਾ ਪ੍ਰਬੰਧ ਕੀਤੇ ਜਾਣ ਦੇ ਲਈ ਸਾਨੂੰ ਸਭਨਾਂ ਨੂੰ ਮਿਲ ਕੇ ਆਪੋ- ਆਪਣੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਹ ਗੱਲ ਵਿਧਾਇਕ ਕੁਲਵੰਤ ਸਿੰਘ ਨੇ ਸੈਕਟਰ- 79 ਸਥਿਤ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ। ਵਿਧਾਇਕ ਕੁਲਵੰਤ ਸਿੰਘ ਹੜ ਪੀੜਤਾਂ ਦੇ ਲਈ 500 ਮੰਜੇ, ਬਿਸਤਰੇ, ਸਰਹਾਣੇ, ਗੱਦੇ ਆਦਿ ਨਾਲ ਭਰੇ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰ ਰਹੇ ਸਨ। ਉਹਨਾਂ ਕਿਹਾ ਕਿ ਹੁਣ ਸਾਡੇ ਇਸ ਗਰੁੱਪ ਵੱਲੋਂ ਮੋਹਾਲੀ ਤੋਂ 500 ਮੰਜੇ 500 ਗੱਦੇ, 1000 ਸਰਹਾਣਾ ਆਦਿ ਸਮਾਨ ਭੇਜਿਆ ਜਾ ਰਿਹਾ ਹੈ ਅਤੇ ਨੋਡਲ ਅਫਸਰ ਤੋਂ ਪੁੱਛ ਕੇ ਹੀ ਉਸ ਇਲਾਕੇ ਦੀ ਜਰੂਰਤ ਮੁਤਾਬਿਕ ਸਮਾਨ ਇਕੱਠਾ ਕੀਤਾ ਜਾਂਦਾ ਹੈ, ਵਿਧਾਇਕ ਕੁਲਵੰਤ ਸਿੰਘ ਨੇ ਸਪਸ਼ਟ ਕਿਹਾ ਕਿ ਇਹ ਸਿਲਸਿਲਾ ਅਗਾਹ ਵੀ ਜਾਰੀ ਰੱਖਿਆ ਜਾਵੇਗਾ। ਵਿਧਾਇਕ ਕੁਲਵੰਤ ਸਿੰਘ ਵੱਲੋਂ ਸੈਕਟਰ -79 ਸਥਿਤ ਦਫਤਰ ਤੋਂ ਹੀ ਇਸ ਤੋਂ ਪਹਿਲਾਂ ਵੀ ਹੜ ਪੀੜਿਤ ਪੀੜਿਤ ਪਰਵਾਰਾਂ ਦੇ ਲਈ ਰਾਹਤ ਸਮੱਗਰੀ ਦੇ ਕਈ ਵਾਹਨ ਭੇਜੇ ਜਾ ਚੁੱਕੇ ਹਨ। ਇਸ ਮੌਕੇ ਤੇ ਕੁਲਦੀਪ ਸਿੰਘ ਸਮਾਣਾ, ਪਰਮਜੀਤ ਸਿੰਘ ਚੌਹਾਨ, ਸਟੇਟ ਅਵਾਰਡੀ- ਫੂਲਰਾਜ ਸਿੰਘ, ਸਾਬਕਾ ਕੌਂਸਲਰ- ਆਰ.ਪੀ. ਸ਼ਰਮਾ, ਪਰਮਜੀਤ ਸਿੰਘ, ਗੁਰਜੰਟ ਸਿੰਘ -ਸਰਪੰਚ ਭਾਗੋ ਮਾਜਰਾ, ਹਰਮੇਸ਼ ਸਿੰਘ ਕੁੰਬੜਾ, ਸਾਬਕਾ ਕੌਂਸਲਰ- ਹਰਪਾਲ ਸਿੰਘ ਚੰਨਾ, ਗੁਰਪਾਲ ਸਿੰਘ ਗਰੇਵਾਲ, ਹਰਪਾਲ ਸਿੰਘ ਬਰਾੜ, ਹਰਮੀਤ ਸਿੰਘ ਆਦਿ ਹਾਜ਼ਰ ਸਨ।



## 55 ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ 55 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕੀਤਾ ਗਿਆ ।ਪੁਲਸ ਥਾਣਾ ਸਦਰ ਨਵਾਂਸ਼ਹਿਰ ਦੇ ਏ ਐੱਸ ਆਈ ਰਛਪਾਲ ਸਿੰਘ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਗੁਰਚਰਨ ਸਿੰਘ ਉਰਫ ਸੁੰਦਰ ਪੁੱਤਰ ਪ੍ਰਤਾਪ ਸਿੰਘ ਵਾਸੀ ਭੀਣ ਨੂੰ 25 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਏ ਐੱਸ ਆਈ ਨੇ ਦੱਸਿਆ ਕਿ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਪਿੰਡ ਕਰੀਹਾ ਮੋੜ ਕਰਾਸ ਕਰ ਕੇ ਨਹਿਰ ਦੇ ਨਾਲ ਥੋੜਾ ਅੱਗੇ ਪੁੱਜੇ ਤਾਂ ਇਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਕਿ ਪੁਲਿਸ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ। ਜਿਸ ਵੱਲੋਂ ਸੁੱਟੇ ਕਾਲੇ ਰੰਗ ਦੇ ਲਿਫਾਫੀ ਪਲਾਸਟਿਕ ਦੀ ਤਲਾਸ਼ੀ ਕਰਨ ਤੇ ਵਿਚੋਂ 25 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ। ਇਸੇ ਤਰ੍ਹਾਂ ਦੂਸਰੇ ਮਾਮਲੇ ਵਿਚ ਪੁਲਿਸ ਥਾਣਾ ਬਲਾਚੌਰ ਦੇ ਐੱਸਐੱਚਓ ਰਕੇਸ਼ਵਿੰਦਰ ਸਿੰਘ ਨੇ ਦੱਸਿਆ ਕਿ 30 ਨਸ਼ੀਲੀਆਂ ਗੋਲੀਆਂ ਸਮੇਤ ਇਕ ਵਿਅਕਤੀ ਅਮਨਜੀਤ ਸਿੰਘ ਉਰਫ ਜੀਤਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਮਹਿੰਦਪੁਰ ਨੂੰ ਕਾਬੂ ਕੀਤਾ ਹੈ। ਜਿਸ ਨੂੰ ਕਾਬੂ ਕਰਕੇ ਉਸ ਵੱਲੋਂ ਸੁੱਟੇ ਲਿਫਾਫੇ ਦੀ ਤਲਾਸ਼ੀ ਲੈਣ 'ਤੇ 30 ਨਸ਼ੀਲੀਆਂ ਗੋਲੀਆਂ ਕਾਬੂ ਕੀਤੀਆਂ। ਪੁਲਿਸ ਨੇ ਕਥਿਤ ਮੁਲਜ਼ਮ ਦੇ ਖਿਲਾਫ਼ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

## ਗਰੈਂਡ ਸਕੂਲ ਆਫ ਸਕਿਲ ਡਿਵੈਲਪਮੈਂਟ ਵਿਖੇ ਕੁਕਿੰਗ ਕੰਪੀਟੀਸ਼ਨ ਕਰਵਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਗਰੈਂਡ ਸਕੂਲ ਆਫ ਸਕਿਲ ਡਿਵੈਲਪਮੈਂਟ ਨਵਾਂਸ਼ਹਿਰ ਵਿਖੇ ਕੁਕਿੰਗ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਬਹੁਤ ਸਾਰੇ ਸੈਫਾਂ ਨੇ ਹਿੱਸਾ ਲਿਆ। ਇਸ ਕੰਪੀਟੀਸ਼ਨ ਵਿੱਚ ਇੰਡੀਅਨ, ਤੰਦੂਰੀ, ਚਾਈਨੀਜ਼ ਅਤੇ ਕੰਟੀਨੈਂਟਲ ਫੂਡ ਬਣਾਇਆ ਗਿਆ। ਇਸ ਮੁਕਾਬਲੇ ਵਿੱਚ ਪਿੰਡ ਮੁੱਗੋਵਾਲ ਦੇ ਮਨੋਜ ਕੁਮਾਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਨੂੰ ਵੈਸਟ ਪ੍ਰਾਈਜ਼ ਅਵਾਰਡ ਦਿੱਤਾ ਗਿਆ। ਇਸ ਮੌਕੇ ਬ੍ਰਿਜ ਮੋਹਣ, ਜੋਤੀ ਅਰੋੜਾ, ਜਨਰਲ ਮੈਨੇਜਰ ਪਰਮਜੀਤ ਸਿੰਘ ਸਮੇਤ ਸ਼ਹਿਰ ਦੇ ਐਮ.ਸੀ. ਅਤੇ ਮੋਹਤਵਰ ਵਿਅਕਤੀ ਹਾਜ਼ਰ ਸਨ।ਮਨੋਜ ਕੁਮਾਰ ਗਰੈਂਡ ਹੋਟਲ ਨਵਾਂਸ਼ਹਿਰ ਵਿਖੇ ਸੈਫ ਦੀ ਪੋਸਟ 'ਤੇ ਜੌਬ ਕਰ ਰਹੇ ਹਨ।

## ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨ ਸਿਖਲਾਈ ਕੈਂਪ




**ਨਵਾਂਸ਼ਹਿਰ (ਮਨੋਜ ਲਾਡੀ)**- ਡਾ. ਰਾਕੇਸ਼ ਕੁਮਾਰ ਮੁੱਖ ਖੇਤੀਬਾੜੀ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ: ਕੁਲਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ, ਨਵਾਂਸ਼ਹਿਰ ਦੀ ਪ੍ਰਧਾਨਗੀ ਹੇਠ ਕਰਾਪ ਰੈਜ਼ੀਡਿਊਮੈਨੇਜਮੈਂਟ ਸਕੀਮ ਅਧੀਨ ਪਿੰਡ ਮਜ਼ੂਰ ਅਤੇ ਮਲਕਪੁਰ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਡਾ. ਕੁਲਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਨਵਾਂਸ਼ਹਿਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਜਮੀਨ ਵਿੱਚ ਵਾਹ ਕੇ ਕਣਕ ਦੀ ਫਸਲ ਦੀ ਬਿਜਾਈ ਕਰਨ ਲਈ ਦੱਸਿਆ ਅਤੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਅਤੇ ਜਮੀਨ ਵਿੱਚਲੇ ਮਿੱਤਰ ਕੀੜਿਆਂ ਨੂੰ ਬਚਾਇਆ ਜਾ ਸਕੇ। ਉਹਨਾਂ ਦੱਸਿਆ ਕਿ ਬਲਾਕ ਨਵਾਂਸ਼ਹਿਰ ਵਿੱਚ 37 ਬੇਲਰ ਮਸ਼ੀਨਾਂ, 245 ਸੁਪਰ ਸੀਡਰ ਅਤੇ 25 ਸਰਫੇਸ ਸੀਡਰ ਕਿਸਾਨਾਂ/ਕਿਸਾਨ ਗਰੁੱਪਾ ਕੋਲ ਮੌਜੂਦ ਹਨ ਜਿਸ ਨਾਲ ਸਾਰੇ ਬਲਾਕ ਦੀ ਪਰਾਲੀ ਨੂੰ ਸਾਂਭਿਆ ਜਾ ਸਕਦਾ ਹੈ। ਉਹਨਾਂ ਨੇ ਬਾਸਮਤੀ ਦੀ ਫਸਲ ਤੇ ਪਾਬੰਦੀਸ਼ੁਦਾ ਜ਼ਹਿਰਾਂ ਦੀ ਵਰਤੋਂ ਨਾ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਖੇਤੀ ਇੰਨਪੁਟਸ ਜਿਵੇਂ ਕਿ ਬੀਜ, ਕੀੜੇਮਾਰ ਦਵਾਈਆਂ ਅਤੇ ਖਾਦਾਂ ਦੀ ਖਰੀਦ ਸਮੇਂ ਬਿੱਲ ਲੈਣ ਲਈਵੀ ਪ੍ਰੇਰਿਤ ਕੀਤਾ।ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ, ਜਾਡਲਾ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸਿਖਲਾਈ ਕੈਂਪ ਵਿੱਚ ਸਰਬਜੀਤ ਸਿੰਘ ਖੇਤੀ ਉਪ ਨਿਰੀਖਕ, ਹਰਮੇਸ਼ ਕੁਮਾਰ ਏ.ਟੀ.ਐਮ ਤੋਂ ਇਲਾਵਾ ਦੋਨਾਂ ਕੈਂਪਾਂ ਵਿੱਚ 70 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ।

## ਮਹਿਕਪ੍ਰੀਤ ਦੀ ਰਾਜ ਪੱਧਰੀ ਲਾਅਨ ਟੈਨਿਸ ਮੁਕਾਬਲੇ ਲਈ ਚੋਣ

**ਜੈਤੋ (ਸਤੀਸ਼ ਕੁਮਾਰ ਭੀਰੀ)** ਸ਼ਿਵਾਲਿਕ ਕਿਡਜ਼ ਸਕੂਲ, ਜੈਤੋ ਖੇਡਾਂ ਦੇ ਖੇਤਰ ਵਿੱਚ ਪ੍ਰਤਿਭਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਵਿੱਚ ਹਮੇਸ਼ਾ ਮੋਹਰੀ ਰਿਹਾ ਹੈ। ਇਸ ਲੜੀ ਵਿੱਚ, ਸਕੂਲ ਦੀ ਹੋਣਹਾਰ ਵਿਦਿਆਰਥਣ ਮਹਿਕਪ੍ਰੀਤ ਨੇ ਇੱਕ ਵਾਰ ਫਿਰ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਸਮੇਤ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ । ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਦੱਸਿਆ ਕਿ ਮਹਿਕਪ੍ਰੀਤ ਨੂੰ ਰਾਜ ਪੱਧਰੀ ਲਾਅਨ ਟੈਨਿਸ ਮੁਕਾਬਲੇ ਲਈ ਚੁਣਿਆ ਗਿਆ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਖਿਡਾਰੀਆਂ ਵਿਚਕਾਰ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਹਿਕਪ੍ਰੀਤ ਨੇ ਸਕੂਲ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਆਪਣੀ ਸ਼ਾਨਦਾਰ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਸਖ਼ਤ ਮਿਹਨਤ ਅਤੇ ਆਤਮਵਿਸ਼ਵਾਸ ਦੇ ਬਲ 'ਤੇ ਹਰ ਮੈਚ ਜਿੱਤਿਆ। ਉਸ ਦੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਨੂੰ ਦੇਖਦੇ ਹੋਏ, ਚੋਣ ਕਮੇਟੀ ਨੇ ਉਸ ਨੂੰ ਰਾਜ ਪੱਧਰ 'ਤੇ ਹਿੱਸਾ ਲੈਣ ਲਈ ਚੁਣਿਆ ਹੈ। ਸ਼ਿਵਾਲਿਕ ਕਿਡਜ਼ ਸਕੂਲ ਦੀ ਪ੍ਰਿੰਸੀਪਲ ਸੁਖਵਿੰਦਰ ਕੌਰ ਗਿੱਲ ਨੇ ਵਿਦਿਆਰਥਣ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ, 'ਮਹਿਕਪ੍ਰੀਤ ਨੇ ਆਪਣੀ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਇਹ ਮੁਕਾਮ ਹਾਸਲ ਕੀਤਾ ਹੈ।ਇਸ ਮੌਕੇ ਮਹਿਕਪ੍ਰੀਤ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ, ਟ੍ਰੇਨਰਾਂ ਅਤੇ ਅਧਿਆਪਕਾਂ ਨੂੰ ਦਿੱਤਾ। ਸਕੂਲ ਦੇ ਬੱਚਿਆਂ ਲਈ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮਹਿਕਪ੍ਰੀਤ ਨੂੰ ਸਨਮਾਨਤ ਕੀਤਾ ।



## ਹਰਭਜਨ ਸਿੰਘ ਅਕਾਲੀ ਨੂੰ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**- ਫਿਲੌਰ ਇਲਾਕੇ ਦੇ ਟਕਸਾਲੀ ਆਗੂ ਜਥੇਦਾਰ ਮਹਾਂ ਸਿੰਘ ਰਸੂਲਪੁਰ ਦੇ ਪਿਤਾ ਹਰਭਜਨ ਸਿੰਘ ਅਕਾਲੀ ਜੋ ਬੀਤੇ ਦਿਨ ਆਪਣੀ ਸਵਾਸਾਂ ਦੀ ਪੂੰਜੀ ਖਰਚਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਜਿਨ੍ਹਾਂ ਦੀ ਅੰਤਿਮ ਅਰਦਾਸ ਪਿੰਡ ਰਸੂਲਪੁਰ ਵਿਖੇ ਹੋਈ। ਇਸ ਮੌਕੇ ਸ੍ਰੀ ਅਖੰਡ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨੀ ਜਥੇ ਨੇ ਸੰਗਤਾਂ ਨੂੰ ਰਸਭਿੰਨੀ ਗੁਰਬਾਣੀ ਨਾਲ ਜੋੜਿਆ ਤੇ ਜਥੇਦਾਰ ਹਰਭਜਨ ਸਿੰਘ ਅਕਾਲੀ ਦੀ ਜੀਵਨੀ 'ਤੇ ਚਾਨਣਾ ਪਾਇਆ। ਇਸ ਮੌਕੇ ਦਲਜੀਤ ਸਿੰਘ ਚੀਮਾ ਮੁੱਖ ਬੁਲਾਰੇ ਸ਼੍ਰੋਮਣੀ ਅਕਾਲੀ ਦਲ (ਬਾਦਲ ) ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤ ਗਏ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮਹਾਂ ਸਿੰਘ ਰਸੂਲਪੁਰ ਦੇ ਪਰਵਾਰ ਨੂੰ ਭੇਜਿਆ ਸੋਗ ਪੱਤਰ ਪੜ੍ਹਿਆ ਅਤੇ 21 ਸਤੰਬਰ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਮਹਾਂ ਸਿੰਘ ਰਸੂਲਪੁਰ ਦੇ ਪਰਵਾਰ ਕੋਲ ਪਹੁੰਚਣ ਦਾ ਵਾਅਦਾ ਕੀਤਾ। ਇਸ ਮੌਕੇ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ 'ਚ ਬਲਦੇਵ ਸਿੰਘ ਖੈਹਿਰਾ ਸਾਬਕਾ ਵਿਧਾਇਕ, ਹਰਜਿੰਦਰ ਸਿੰਘ ਲੱਲੀਆਂ ਸ਼੍ਰੋਮਣੀ ਕਮੇਟੀ ਮੈਂਬਰ, ਡਾਕਟਰ ਸਰਬਜੀਤ ਸਿੰਘ ਗਿੱਲ, ਕੁਲਦੀਪ ਸਿੰਘ ਬਾਜਵਾ, ਸੁਲੱਖਣ ਸਿੰਘ ਰਾਏਪੁਰ, ਮਨਜੀਤ ਸਿੰਘ ਬਿੱਲਾ, ਭੁਪਿੰਦਰ ਸਿੰਘ, ਇੰਦਰਜੀਤ ਸਿੰਘ ਖੈਹਿਰਾ, ਰਵਿੰਦਰਵੀਰ ਸਿੰਘ ਸਰਕਲ ਪ੍ਰਧਾਨ, ਬਲਬੀਰ ਸਿੰਘ ਬੈਂਸ, ਅਮਰੀਕ ਸਿੰਘ ਗੜ੍ਹਾ, ਜੀਵਨਜੋਤ ਸਿੰਘ, ਕੁਲਦੀਪ ਸਿੰਘ ਕੰਗ ਤੇਹਿੰਗ, ਕੁਲਦੀਪ ਸਿੰਘ ਜੌਹਲ, ਮਨਦੀਪ ਸਿੰਘ ਦੁਸਾਂਝ, ਡਾਕਟਰ ਕੁਲਦੀਪ ਰਾਏ, ਬੱਗਾ ਪਟਵਾਰੀ, ਜਰਨੈਲ ਸਿੰਘ ਮੋਤੀਪੁਰ ਖਾਲਸਾ, ਕਮਲ, ਕਮਲਜੀਤ ਸਿੰਘ ਮੋਤੀਪੁਰ ਖਾਲਸਾ, ਅਮਰਜੀਤ ਸਿੰਘ ਕਟਾਣਾ, ਰਾਣਾ ਪਾਸਲਾ, ਪਰਮਿੰਦਰ ਸਿੰਘ, ਮਹਿੰਦਰ ਰਾਮ ਪ੍ਰਧਾਨ ਨਗਰ ਕੌਂਸਲ ਫਿਲੌਰ, ਮੋਹਣ ਸਿੰਘ ਕਡਿਆਣਾ ਅਤੇ ਹੋਰ ਇਲਾਕੇ ਭਰ ਦੀਆਂ ਸੰਗਤਾਂ, ਵਿਸ਼ੇਸ਼ ਸ਼ਖਸੀਅਤਾਂ ਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਹੁਦੇਦਾਰ ਸ਼ਾਮਲ ਹੋਏ।



## ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਮੱਗਰੀ ਭੇਜੀ



**ਭਲਾਣ (ਹਰਭਜਨ ਢਿੱਲੋਂ)**- ਪਿੰਡ ਭੱਲੜੀ ਦੇ ਲੋਕਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ 'ਹਰੀ ਕਾ ਪੱਤਣ' ਅੰਮ੍ਰਿਤਸਰ ਵਿਖੇ ਰਾਹਤ ਸਮੱਗਰੀ ਭੇਜੀ ਹੈ। ਨੌਜਵਾਨਾਂ ਵੱਲੋਂ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਗਿਆ। ਨਾਮਵਾਰ ਲੋਕਾਂ ਵੱਲੋਂ ਇਸ ਉਪਰਾਲੇ ਦੀ ਕਾਫੀ ਤਾਰੀਫ ਕੀਤੀ ਗਈ ਹੈ। ਪਿੰਡ ਵਾਸੀਆਂ ਵੱਲੋਂ ਪਸ਼ੂਆਂ ਦੇ ਲਈ ਅਚਾਰ, ਪਸ਼ੂਆਂ ਦੀਆਂ ਦਵਾਈਆਂ ਅਤੇ ਇਨਸਾਨਾਂ ਦੇ ਲਈ ਪਾਣੀ, ਦਾਲਾਂ, ਚੀਨੀ, ਚਾਹ ਪੱਤੀ, ਅਚਾਰ, ਸਰਫ, ਔਡੋਮਾਸ, ਡੀਜਲ ਦੇ ਪੰਜ ਡਰੱਮ ਭੇਜੇ ਗਏ ਹਨ। ਇਸ ਮੌਕੇ ਪ੍ਰਧਾਨ ਸਰਵਣ ਸਿੰਘ ਭੱਠਲ, ਹਰਜਾਪ ਸਿੰਘ ਭਾਲੜੂ ਏ ਐਸ ਆਈ (ਰਿਟਾ:), ਸੈਕਟਰੀ ਜਗਤਾਰ ਸਿੰਘ ਝਾਂਗਰਾ, ਸੇਵਾ ਸਿੰਘ ਧਾਰੀਵਾਲ, ਜਸਵੀਰ ਸਿੰਘ ਗਰੇਵਾਲ, ਸੁਰਿੰਦਰ ਸਿੰਘ, ਸਵਰਨ ਸਿੰਘ, ਭਿੰਦਾ ਫੌਜੀ, ਦੀਪ ਸਿੰਘ ਝਾਂਗਰਾ, ਲਾਡੀ ਫੌਜੀ ਆਦਿ ਤੋਂ ਇਲਾਵਾ ਨੌਜਵਾਨ ਵੱਡੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ ਉੱਤੇ ਸਵਾਰ ਹੋ ਕੇ ਗਏ ਹਨ।

## ਹੜ੍ਹ ਪੀੜਤਾਂ ਨੂੰ ਫ਼੍ਰੀ ਮੈਡੀਕਲ ਸੁਵਿਧਾ ਦੇਣਾ ਸ਼ਲਾਘਾਯੋਗ ਉਪਰਾਲਾ : ਗੋਗੀ




**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਪੰਜਾਬ ਵਿੱਚ ਆਏ ਭਿਆਨਕ ਹੜ੍ਹ ਕਾਰਨ ਕਈ ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਘਰਾਂ ਅਤੇ ਖੇਤਾਂ ਦਾ ਨੁਕਸਾਨ, ਸਿਹਤ ਸੰਬੰਧੀ ਸਮੱਸਿਆਵਾਂ ਅਤੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਰੁਕਾਵਟਾਂ ਨੇ ਪੀੜਤ ਪਰਵਾਰਾਂ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਇਸ ਸੰਕਟਮਈ ਘੜੀ ਵਿੱਚ ਬਾਬਾ ਕਸ਼ਮੀਰਾ ਸਿੰਘ ਦੀਆਂ ਸੰਸਥਾਵਾਂ ਵੱਲੋਂ ਸੁਲਤਾਨਪੁਰ ਲੋਧੀ ਮੰਡ ਖੇਤਰ ਦੇ ਬਾਊਪੁਰ ਤੇ ਹੋਰ ਪਿੰਡਾਂ ਦੇ ਹੜ੍ਹ ਪੀੜਤ ਪਰਵਾਰਾਂ ਲਈ ਫ਼੍ਰੀ ਮੈਡੀਕਲ ਕੈਂਪ, ਰਾਹਤ ਸਮੱਗਰੀ ਅਤੇ ਹੋਰ ਵੱਖ-ਵੱਖ ਸੇਵਾਵਾਂ ਲਗਾਤਾਰ ਦੇਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਇਨਾ ਵਿਚਾਰਾਂ ਦਾ ਪ੍ਰਗਟਾਵਾ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਗੁਰਜੀਤ ਸਿੰਘ ਗੋਗੀ ਵੱਲੋਂ ਮੰਡ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜਾਇਜ਼ਾ ਲੈਣ ਉਪਰੰਤ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਮੰਡ ਖੇਤਰ ਦੇ ਹੜ੍ਹ ਪ੍ਰਭਾਵਿਤ ਖੇਤਰ ਦੇ ਪੀੜਤਾਂ ਦੀ ਸਹਾਇਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ, ਐੱਸ ਜੀ ਐੱਲ ਸੁਪਰਸਪੈਸ਼ਲਿਟੀ ਚੈਰੀਟੇਬਲ ਹਸਪਤਾਲ ਵੱਲੋਂ ਪਿਛਲੇ ਕਈ ਦਿਨਾਂ ਤੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ ਹੈ ਜੋ ਅਜੇ ਵੀ ਨਿਰੰਤਰ ਜਾਰੀ ਹੈ। ਇਸ ਮੌਕੇ ਪਿੰਡ ਬਾਊਪੁਰ ਜਦੀਦ ਵਿਖੇ ਅਤੇ ਨਾਲ ਲੱਗਦੇ 16 ਪਿੰਡਾਂ ਨੂੰ ਲਗਾਤਾਰ ਘਰ ਘਰ ਜਾ ਕੇ ਮੁਫ਼ਤ ਮੈਡੀਕਲ ਸੇਵਾ ਮੁਹਈਆ ਕਰਵਾਈ ਜਾ ਰਹੀ ਹੈ। ਹਸਪਤਾਲ ਦੇ ਡਾਕਟਰ ਅਤੇ ਨਰਸਾਂ ਵਲੋਂ ਘਰ ਘਰ ਜਾ ਕੇ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ, ਬਹੁਤ ਸਾਰੇ ਲੋਕਾਂ ਨੂੰ ਬਿਮਾਰੀਆਂ ਦੀਆਂ ਪੱਕੀਆਂ ਦਵਾਈਆਂ ਲੱਗੀਆਂ ਹੋਈਆਂ ਹਨ ਉਹ ਵੀ ਬਿਲਕੁਲ ਮੁਫ਼ਤ ਦਵਾਈਆਂ ਦਿਤੀਆਂ ਜਾ ਰਹੀਆਂ ਹਨ। ਉਨਾ ਐਸਜੀਐਲ ਸੁਪਰ ਸਪੈਸ਼ਲਿਟੀ ਚੈਰੀਟੇਬਲ ਹਸਪਤਾਲ ਦੇ ਪ੍ਰਬੰਧਕਾਂ ਦਾ ਇਸ ਸ਼ਲਾਘਾਯੋਗ ਕਾਰਜ ਲਈ ਸਮੁੱਚੇ ਇਲਾਕੇ ਵੱਲੋਂ ਤਹਿ ਦਲੋਂ ਧੰਨਵਾਦ ਕੀਤਾ।

## ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਰੁਪਿੰਦਰ ਸਿੰਘ ਦੀ ਅਗਵਾਈ ਵਿੱਚ ਗੁਰਨਾਮ ਸਿੰਘ, ਗੁਰਦੇਵ ਸਿੰਘ ਵੱਲੋਂ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਬਹਾਦਰ ਸਿੰਘ ਸੁਨੇਤ, ਪ੍ਰਧਾਨ ਭਾਈ ਘਨੱਈਆ ਜੀ ਮਿਸ਼ਨ ਹੁਸ਼ਿਆਰਪੁਰ, ਹਰਵਿੰਦਰ ਸਿੰਘ, ਜਸਵੀਰ ਸਿੰਘ, ਜਗਮੀਤ ਸਿੰਘ ਸੇਠੀ ਵਲੋਂ ਸਿਖਿਆਰਥੀਆਂ ਨੂੰ ਭਾਈ ਘਨੱਈਆ ਜੀ ਦੇ ਜੀਵਨ ਤੇ ਉਨ੍ਹਾਂ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਮਾਨਵਤਾ ਭਲਾਈ ਲਈ ਕੀਤੇ ਕੰਮਾਂ ਬਾਰੇ ਜਾਣੂ ਕਰਵਾਉਂਦਿਆਂ ਹਰੇਕ ਨੂੰ ਕਮਜ਼ੋਰ, ਬੇਸਹਾਰਾ ਅਤੇ ਦੁਰਘਟਨਾ ਗ੍ਰਸਤ ਵਿਅਕਤੀ ਦੀ ਨਿਰਸੰਕੋਚ ਸਹਾਇਤਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸੰਸਥਾਂ ਵਿਖੇ ਗਰੀਬ ਲੋੜਵੰਦ ਸਿਖਿਆਰਥੀਆਂ ਨੂੰ ਜ਼ਰੂਰੀ ਦਵਾਈਆਂ ਅਤੇ ਮੁਢਲੀ ਸਹਾਇਤਾ ਦੇਣ ਲਈ ਭਾਈ ਘਨੱਈਆ ਜੀ ਡਿਸਪੈਂਸਰੀ ਦੀ ਸ਼ੁਰੂਆਤ ਵੀ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਸ੍ਰੀ ਰੁਪਿੰਦਰ ਸਿੰਘ, ਗੁਰਨਾਮ ਸਿੰਘ, ਗੁਰਦੇਵ ਸਿੰਘ, ਅਸ਼ਵਨੀ ਕੁਮਾਰ, ਹੰਸ ਰਾਜ, ਹਬਿੰਦਰ ਸਿੰਘ, ਸਤਪਾਲ ਸਿੰਘ, ਮਸਤ ਰਾਮ, ਦਿਆਲ ਸਿੰਘ, ਦਵਿੰਦਰ ਸਿੰਘ, ਪੁਸ਼ਪਿੰਦਰ ਸਿੰਘ, ਪੁਨੀਤ ਕੌਰ, ਦਲਜੀਤ ਸਿੰਘ, ਰਵੀ ਕੁਮਾਰ, ਕਮਲਪ੍ਰੀਤ ਕੌਰ, ਰਾਮਦੇਵ ਸਮੇਤ ਸੰਸਥਾ ਦੇ ਸਟਾਫ ਮੈਂਬਰਾਂ ਅਤੇ ਸਿਖਿਆਰਥੀਆਂ ਨੇ ਭਾਈ ਘਨੱਈਆ ਜੀ ਦੀ ਮਹਾਨ ਸ਼ਖਸੀਅਤ ਤੋਂ ਪ੍ਰਭਾਵਿਤ ਹੁੰਦਿਆਂ ਗਰੀਬ, ਬੇਸਹਾਰਾ ਅਤੇ ਦੁਰਘਟਨਾ ਗ੍ਰਸਤ ਵਿਅਕਤੀਆਂ ਦੀ ਬਿਨਾਂ ਕਿਸੇ ਭੇਦਭਾਵ ਹਰ ਸੰਭਵ ਸਹਾਇਤਾ ਕਰਨ ਦਾ ਪ੍ਰਣ ਲਿਆ।

## ਹਰਵੀਰ ਦੀ ਹੱਤਿਆ ਕਰਨ ਵਾਲੇ ਦਰਿੰਦੇ ਨੂੰ ਸਖਤ ਸਜ਼ਾ ਦੇਣ ਦੀ ਮੰਗ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲੋਕ ਭਲਾਈ ਸੇਵਾ ਸੁਸਾਇਟੀ ਦੇ ਸਰਪਰਸਤ ਅਤੇ ਉੱਘੇ ਸਮਾਜ ਸੇਵਕ ਕੁਲਵਿੰਦਰ ਸਿੰਘ ਭਾਰਟਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਵਿਚ 5 ਸਾਲਾ ਬੱਚੇ ਹਰਵੀਰ ਸਿੰਘ ਦੇ ਨਾਲ ਪ੍ਰਵਾਸੀ ਮਜ਼ਦੂਰ ਵੱਲੋਂ ਦੁਸ਼ਕਰਮ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰ ਕੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ।। ਉਨ੍ਹਾਂ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਪੂਰੇ ਪੰਜਾਬ ਵਿਚ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਰਕਾਰ ਨੂੰ ਇਨ੍ਹਾਂ ਬਾਹਰੀ ਸੂਬਿਆਂ ਤੋਂ ਆਏ ਮਜ਼ਦੂਰਾਂ ਦੀ ਵੱਧ ਰਹੀ ਆਮਦ ਅਤੇ ਵਸੇਬੇ ਤੇ ਰੋਕ ਲਗਾਉਣੀ ਚਾਹੀਦੀ ਹੈ। ਉਨ੍ਹਾਂ ਨੇ ਇਸ ਮਾਮਲੇ ਦੇ ਕਥਿਤ ਮੁਲਜ਼ਮ ਨੂੰ ਫਾਸਟ ਟਰੈਕ ਅਦਾਲਤ ਰਾਹੀਂ ਫਾਂਸੀ ਦੀ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਜ਼ੋਰਦਾਰ ਮੰਗ ਕੀਤੀ।

## ਨਿਰਵਾਣੁ ਕੁਟੀਆ ਵਿਖੇ ਮਹੀਨਾਵਾਰ ਜਾਗਰੂਕਤਾ ਸਮਾਗਮ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਨਿਰਵਾਣੁ ਕੁਟੀਆ ਖਾਨਪੁਰ ਵਿਖੇ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜ਼ਿ.ਮਾਹਿਲਪੁਰ ਵੱਲੋ ਮਹੀਨਾਵਾਰ ਜਾਗਰੂਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਬੁੱਧ ਵੰਦਨਾ ਕੀਤੀ ਗਈ। ਉਪਰੰਤ ਸਮੂਹਿਕ ਤੌਰ ਤੇ ਮੈਡੀਟੇਸ਼ਨ ਕਰਕੇ ਸੱਚਾਈ ਦੇ ਮਾਰਗ ਤੇ ਚੱਲਣ ਦਾ ਸੰਕਲਪ ਕੀਤਾ ਗਿਆ। ਇਸ ਤੋਂ ਬਾਅਦ ਸਮੁੱਚੇ ਸਾਥੀਆਂ ਨੇ ਅਸ਼ੋਕ ਵਿਜੇ ਦਸਵੀਂ ਸਮਾਗਮ ਕਰਨ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ। ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਨੇ ਦੱਸਿਆ ਕਿ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਈਟੀ ਮਾਹਿਲਪੁਰ ਵੱਲੋਂ ਆਪਣੇ ਸਮੂਹ ਸਮਰਥਕਾਂ ਦੇ ਸਹਿਯੋਗ ਨਾਲ 5 ਅਕਤੂਬਰ ਦਿਨ ਐਤਵਾਰ ਨੂੰ ਵਾਰਡ ਨੰਬਰ 11- 12 ਨੇੜੇ ਸਬ ਤਹਿਸੀਲ ਕੰਪਲੈਕਸ ਬੀ.ਡੀ.ਓ ਕਾਲੋਨੀ ਮਾਹਿਲਪੁਰ ਵਿਖੇ ਗੁਰਦੁਆਰਾ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਨਾਲ ਲੱਗਦੀ ਜਗਾਂ ਵਿਖੇ 14ਵਾਂ ਅਸ਼ੋਕ ਵਿਜੇ ਦਸਵੀਂ ਸਮਾਗਮ ਦੁਪਹਿਰ 1 ਵਜੇ ਤੋਂ ਸ਼ਾਮੀ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਮੌਕੇ ਭਿਕਸ਼ੂ ਬੱਪਾ ਜੀ ਦਿੱਲੀ ਵਾਲੇ ਧਾਰਮਿਕ ਪ੍ਰਵਚਨ ਕਰਨਗੇ। ਦੀਆ ਰਾਣੀ ਦੀ ਯੋਗ ਅਗਵਾਈ ਹੇਠ ਬੁੱਧ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਨਾਲ ਸੰਬੰਧਿਤ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਦੀ ਪ੍ਰਬੰਧਕ ਕਮੇਟੀ ਵੱਲੋਂ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ। ਅਸ਼ੋਕ ਵਿਜੇ ਦਸਵੀਂ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਸੋਸਾਇਟੀ ਦੀ ਅਗਲੀ ਮੀਟਿੰਗ 24 ਅਕਤੂਬਰ ਦਿਨ ਬੁੱਧਵਾਰ ਨੂੰ ਸ਼ਾਮੀ 4 ਤੋਂ 6 ਵਜੇ ਤੱਕ ਸਰਦਾਰ ਧਰਮ ਸਿੰਘ ਫੌਜੀ ਜੀ ਦੇ ਘਰ ਵਿਖੇ ਹੋਵੇਗੀ। ਇਸ ਮੌਕੇ ਰੇਖਾ ਰਾਣੀ ਪ੍ਰਧਾਨ, ਸੁਮੀਤਾ ਰਾਣੀ ਮੀਤ ਪ੍ਰਧਾਨ,ਅਮਰਜੀਤ ਕੌਰ, ਸੋਨੀਆ, ਗੁਰਪਾਲ ਕੌਰ, ਕਮਲਦੀਪ ਕੌਰ, ਪਰਮਜੀਤ ਕੌਰ ਆਦਿ ਹਾਜ਼ਰ ਸਨ।



20 Sep Page 9.qxd 9/19/2025 10:41 PM Page 1



# 2 ਔਰਤਾਂ ਸਮੇਤ 6 ਨਸ਼ਾ ਤਸਕਰ 9 ਕਿੱਲੋ ਹੈਰੋਇਨ ਸਮੇਤ ਗ੍ਰਿਫਤਾਰ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-** ਸਰਹੱਦ ਪਾਰ ਚੱਲ ਰਹੇ ਨਾਰਕੋ-ਅੱਤਵਾਦ ਨੈੱਟਵਰਕਾਂ ਵਿਰੁੱਧ ਵੱਡੀ ਸਫਲਤਾ ਦਰਜ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਛੇ ਨਸ਼ਾ ਤਸਕਰਾਂ ਨੂੰ 9.066 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਦੋ ਹੋਰ ਨਸ਼ਾ ਤਸਕਰੀ ਗਰੋਹਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ (ਡੀ ਜੀ ਪੀ) ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਕਾਲੇ ਘਨੂਪੁਰ ਦੇ ਹਨੀ (18), ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਪਰਮਦੀਪ ਸਿੰਘ ਉਰਫ਼ ਪਾਰਸ (18), ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਹਰਵਿੰਦਰ ਸਿੰਘ ਉਰਫ਼ ਹਿੰਦਾ (19), ਅੰਮ੍ਰਿਤਸਰ ਦੇ ਪਿੰਡ ਡਾਂਡੇ ਦੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (25), ਤਰਨ ਤਾਰਨ ਦੇ ਪਿੰਡ ਢਾਲਾ ਦੀ ਜਸਬੀਰ ਕੌਰ (40) ਅਤੇ ਤਰਨ ਤਾਰਨ ਦੇ ਪਿੰਡ ਹਵੇਲੀਆਂ ਦੀ ਕੁਲਵਿੰਦਰ ਕੌਰ (54) ਵਜੋਂ ਹੋਈ ਹੈ।ਇਹ ਕਾਰਵਾਈ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਵੱਲੋਂ ਮੋਗਾ ਸਥਿਤ ਜਗਪ੍ਰੀਤ ਸਿੰਘ ਉਰਫ਼ ਜੱਗਾ ਦੁਆਰਾ ਚਲਾਏ ਜਾ ਰਹੇ ਨਸ਼ਾ ਤਸਕਰੀ ਸਿੰਡੀਕੇਟ, ਦੇ ਮੁੱਖ ਕਾਰਕੁੰਨ ਯਾਸੀਨ ਮੁਹੰਮਦ ਨੂੰ 7.1 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਤੋਂ ਇੱਕ ਦਿਨ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਜੱਗਾ ਜੰਡਿਆਲਾ ਗੁਰੂ ਦੇ ਰਹਿਣ ਵਾਲਾ ਹਰਪ੍ਰੀਤ ਉਰਫ਼ ਹੈਪੀ ਜੱਟ ਵਿਦੇਸ਼ੀ ਗੈਂਗਸਟਰ ਦੇ ਪਾਕਿਸਤਾਨ ਸਥਿਤ ਤਸਕਰਾਂ ਨਾਲ ਸਿੱਧੇ ਸਬੰਧ ਸੀ ਅਤੇ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਕੇ ਇਸ ਨੈੱਟਵਰਕ ਨੂੰ ਚਲਾ ਰਿਹਾ ਸੀ।ਡੀ ਜੀ ਪੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਪੁਲਸ ਸਟੇਸ਼ਨ ਛੇਹਰਟਾ ਵਿਖੇ ਦੋ ਵੱਖ-ਵੱਖ ਐਫ ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ ਦੋਵਾਂ ਮਾਮਲਿਆਂ ਵਿੱਚ ਵਿਆਪਕ ਨੈੱਟਵਰਕ ਅਤੇ ਸਰਹੱਦ ਪਾਰ ਦੇ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਪਹਿਲੇ ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸ਼ੁਰੂ ਵਿੱਚ ਦੋਸ਼ੀ ਹਨੀ ਨੂੰ 20 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੋਰ ਜਾਂਚ ਦੌਰਾਨ ਉਸ ਦੇ ਸਾਥੀ ਪਰਮਦੀਪ ਸਿੰਘ ਉਰਫ਼ ਪਾਰਸ ਨੂੰ ਨਾਮਜ਼ਦ ਕੀਤਾ ਗਿਆ, ਜੋ ਬਾਅਦ ਵਿੱਚ 5.032 ਕਿਲੋਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ।ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਮਾਡਿਊਲ ਦੇ ਦੋ ਹੋਰ ਮੈਂਬਰਾਂ ਹਰਵਿੰਦਰ ਹਿੰਦਾ ਅਤੇ ਗੁਰਪ੍ਰੀਤ ਗੋਪੀ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਕਿ ਪੁਲਸ ਟੀਮਾਂ ਨੇ ਗੁਰਪ੍ਰੀਤ ਦੇ ਕਬਜ਼ੇ ਤੋਂ 3.010 ਕਿਲੋਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ, ਜਿਸ ਨਾਲ ਇਸ ਮਾਡਿਊਲ ਤੋਂ ਕੁੱਲ ਰਿਕਵਰੀ 8.062 ਕਿਲੋਗ੍ਰਾਮ ਹੋ ਗਈ ਹੈ।ਸੀ ਪੀ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਗੁਰਪ੍ਰੀਤ ਅਤੇ ਪਰਮਦੀਪ ਸਰਹੱਦ ਪਾਰ ਤੋਂ ਡਰੋਨ ਦੀ ਵਰਤੋਂ ਕਰਕੇ ਸੁੱਟੀ ਜਾ ਰਹੀ ਨਸ਼ੀਲੇ ਪਦਾਰਥਾਂ ਦੀ ਖੇਪ ਨਿਰਧਾਰਤ ਥਾਵਾਂ ਜਿਵੇਂ ਕੂੜੇ ਦੇ ਢੇਰ ਜਾਂ ਨਿਸ਼ਾਨਦੇਹੀ ਕੀਤੇ ਖੰਭਿਆਂ ਤੋਂ ਪ੍ਰਾਪਤ ਕਰਦੇ ਸਨ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਹੈਪੀ ਜੱਟ ਦੇ ਨਿਰਦੇਸ਼ਾਂ 'ਤੇ ਹੈਰੋਇਨ ਦੀ ਖੇਪ ਨੂੰ ਅੱਗੇ ਸਪਲਾਈ ਕਰਦੇ ਸਨ।ਇੱਕ ਹੋਰ ਕਾਰਵਾਈ ਵਿੱਚ ਸੀ ਪੀ ਗੁਰਪ੍ਰੀਤ ਭੁੱਲਰ ਨੇ ਕਿਹਾ ਕਿ ਜਸਬੀਰ ਕੌਰ ਅਤੇ ਕੁਲਵਿੰਦਰ ਕੌਰ ਨਾਂਅ ਦੀਆਂ ਦੋ ਮਹਿਲਾ ਤਸਕਰਾਂ ਨੂੰ 1.004 ਕਿਲੋਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ।ਗ੍ਰਿਫ਼ਤਾਰ ਮੁਲਜ਼ਮ ਜਸਬੀਰ ਕੌਰ ਪਾਕਿ ਤਸਕਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਕਿਹਾ ਕਿ ਦੋਵਾਂ ਮਾਡਿਊਲਾਂ ਵਿੱਚ ਇੱਕੋ ਹੀ ਪਾਕਿਸਤਾਨ-ਅਧਾਰਤ ਤਸਕਰ ਦਾ ਸਾਂਝਾ ਸਬੰਧ ਸੀ।ਇਸ ਸਬੰਧ ਵਿੱਚ ਦੋ ਵੱਖ-ਵੱਖ ਮਾਮਲੇ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਦਰਜ ਕੀਤੇ ਗਏ ਹਨ।

## 'ਆਪ' ਆਗੂ ਸੋਨੀ ਭਿਖਾਰੀਵਾਲ ਸ਼੍ਰੋਮਣੀ ਅਕਾਲੀ ਦਲ ਮੁਤਵਾਜ਼ੀ 'ਚ ਸ਼ਾਮਲ



**ਕਲਾਨੌਰ (ਮਨਦੀਪ ਕੋਹਲੀ)-** ਪਿੰਡ ਛੋਟੇਪੁਰ ਵਿਖੇ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਤ ਲੋਕਾਂ ਦੀਆਂ ਪਿੰਡ ਪੱਧਰ 'ਤੇ ਰਿਪੋਰਟਾਂ ਤਿਆਰ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਮੁਤਵਾਜ਼ੀ ਵੱਲੋਂ ਲੋੜਵੰਦ ਹੜ੍ਹ ਪ੍ਰਭਾਵਤ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਉਹਨਾਂ ਵਰਕਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸ ਮੌਕੇ ਉਹਨਾਂ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਅਤੇ ਆਮ ਲੋੜਵੰਦ ਲੋਕਾਂ ਜਿਨ੍ਹਾਂ ਦਾ ਹੜ੍ਹਾਂ ਦੇ ਪਾਣੀਆਂ ਅਤੇ ਬਰਸਾਤਾਂ ਕਾਰਨ ਨੁਕਸਾਨ ਹੋਇਆ ਹੈ, ਦੀਆਂ ਪਿੰਡ ਪੱਧਰ 'ਤੇ ਰਿਪੋਰਟਾਂ ਤਿਆਰ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਪੁੱਜੇ ਆਮ ਆਦਮੀ ਪਾਰਟੀ ਦੇ ਹਲਕਾ ਡੇਰਾ ਬਾਬਾ ਨਾਨਕ ਤੋਂ ਸੋਸ਼ਲ ਮੀਡੀਆ ਇੰਚਾਰਜ ਬੀਰ ਜਤਿੰਦਰ ਸਿੰਘ ਸੋਨੀ ਭਿਖਾਰੀਵਾਲ ਵਲੋਂ ਸ਼੍ਰੋਮਣੀ ਅਕਾਲੀ ਦਲ ਮੁਤਵਾਜੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਬੀਰ ਜਤਿੰਦਰ ਸਿੰਘ ਸੋਨੀ ਭਿਖਾਰੀਵਾਲ ਦੇ ਪਾਰਟੀ 'ਚ ਸ਼ਾਮਿਲ ਹੋਣ 'ਤੇ ਸੁੱਚਾ ਸਿੰਘ ਛੋਟੇਪੁਰ ਵੱਲੋਂ ਸਾਥੀਆਂ ਸਮੇਤ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਤ ਕਿਸਾਨਾਂ ਅਤੇ ਆਮ ਲੋਕਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਜਦਕਿ ਆਉਣ ਵਾਲੇ ਸਮੇਂ ਵਿੱਚ ਵੀ ਉਹਨਾਂ ਦੀ ਲੋੜਾਂ ਪੂਰੀਆਂ ਕਰਨ ਸਬੰਧੀ ਪਿੰਡ ਪੱਧਰ ਤੇ ਵਰਕਰਾਂ ਵੱਲੋਂ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਹੜ੍ਹ ਪ੍ਰਭਾਵਤ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਮੌਕੇ ਤੇ ਛੋਟੇਪੁਰ ਨੇ ਵਰਕਰਾਂ ਨੂੰ ਕਿਹਾ ਕਿ ਉਹ ਪੂਰੀ ਇਮਾਨਦਾਰੀ ਨਾਲ ਪਿੰਡ ਪੱਧਰ 'ਤੇ ਪ੍ਰਭਾਵਤ ਹੋਏ ਕਿਸਾਨਾਂ ਅਤੇ ਆਮ ਲੋਕਾਂ ਦੀਆਂ ਰਿਪੋਰਟਾਂ ਤਿਆਰ ਕਰਨ ਤਾਂ ਜੋ ਵਰਕਰਾਂ ਦੇ ਖੂਨ ਪਸੀਨੇ ਦੀ ਕਮਾਈ ਵਿੱਚੋਂ ਭੇਜੇ ਗਏ ਰਾਹਤ ਫੰਡਾਂ ਦੀ ਵਰਤੋਂ ਭਲੇ ਦੇ ਕੰਮਾਂ ਵਿੱਚ ਹੋ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਜਗਤਾਰ ਸਿੰਘ ਗੋਸਲ, ਲੱਖਾ ਸਿੰਘ ਮਿਰਕਚਾਣਾ, ਨਵਪ੍ਰੀਤ ਸਿੰਘ ਪਵਾਰ, ਜਗੀਰ ਸਿੰਘ ਕੋਟਲਾ, ਹੀਰਾ ਸਿੰਘ, ਰਸ਼ਪਾਲ ਸਿੰਘ, ਕੁਲਵਿੰਦਰਜੀਤ ਸਿੰਘ ਕਾਲਾ, ਸਤਬੀਰ ਸਿੰਘ, ਰਸ਼ਪਾਲ ਸਿੰਘ ਵਡਾਲਾ ਬਾਂਗਰ , ਜਤਿੰਦਰ ਸਿੰਘ ਭੁੱਲਰ, ਕੈਪਟਨ ਸੁਖਵਿੰਦਰ ਸਿੰਘ ਕੋਟ ਮੀਆ ਸਾਹਿਬ, ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 18 ਸਤੰਬਰ ਨੂੰ ਡਾਕਟਰ ਸਰਬਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਿਤ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਉਪਰੰਤ ਪ੍ਰੋਗਰਾਮ ਦਾ ਆਗਾਜ਼ ਸਕੂਲ ਸ਼ਬਦ ਨਾਲ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਵਾਂ ਦੁਆਰਾ ਗੀਤ, ਕਵਾਲੀ, ਸਕਿੱਟ ਅਤੇ ਭੰਗੜਾ ਆਦਿ ਪ੍ਰੋਗਰਾਮ ਰਾਹੀਂ ਆਏ ਹੋਏ ਮਹਿਮਾਨਾਂ ਅਤੇ ਅਧਿਆਪਕਾਵਾਂ ਦਾ ਮਨੋਰੰਜਨ ਕੀਤਾ ਗਿਆ। ਅੰਤ ਵਿੱਚ ਸਕੂਲ ਦੇ ਮੈਂਬਰ ਇੰਚਾਰਜ ਵੱਲੋਂ ਸਕੂਲ ਵਿੱਚ 15 ਸਾਲ, 10 ਸਾਲ ਅਤੇ ਪੰਜ ਸਾਲ ਤੋਂ ਸੇਵਾ ਨਿਭਾ ਰਹੇ ਅਧਿਆਪਕਾਵਾਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਨੂੰ ਸਾਇੰਸ ਓਲੰਪੀਆਰਡ ਫਾਊਂਡੇਸ਼ਨ ਵੱਲੋਂ ਡਿਸਟ੍ਰਿਕਟ ਲੈਵਲ ਤੇ ਬੈਸਟ ਪ੍ਰਿੰਸੀਪਲ ਐਵਾਰਡ ਅਤੇ ਮੈਡਮ ਸੋਨੀਆ ਟੰਡਨ ਨੂੰ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਟੇਜ ਸੈਕਟਰੀ ਦੀ ਭੂਮਿਕਾ ਅਧਿਆਪਕ ਗੁਰਵਿੰਦਰ ਕੌਰ ਵੱਲੋਂ ਨਿਭਾਈ ਗਈ।

## ਹੜ੍ਹਾਂ ਕਾਰਨ ਪੈਦਾ ਹੋਈਆਂ ਚੁਣੌਤੀਆਂ ਦੇ ਬਾਵਜੂਦ ਦਾਣਾ ਮੰਡੀਆਂ 'ਚ ਪ੍ਰਬੰਧ ਸੁਚੱਜੇ : ਸ਼ੈਰੀ ਕਲਸੀ



**ਬਟਾਲਾ (ਡਾ. ਮਲਵਿੰਦਰ ਸਿੰਘ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨਿਰਵਿਘਨ ਝੋਨੇ ਦੇ ਖਰੀਦ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਦ੍ਰਿੜ ਹੈ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਪੈਦਾ ਹੋਈਆਂ ਚੁਣੌਤੀਆਂ ਦੇ ਬਾਵਜੂਦ, ਪੰਜਾਬ ਭਰ ਵਿੱਚ ਸੁਚੱਜੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸਾਨਾਂ ਨੂੰ ਆਪਣੀਆਂ ਫਸਲਾਂ ਵੇਚਣ ਵਿੱਚ ਕੋਈ ਮੁਸ਼ਕਿਲ ਦਰਪੇਸ਼ ਨਾ ਆਵੇ।ਉਨ੍ਹਾਂ ਨੇ ਕਿਹਾ ਕਿ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਦੀ ਭਲਾਈ ਹਮੇਸ਼ਾ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਰਹੀ ਹੈ।ਉਨ੍ਹਾਂ ਦੱਸਿਆ ਕਿ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 2,389 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ ਅਤੇ ਸਰਕਾਰ ਨੇ ਪਹਿਲਾਂ ਹੀ ਸਤੰਬਰ ਲਈ 15,000 ਕਰੋੜ ਰੁਪਏ ਅਤੇ ਅਕਤੂਬਰ ਲਈ 27,000 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ ਹਾਸਿਲ ਕਰ ਲਈ ਹੈ।ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਤਰਾਂ ਦੀ ਦਿੱਕਤ ਦਰਪੇਸ਼ ਨਾ ਆਵੇ, ਇਸ ਲਈ ਬਾਰਦਾਨੇ (ਗਨੀ ਬੈਗ) ਦੇ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸਬੰਧਤ ਵਿਭਾਗ ਵਲੋਂ ਫ਼ਸਲ ਦੀ ਚੁਕਾਈ ਅਤੇ ਭੁਗਤਾਨ ਨਾਲ-ਨਾਲ ਕੀਤਾ ਜਾਵੇਗਾ ਅਤੇ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ ਭੁਗਤਾਨ ਤੁਰੰਤ ਪਾ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਪੰਜਾਬ ਮੰਡੀ ਬੋਰਡ ਅਤੇ ਜ਼ਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਪਾਰਦਰਸ਼ਿਤਾ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਮੰਡੀਆਂ ਵਿੱਚ ਕੰਮਕਾਜ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਮੰਡੀਆਂ ਵਿੱਚ ਬਿਜਲੀ, ਸਾਫ ਪੀਣ ਵਾਲੇ ਪਾਣੀ ਅਤੇ ਹੋਰ ਸਹੂਲਤਾਂ ਦੇ ਢੁਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਮੰਡੀਆਂ/ਖਰੀਦ ਕੇਂਦਰ ਕਾਰਜਸ਼ੀਲ ਕੀਤੇ ਹਨ।

## ਉੱਪਲ ਖਾਲਸਾ ਦਾ 18ਵਾਂ ਛਿੰਝ ਮੇਲਾ 27-28 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਸ਼ਹੀਦੇ ਆਜ਼ਮ ਭਗਤ ਸਿੰਘ ਛਿੰਝ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈਜ਼ ਅਤੇ ਇਲਾਕਾ ਨਿਵਾਸੀਆਂ ਵੱਲੋਂ ਲੱਖਾਂ ਦੇ ਦਾਤੇ ਦੀ ਯਾਦ ਵਿੱਚ ਪਿੰਡ ਉੱਪਲ ਖਾਲਸਾ ਵਿਖੇ ਸਲਾਨਾ ਛਿੰਝ ਮੇਲਾ 27 ਅਤੇ 28 ਸਤੰਬਰ ਨੂੰ ਬੜੀ ਸ਼ਰਧਾ ਨਾਲ ਭਗਤ ਰੱਖਾ ਸਿੰਘ ਮੈਮੋਰੀਅਲ ਸਟੇਡੀਅਮ ਵਿਖੇ ਮਨਾਇਆ ਜਾ ਰਿਹਾ ਹੈ । ਇਸ ਛਿੰਝ ਮੇਲੇ ਦਾ ਪਹਿਲਾ ਇਨਾਮ ਇੱਕ ਲੱਖ ਗਿਆਰਾਂ ਹਜ਼ਾਰ ਰੁਪਏ, ਦੂਜਾ ਇਨਾਮ ਇਕਵੰਜਾ ਹਜ਼ਾਰ ਰੁਪਏ ਅਤੇ ਤੀਜਾ ਇਨਾਮ 31000 ਰੁਪਏ ਹੋਵੇਗਾ। ਇਸ ਛਿੰਝ ਮੇਲੇ ਵਿੱਚ ਉੱਘੇ ਪਹਿਲਵਾਨ ਉਮੇਸ਼ ਮਥਰਾ, ਪ੍ਰਿੰਸ ਕੁਹਾਲੀ, ਗੁਰਮੇਜ , ਸੁਮੀਤ, ਸਨੀ ਰਾਮੇਵਾਲ, ਵਿਜਯ ਬਾਬਰ, ਭੋਲਾ ਦਿੱਲੀ ਅਤੇ ਚਿਰਾਗ ਊਨਾ ਕੁਸ਼ਤੀਆਂ ਲੜਨਗੇ। ਮਾਰਕੀਟ ਕਮੇਟੀ ਦੇ ਚੇਅਰਮੈਨ ਲਖਵੀਰ ਸਿੰਘ ਸ਼ੀਰ ਉੱਪਲ ਅਤੇ ਗਾਇਕ ਮਨਪ੍ਰੀਤ ਮੰਗਾ ਨੇ ਦੱਸਿਆ ਕਿ ਮੇਲੇ 'ਚ ਪ੍ਰਸਿੱਧ ਗਾਇਕ ਵਿੱਚ ਹਾਕਮ ਬਖਤੜੀ ਵਾਲਾ ਅਤੇ ਦਿਲਜੀਤ ਕੌਰ ਖੁੱਲ੍ਹਾ ਅਖਾੜਾ ਲਾਉਣਗੇ।ਮੁੱਖ ਮਹਿਮਾਨ ਸੁਰਜੀਤ ਸਿੰਘ ਉੱਪਲ ਸਾਬਕਾ ਜੱਜ ਯੂ ਕੇ, ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਆਪ ਆਗੂ ਬੀਬੀ ਰਾਜਵਿੰਦਰ ਕੌਰ ਥਿਆੜਾ ਅਤੇ ਹਲਕਾ ਨਕੋਦਰ ਤੋਂ ਕਾਂਗਰਸ ਇੰਚਾਰਜ ਡਾਕਟਰ ਨਵਜੋਤ ਸਿੰਘ ਦਾਹੀਆ ਹੋਣਗੇ। ਛਿੰਝ ਦੀ ਕੁਮੈਂਟਰੀ ਮੱਖਣ ਸ਼ੇਰ ਪੁਰੀ ਅਤੇ ਮਨਜੀਤ ਕੰਗ ਕਰਨਗੇ । ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।

## ਬਿਜਲੀ ਵਿਭਾਗ ਦੀ ਅਣਗਹਿਲੀ ਕਾਰਨ ਕਿਸੇ ਵੀ ਸਮੇਂ ਵਾਪਰ ਸਕਦੈ ਵੱਡਾ ਹਾਦਸਾ



**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ):** ਜੰਡਿਆਲਾ ਗੁਰੂ ਤੋਂ ਹਲਕਾ ਵਿਧਾਇਕ ਹਰਭਜਨ ਸਿੰਘ ਈਟੀਓ ਕੋਲ ਜਦ ਤਕ ਬਿਜਲੀ ਮਹਿਕਮਾ ਸੀ ਸ਼ਹਿਰ ਵਾਸੀਆਂ ਨੂੰ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਿਲ ਨਹੀਂ ਦਿਖਾਈ ਦਿੱਤੀ । ਭਾਵੇਂ ਉਹ ਬਿਜਲੀ ਵਿਭਾਗ ਦੀ ਕਿੰਨੀ ਵੱਡੀ ਜਾਂ ਛੋਟੀ ਸਮੱਸਿਆ ਹੁੰਦੀ ਸੀ ਬਿਜਲੀ ਵਿਭਾਗ ਵਲੋ ਤੁਰੰਤ ਉਸਨੂੰ ਹੱਲ ਕਰ ਦਿੱਤਾ ਜਾਂਦਾ ਸੀ। ਹੋਰ ਤਾਂ ਹੋਰ ਇਲਾਕਾ ਵਾਸੀਆਂ ਲਈ ਵਿਸ਼ੇਸ਼ ਤੌਰ ਤੇ ਕੰਮ ਚਲਾਊ ਟ੍ਰਾਂਸਫਾਰਮਰ ਵੀ ਚਾਲੂ ਕਰ ਦਿੱਤੇ ਗਏ ਸਨ ਪਰ ਹੁਣ ਪਤਾ ਨਹੀਂ ਕਿਓਂ ਬਿਜਲੀ ਵਿਭਾਗ ਵਿਚ ਅਣਗਹਿਲੀ ਦੇਖਣ ਨੂੰ ਮਿਲ ਰਹੀ ਹੈ ।ਮੁਹੱਲਾ ਨਿਵਾਸੀਆਂ ਦੇ ਦੱਸਣ ਅਨੁਸਾਰ ਬਰਤਣ ਬਾਜ਼ਾਰ ਦੇ ਬਾਹਰਵਾਰ ਠੱਠਿਆਰਾ ਗੇਟ ਦੇ ਨਾਲ ਹੀ ਸਥਿਤ ਟ੍ਰਾਂਸਫਾਰਮਰ ਦੀਆਂ ਤਾਰਾਂ ਲਟਕੀਆਂ ਪਈਆਂ। ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਵਾਰ-ਵਾਰ ਦੱਸਿਆ ਗਿਆ ਕਿ ਇਸਨੂੰ ਬਦਲ ਦਿੱਤਾ ਜਾਵੇ ਨਹੀਂ ਤਾਂ ਕੋਈ ਹਾਦਸਾ ਵਾਪਰ ਸਕਦਾ ਹੈ ਪਰ ਅਫਸੋਸ ਅਧਿਕਾਰੀਆਂ ਦੇ ਕੰਨਾਂ ਉਪਰ ਕੋਈ ਜੂੰ ਨਹੀਂ ਸਰਕ ਰਹੀ । ਇਸ ਬਾਬਤ ਬਿਜਲੀ ਵਿਭਾਗ ਦੇ ਐੱਸਡੀਓ ਸੁਖਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੇਰੇ ਧਿਆਨ ਵਿਚ ਇਹ ਮਾਮਲਾ ਨਹੀਂ ਆਇਆ ਅਤੇ ਜਲਦੀ ਹੀ ਤਾਰਾਂ ਨੂੰ ਬਦਲ ਦਿੱਤਾ ਜਾਵੇਗਾ ।

## ਸਿੱਲ੍ਹ ਦਾ ਬਹਾਨਾ ਲਾ ਕੇ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਿਆ ਜਾ ਰਿਹਾ : ਐੱਸਕੇਐੱਮ




**ਅਜਨਾਲਾ (ਸੁੱਖਜਿੰਦਰ ਸਿੰਘ ਰਾਜੂ)-** ਸੰਯੁਕਤ ਕਿਸਾਨ ਮੋਰਚੇ ਵੱਲੋਂ ਚਲਾਏ ਜਾ ਰਹੇ ਰਾਹਤ ਕੈਂਪ ਮਹਿਲ ਬੁਖ਼ਾਰੀ ਤੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਵਿੱਚ ਪੰਜਾਬ ਤੇ ਕੇਂਦਰ ਸਰਕਾਰ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਗਿਆ ਕਿ ਇੱਕ ਬੰਨੇ ਪੰਜਾਬ ਦੇ ਲੋਕਾਂ ਦਾ ਹੜ੍ਹਾਂ ਨੇ ਲੱਕ ਤੋੜ ਦਿੱਤਾ, ਦੂਸਰੇ ਬੰਨੇ ਪੁੱਤਾਂ ਵਾਂਗ ਪਾਲੀ ਬਾਸਮਤੀ ਪੰਜਾਬ ਭਰ ਦੀਆਂ ਮੰਡੀਆਂ ਵਿੱਚ ਰੁਲ ਰਹੀ ਹੈ। ਇਹੋ ਬਾਸਮਤੀ 1509 ਅੱਜ ਤੋਂ ਕਈ ਸਾਲ ਪਹਿਲਾਂ 4-5 ਹਜ਼ਾਰ ਰੁਪਏ ਭਗਤਾਂ ਵਾਲੀ ਮੰਡੀ ਵਿੱਚ ਵਿਕਦੀ ਰਹੀ ਹੈ ਜਿਹੜੀ ਕਿ ਅੱਜ 25 ਤੋਂ ਲੈ ਕੇ 29 ਸੌ ਰੁਪਏ ਪ੍ਰਤੀ ਕੁਇੰਟਲ ਵਿੱਚ ਵਿਕ ਰਹੀ ਹੈ ਅਤੇ ਵਪਾਰੀ ਲੁੱਟ ਰਹੇ ਹਨ। ਸਰਕਾਰ ਅਤੇ ਉਸ ਦੇ ਜ਼ਿਲ੍ਹਾ ਅਧਿਕਾਰੀ ਆਪਣੇ ਦਫ਼ਤਰਾਂ ਦਾ ਸ਼ਿੰਗਾਰ ਬਣੇ ਹੋਏ ਹਨ। ਖੇਤੀ ਮਾਹਰ ਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਨੇ ਇਸ ਸਮੇਂ ਕਿਹਾ ਕਿ 16 ਸਤੰਬਰ ਤੋਂ ਸਰਕਾਰ ਦੀ ਖਰੀਦ ਸ਼ੁਰੂ ਹੋਈ ਹੈ ਤੇ ਪੰਜਾਬ ਸਰਕਾਰ ਦੀਆਂ ਖਰੀਦ ਏਜੰਸੀਆਂ ਨੇ ਅਜੇ ਤੱਕ ਇੱਕ ਦਾਣਾ ਵੀ ਨਹੀਂ ਖ਼ਰੀਦਿਆ। ਜੇਕਰ ਕਿਤੇ ਕੋਈ ਢੇਰੀ ਅਗੇਤੇ ਝੋਨੇ ਦੀ ਆਈ ਹੈ ਤਾਂ ਉਸ ਨੂੰ ਸਿੱਲ ਦਾ ਬਹਾਨਾ ਲਾ ਕੇ 17 ਫੀਸਦੀ ਤੋਂ ਵੱਧ ਸਿੱਲ ਦਾ ਬਹਾਨਾ ਲਾ ਕੇ ਕਿਸਾਨ ਦੀ ਪਿੱਠ 'ਚ ਛੁਰਾ ਮਾਰਿਆ ਜਾ ਰਿਹਾ ਹੈ। ਇਸ ਦੇ ਨਾਲ ਨਾਲ ਪੱਲੇਦਾਰ ਮਜ਼ਦੂਰਾਂ ਦਾ ਵੀ ਨੁਕਸਾਨ ਹੋ ਰਿਹਾ ਹੈ। ਮੋਰਚੇ ਦੇ ਆਗੂਆਂ ਹਰਪਾਲ ਸਿੰਘ ਛੀਨਾਂ , ਬਲਵਿੰਦਰ ਸਿੰਘ ਮੁਕਾਮ, ਵਿਜੇ ਸ਼ਾਹ ਆਗੂ ਕਿਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਲਖਬੀਰ ਸਿੰਘ ਸਾਰਗਦੇਵ ਕਿਰਤੀ ਕਿਸਾਨ ਯੂਨੀਅਨ ਸੁਖਦੇਵ ਸਿੰਘ ਸ਼ੈਹਰਾਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵਾਅਦਾ ਕਰਕੇ ਭੱਜ ਗਈ ਹੈ। ਸਮੂਹ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਤੌਰ ਤੇ 1509 ਬਾਸਮਤੀ 4 ਹਜ਼ਾਰ ਰੁਪਏ ਤੇ ਬਾਕੀ ਦੀਆਂ ਬਾਸਮਤੀਆਂ 5 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਖ਼ਰੀਦੇ ਅਤੇ ਕਿਸਾਨਾਂ ਦੀ ਬਾਂਹ ਫੜਨ ਲਈ 5 ਸੌ ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਬੋਨਸ ਦੇਵੇ।

## ਆਨੰਦ ਕਾਲਜ ਆਫ ਐਜੂਕੇਸ਼ਨ ਦੀਆਂ ਵਿਦਿਆਰਥਣਾਂ ਵੱਲੋਂ ਬੀਐੱਡ 'ਚ ਉੱਚ ਪੁਜ਼ੀਸ਼ਨਾਂ ਹਾਸਲ



**ਮਜੀਠਾ (ਸੋਇਮ ਆਨੰਦ)-** ਸਥਾਨਕ ਆਨੰਦ ਕਾਲਜ ਆਫ਼ ਐਜੂਕੇਸ਼ਨ ਫਾਰ ਵੋਮੈਨ ਜੇਠੂਵਾਲ ਦੀਆਂ ਵਿਦਿਆਰਥਣਾਂ ਨੇ ਬੀ. ਐੱਡ ਦੂਜਾ ਸਮੈਸਟਰ ਦੇ ਐਲਾਨੇ ਗਏ ਨਤੀਜਿਆਂ 'ਚ ਵਧੀਆ ਪੁਜ਼ੀਸ਼ਨਾਂ ਹਾਸਲ ਕਰਕੇ ਕਾਲਜ ਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਦੀ ਵਿਦਿਆਰਥਣ ਗੁਰਕੀਰਤ ਕੌਰ ਨੇ ਪਹਿਲਾ, ਨਤਾਸ਼ਾ ਮਹਾਜਨ ਨੇ ਦੂਜਾ ਅਤੇ ਅਰਸ਼ਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ । ਇਸ ਤੋਂ ਇਲਾਵਾ ਕਾਲਜ ਦੀਆਂ ਹੋਰ ਵਿਦਿਆਰਥਣਾਂ ਨੇ ਵਧੀਆ ਅੰਕ ਹਾਸਲ ਕੀਤੇ ਹਨ । ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਆਨੰਦ ਨੇ ਗੱਲਬਾਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੇ ਆਏ ਵਧੀਆ ਨਤੀਜਿਆਂ ਦਾ ਸਿਹਰਾ ਕਾਲਜ ਦੇ ਯੋਗ ਅਤੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ। ਇਸ ਮੌਕੇ ਕਾਲਜ ਮੈਨੇਜਮੈਂਟ ਵਲੋਂ ਵਧੀਆ ਅੰਕ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਸ. ਆਨੰਦ, ਵਾਈਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਯਿਆ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਡਾ. ਕੰਵਲਬੀਰ ਕੌਰ ਮਾਹਲ, ਗੀਤੂ ਕਾਲੀਆ, ਰਾਜਬੀਰ ਕੌਰ, ਹਰਪ੍ਰੀਤ ਕੌਰ, ਬਲਜੀਤ ਕੌਰ, ਸੁਰਚੀ ਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਸੋਨਲ ਮਹਾਜਨ, ਭੁਪਿੰਦਰ ਕੌਰ ਸਮੇਤ ਹੋਰ ਸਟਾਫ ਤੇ ਵਿਦਿਆਰਥਣਾਂ ਹਾਜ਼ਰ ਸਨ ।

## ਐੱਸ ਡੀ ਐੱਮ ਬਾਬਾ ਬਕਾਲਾ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ




**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਸਬ ਤਹਿਸੀਲ ਤਰਸਿਕਾ ਵਿੱਚ ਐੱਸ ਡੀ ਐੱਮ ਬਾਬਾ ਬਕਾਲਾ ਸਾਹਿਬ ਅਮਨਪ੍ਰੀਤ ਸਿੰਘ ਨੇ ਇਲਾਕੇ ਦੇ ਸਰਪੰਚਾਂ ਪੰਚਾਂ ਤੇ ਨੰਬਰਦਾਰਾਂ ਨੂੰ ਸਬੋਧਨ ਕਰਦੇ ਅਪੀਲ ਕੀਤੀ ਕਿ ਆਪੋ ਆਪਣੇ ਪਿੰਡਾਂ ਵਿੱਚ ਐਲਾਨ ਕਰਵਾ ਕੇ ਲੋਕਾਂ ਨੂੰ ਸੂਚਿਤ ਕੀਤਾ ਜਾਵੇ ਕੋਈ ਕਿ ਕਿਸਾਨ ਆਪਣੀ ਜਮੀਨ ਵਿੱਚ ਅੱਗ ਨਾ ਲਾਵੇ ਅਤੇ ਜੇ ਕੋਈ ਲਾਉਂਦਾ ਹੈ ਤਾਂ ਉਸ ਨੂੰ ਰੋਕਿਆ ਜਾਵੇ ਅਤੇ ਆਪਣੇ ਸਬੰਧਿਤ ਕਲਸਟਰ ਅਫਸਰਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇ।ਉਨ੍ਹਾਂ ਕਿਹਾ ਜਿੱਥੇ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ ਉੱਥੇ ਸਾਡੇ ਮਿੱਤਰ ਕੀੜਿਆਂ, ਪੰਛੀਆਂ ਅਤੇ ਦਰਖਤਾਂ ਦਾ ਵੀ ਬਹੁਤ ਨੁਕਸਾਨ ਹੁੰਦਾ ਹੈ। ਉਨ੍ਹ ਕਿਹਾ ਕਿ ਸਾਨੂੰ ਬਾਬੇ ਨਾਨਕ ਦੇ ਰਸਤੇ 'ਤੇ ਚੱਲਣਾ ਚਾਹੀਦਾ ਹੈ ਜਿਨ੍ਹਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਖਿਤਾਬ ਦਿੱਤਾ ਹੈ। ਇਸ ਮੌਕੇ ਉਹਨਾਂ ਨਾਲ ਨਾਇਬ ਤਹਸੀਲਦਾਰ ਰਣਜੀਤ ਸਿੰਘ, ਆਰ. ਸੀ. ਜਗਰੂਪ ਸਿੰਘ, ਆਪਰੇਟਰ ਤਰਨਬੀਰ ਸਿੰਘ, ਆਪਰੇਟਰ ਪ੍ਰਭਪਾਲ ਸਿੰਘ, ਸਕੱਤਰ ਸਿੰਘ ਅਤੇ ਹੋਰ ਦਫਤਰੀ ਸਟਾਫ ਵੀ ਹਾਜਰ ਸਨ।

## ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਇੰਪਰੂਵਮੈਂਟ ਟਰੱਸਟ ਦਾ ਕੀਤਾ ਦੌਰਾ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-** ਪੰਜਾਬ ਦੇ ਬਾਗਬਾਨੀ, ਰੱਖਿਆ ਸੇਵਾਵਾਂ ਭਲਾਈ ਅਤੇ ਸੁਤੰਤਰਤਾ ਸੈਨਾਨੀ ਮੰਤਰੀ ਮੋਹਿੰਦਰ ਭਗਤ ਵਲੋਂ ਇੰਪਰੂਵਮੈਂਟ ਟਰੱਸਟ ਦਫ਼ਤਰ ਵਿਖੇ ਇੰਪਰੂਵਮੈਂਟ ਟਰੱਸਟ ਦੇ ਨਵੇਂ ਬਣੇ ਚੇਅਰਮੈਨ ਰਮਣੀਕ ਸਿੰਘ ਰੰਧਾਵਾ ਨੂੰ ਗੁਲਦਸਤਾ ਭੇਟ ਕਰਕੇ ਵਧਾਈ ਅਤੇ ਭਵਿੱਖੀ ਵਿਕਾਸ ਕਾਰਜਾਂ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਕੈਬਨਿਟ ਮੰਤਰੀ ਸ੍ਰੀ ਭਗਤ ਨੇ ਕਿਹਾ ਕਿ ਇੰਪਰੂਵਮੈਂਟ ਟਰੱਸਟ ਦਾ ਸ਼ਹਿਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ।ਚੇਅਰਮੈਨ ਇੰਪਰੂਵਮੈਂਟ ਟਰੱਸਟ ਰਮਣੀਕ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵਲੋਂ ਉਹਨਾਂ ਨੂੰ ਲੋਕਾਂ ਦੀ ਸੇਵਾ ਲਈ ਸੌਂਪੀ ਗਈ ਵੱਡੀ ਜਿੰਮੇਵਾਰੀ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਆਤਮ ਪ੍ਰਕਾਸ਼ ਸਿੰਘ ਬੱਬਲੂ ਵੀ ਮੌਜੂਦ ਸਨ।

## ਇਸ਼ਾਨ ਵੱਲੋਂ ਫਲੈਕਸ ਐਂਥਮ '2 ਥਿੰਗਜ਼' ਪੇਸ਼

**ਅੰਮ੍ਰਿਤਸਰ:** ਇਸ਼ਾਨ ਨੇ ਫਲੈਕਸ ਐਂਥਮ '2 ਥਿੰਗਜ਼' ਪੇਸ਼ ਕੀਤਾ, ਜੋ ਵਫ਼ਾਦਾਰੀ ਅਤੇ ਆਤਮ-ਵਿਸ਼ਵਾਸ ਨੂੰ ਪਰਿਭਾਸ਼ਤ ਕਰਦਾ ਹੈ।ਇਹ ਗੀਤ ਨਾ ਕੇਵਲ ਸ਼ਾਨਦਾਰ ਹੈ, ਸਗੋਂ ਇੱਕ ਪੀਰ ਲਗਦਾ ਹੈ ਜਿਸ ਵਿੱਚੋ ਯੌਂਗ ਜਨਰੈਸ਼ਨ ਲਈ ਇੱਕ ਮਜ਼ਬੂਤ ਸੁਨੇਹਾ ਹੈ। ਇਸ਼ਾਨ ਦੀ ਉਸ ਦੇ ਸੱਚੇ ਸਮਰੱਥਾ ਅਤੇ ਸਵੈਗ ਨਾਲ ਗਾਇਕੀ ਨੂੰ ਲੋਕਾਂ ਨੇ ਕਮਰ ਮੋੜ ਕੇ ਸੁਣਿਆ ਹੈ।ਦਿਲਕਸ਼ ਬੀਟ ਅਤੇ ਕੈਚੀ ਮੇਲੋਡੀ ਦੇ ਨਾਲ, '2 ਥਿੰਗਜ਼' ਹਮੇਸ਼ਾ ਲਈ ਯਾਦਗਾਰ ਬਣਦਾ ਜਾ ਰਿਹਾ ਹੈ।ਜਦੋਂ ਕਿ ਉਹਦੇ ਸ਼ਬਦਾਂ ਵਿੱਚ ਵਫ਼ਾਦਾਰੀ ਅਤੇ ਆਤਮ-ਵਿਸ਼ਵਾਸ ਦਾ ਪੈਗਾਮ ਹੈ, ਇਸ ਵਿੱਚ ਉਹਦਾ ਦਿਲਕਸ਼ ਪੰਜਾਬੀ ਸੁਰ ਅਤੇ ਵੈਰਾਇਟੀ ਵੀ ਹੈ।

## ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਦਾਇਰਾ ਵਧਾਉਣ ਲਈ ਮੰਨਾ ਤੇ ਹਰਦੀਪ ਗਿੱਲ ਵੱਲੋਂ ਕੇਂਦਰੀ ਮੰਤਰੀ ਨਾਲ ਮੁਲਾਕਾਤ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਹਰਦੀਪ ਸਿੰਘ ਗਿੱਲ ਇੰਚਾਰਜ ਹਲਕਾ ਜੰਡਿਆਲਾ ਗੁਰੂ ਵੱਲੋਂ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਦਿੱਲੀ ਵਿਖੇ ਮੁਲਾਕਾਤ ਕਰਕੇ ਹੜ੍ਹਾਂ ਦੀ ਮਾਰ ਨਾਲ ਗ਼ਰੀਬ ਵਰਗ ਦੇ ਕੱਚੇ ਘਰਾਂ ਦੇ ਹੋਏ ਨੁਕਸਾਨ ਪ੍ਰਤੀ ਵਿਚਾਰ ਚਰਚਾ ਕਰਦੇ ਹੋਏ ਇਨ੍ਹਾਂ ਪਰਿਵਾਰਾਂ ਦੀ ਮਦਦ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਅਪੀਲ ਕੀਤੀ। ਮੰਨਾ ਤੇ ਹਰਦੀਪ ਗਿੱਲ ਵੱਲੋਂ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੰਜਾਬ ਵਿੱਚ 32 ਫ਼ੀਸਦੀ ਦਲਿਤ ਆਬਾਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੇ ਘਰ ਕੱਚੇ ਹਨ, ਪੂਰੇ ਪੰਜਾਬ ਵਿੱਚ ਲੋਕਾਂ ਦੇ ਕੱਚੇ ਘਰਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ, ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਕੋਲ ਕੋਈ ਵੀ ਅਜਿਹੀ ਸਕੀਮ ਨਹੀਂ ਹੈ ਜਿਸ ਨਾਲ ਲੋਕਾਂ ਨੂੰ ਮਦਦ ਮਿਲ ਸਕੇ।ਇਸ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਘੇਰਾ ਵਿਸ਼ਾਲ ਕਰਨ ਦੀ ਜ਼ਰੂਰਤ ਹੈ ਤਾਂ ਜੋ ਜ਼ਰੂਰਤਮੰਦ ਲੋਕਾਂ ਤੱਕ ਕੇਂਦਰ ਦੀ ਸਕੀਮ ਨਾਲ ਸਿੱਧੀ ਮਦਦ ਮਿਲ ਸਕੇ ਅਤੇ ਲੋਕ ਦੁਬਾਰਾ ਆਪਣੇ ਘਰ ਖੜ੍ਹੇ ਕਰ ਸਕਣ।ਹਰਦੀਪ ਗਿੱਲ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤੀ ਜਾ ਰਹੀ ਧੱਕੇਸ਼ਾਹੀ ਪ੍ਰਤੀ ਵੀ ਗੱਲ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਵਿੱਚ ਕੰਮ ਉਨ੍ਹਾਂ ਨੂੰ ਹੀ ਦਿੱਤਾ ਜਾ ਰਿਹਾ ਹੈ ਜੋ ਪੰਜਾਬ ਸਰਕਾਰ ਦੇ ਚਹੇਤੇ ਹਨ ਜਿਸ ਪ੍ਰਤੀ ਸੰਬੰਧਿਤ ਅਫ਼ਸਰਾਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਸ਼ਿਵ ਰਾਜ ਚੌਹਾਨ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਪੰਜਾਬ ਦੇ ਲੋਕਾਂ ਦੀ ਮਦਦ ਕਰਨ ਵਿੱਚ ਕੇਂਦਰ ਸਰਕਾਰ ਵੱਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਜਿਹੜੇ ਅਫਸਰ ਮਨਰੇਗਾ ਵਿੱਚ ਧੱਕੇਸ਼ਾਹੀ ਕਰ ਰਹੇ ਹਨ ਉਨ੍ਹਾਂ ਨੂੰ ਵੀ ਸਬਕ ਸਿਖਾਇਆ ਜਾਵੇਗਾ।

## ਰਾਹੁਲ ਗਾਂਧੀ ਦਾ ਲੋਕਤੰਤਰ ਨਾਲ ਖੇਡਣਾ ਇੱਕ ਵਾਰ ਫਿਰ ਬੇਨਕਾਬ : ਪ੍ਰੋ. ਖਿਆਲਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਭਾਜਪਾ ਪੰਜਾਬ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਰਾਜਨੀਤੀ ਲੋਕਤੰਤਰ ਨੂੰ ਬਚਾਉਣ ਲਈ ਨਹੀਂ, ਕੇਵਲ ਭਾਜਪਾ ਦਾ ਵਿਰੋਧ ਕਰਨਾ ਹੈ। ਪਰ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਾਰਤ ਦਾ ਲੋਕਤੰਤਰ ਬਹੁਤ ਮਜ਼ਬੂਤ ਹੈ ਅਤੇ ਨਰਿੰਦਰ ਮੋਦੀ ਸਰਕਾਰ ਲੋਕਤੰਤਰ ਦੀ ਰੱਖਿਆ ਲਈ ਵਚਨਬੱਧ ਹੈ। ਕਾਂਗਰਸ ਲੋਕਤੰਤਰ ਦੀ ਬਜਾਏ ਸਿਰਫ਼ ਆਪਣੇ ਵੋਟ ਬੈਂਕ ਲਈ ਖੇਡ ਰਹੀ ਹੈ। ਭਾਜਪਾ ਲੋਕਤੰਤਰ ਦੀ ਰੱਖਿਆ ਕਰ ਰਹੀ ਹੈ, ਕਾਂਗਰਸ ਘੁਸਪੈਠੀਆਂ ਨੂੰ ਬਚਾ ਰਹੀ ਹੈ।ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕਾਂਗਰਸੀ ਨੇਤਾ ਰਾਹੁਲ ਗਾਂਧੀ ਵੱਲੋਂ ਰਾਜਨੀਤਿਕ ਲਾਭ ਲਈ ਸੰਵਿਧਾਨਕ ਸੰਸਥਾਵਾਂ 'ਤੇ ਬੇਬੁਨਿਆਦ ਦੋਸ਼ ਲਗਾਉਣਾ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਬੇਬੁਨਿਆਦ ਦੋਸ਼ ਲਗਾਉਣ ਤੋਂ ਤੁਰੰਤ ਬਾਅਦ, ਚੋਣ ਕਮਿਸ਼ਨ ਵੱਲੋਂ ਤੱਥਾਂ ਦੇ ਆਧਾਰ 'ਤੇ ਉਨ੍ਹਾਂ ਦੇ ਝੂਠੇ ਦੋਸ਼ਾਂ ਨੂੰ ਰੱਦ ਕਰਨ ਨਾਲ ਇੱਕ ਵਾਰ ਫਿਰ ਰਾਹੁਲ ਗਾਂਧੀ ਦੇ ਲੋਕਤੰਤਰ ਨਾਲ ਖੇਡਣਾ ਬੇਨਕਾਬ ਹੋ ਗਿਆ ਹੈ । ਇਹ ਸੱਚਾਈ ਸਾਹਮਣੇ ਆ ਗਈ ਹੈ ਕਿ ਉਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦਾ ਸਪਸ਼ਟੀਕਰਨ ਦਰਸਾਉਂਦਾ ਹੈ ਕਿ ਕਿਸੇ ਵੀ ਵੋਟਰ ਨੂੰ ਔਨਲਾਈਨ ਨਹੀਂ ਹਟਾਇਆ ਜਾ ਸਕਦਾ। ਪ੍ਰਭਾਵਿਤ ਵਿਅਕਤੀ ਨੂੰ ਸੁਣਨ ਦਾ ਮੌਕਾ ਦਿੱਤੇ ਬਿਨਾਂ ਕੋਈ ਵੀ ਨਾਮ ਨਹੀਂ ਹਟਾਇਆ ਜਾ ਸਕਦਾ।

## (ਸਫ਼ਾ 3 ਦੀ ਬਾਕੀ) ਬਾਬਾ ਵਿਸਾਖਾ ਸਿੰਘ

1938-39 ਵਿੱਚ ਅੰਮ੍ਰਿਤਸਰ ਅਤੇ ਲਾਹੌਰ ਵਿੱਚ ਕਿਸਾਨਾਂ ਨੇ ਆਪਣੇ ਉੱਤੇ ਹੁੰਦੇ ਅਤਿਆਚਾਰਾਂ ਦੇ ਵਿਰੁੱਧ ਸੰਘਰਸ਼ ਸ਼ੁਰੂ ਕੀਤਾ। ਬਾਬਾ ਜੀ ਦੇ ਧਰਮ ਵਿੱਚ ਮਿਹਨਤਕਸ਼ਾਂ ਦੇ ਦੁੱਖ ਨੂੰ ਦੂਰ ਕਰਨ ਦਾ ਸਭ ਤੋਂ ਪਹਿਲਾ ਸਥਾਨ ਹੈ। ਉਹ ਕਿਵੇਂ ਚੁੱਪ ਬੈਠ ਸਕਦੇ ਸਨ? ਅੰਮ੍ਰਿਤਸਰ ਦੇ ਮੋਰਚੇ (1938) ਵਿੱਚ ਬਾਬਾ ਜੀ ਸੱਤਿਆਗ੍ਰਹਿ ਕਰਨਾ ਚਾਹੁੰਦੇ ਸਨ, ਪਰ ਸਾਥੀਆਂ ਨੇ ਉਨ੍ਹਾਂ ਦੀ ਸਿਹਤ ਅਤੇ ਦੂਜੇ ਕੰਮਾਂ ਦਾ ਖ਼ਿਆਲ ਕਰਕੇ ਰੁਕ ਜਾਣ ਦੀ ਬੇਨਤੀ ਕੀਤੀ। ਬਾਬਾ ਜੀ ਮੰਨ ਗਏ। ਲਾਹੌਰ ਦੇ ਕਿਸਾਨ ਮੋਰਚੇ (1939) ਦੇ ਸੰਬੰਧ ਵਿੱਚ ਬਾਬਾ ਜੀ ਦੀ ਹੀ ਪ੍ਰਧਾਨਗੀ ਹੇਠ ਮਰਾਣਾ ਵਿੱਚ ਇਕ ਵੱਡੀ ਸਭਾ ਹੋਈ ਸੀ। ਬਾਬਾ ਜੀ ਸੌ ਵਿਅਕਤੀਆਂ ਨੂੰ ਲੈ ਕੇ ਸੱਤਿਆਗ੍ਰਹਿ ਕਰਨ ਲਈ ਲਾਹੌਰ ਜਾਣ ਨੂੰ ਤਿਆਰ ਸਨ, ਪਰ ਕਾਲੇਪਾਣੀ ਤੋਂ ਨਾਲ਼ ਆਏ ਤਪਦਿਕ ਦੇ ਮਾਰੇ ਫੇਫੜੇ ਏਨੇ ਕਮਜ਼ੋਰ ਸਨ ਕਿ ਸਾਥੀ ਉਨ੍ਹਾਂ ਨੂੰ ਅਜਿਹੇ ਜ਼ੋਖ਼ਮ ਵਿੱਚ ਪਾਉਣਾ ਨਹੀਂ ਪਸੰਦ ਕਰਦੇ ਸਨ। ਬਾਬਾ ਜੀ ਦਾ ਕਲੇਜਾ ਫੜਫੜਾਉਂਦਾ ਰਹਿ ਗਿਆ, ਫਿਰ ਵੀ ਉਨ੍ਹਾਂ ਨੇ ਗੱਲ ਮੰਨ ਲਈ।

ਲੜਾਈ ਲੱਗ ਗਈ। ਸਰਕਾਰ ਕਿੰਨੇ ਹੀ ਦਿਨਾਂ ਤੱਕ ਉਨ੍ਹਾਂ ਦੀ ਸਿਹਤ ਅਤੇ ਦੂਜੀਆਂ ਗੱਲਾਂ ਬਾਰੇ ਸੋਚਦੀ ਰਹੀ, ਅਖੀਰ ਵਿੱਚ 26 ਜੂਨ 1940 ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅੰਮ੍ਰਿਤਸਰ ਤੋਂ ਰਾਜਨਪੁਰ (ਡੇਰਾ ਗਾਜ਼ੀ ਖਾਂ) ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਫਿਰ ਦੇਵਲੀ ਪਹੁੰਚਾ ਦਿੱਤੇ ਗਏ। ਉਨ੍ਹਾਂ ਦੇ ਫੇਫੜੇ ਤਾਂ ਪਹਿਲਾਂ ਤੋਂ ਹੀ ਖ਼ਰਾਬ ਸਨ, ਦੇਵਲੀ ਦੇ ਵਾਤਾਵਰਨ ਨੇ ਹੋਰ ਬੁਰਾ ਪ੍ਰਭਾਵ ਪਾਇਆ। ਪਰ ਤਾਂ ਵੀ ਬਾਬੇ ਦੇ ਹੱਸਮੁਖ ਚਿਹਰੇ ਨੂੰ ਕਦੇ ਉਦਾਸ ਨਹੀਂ ਹੁੰਦੇ ਵੇਖਿਆ ਗਿਆ। ਸਾਡੇ ਲੋਕਾਂ ਦੀ ਭੁੱਖ ਹੜਤਾਲ ਦੇ ਸਮੇਂ ਜਿਸ ਤਰ੍ਹਾਂ ਦਾ ਸਖ਼ਤ ਕਦਮ ਬਾਬੇ ਨੇ ਚੁੱਕਿਆ ਸੀ, ਇਸ ਦੇ ਬਾਰੇ ਵਿੱਚ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ।

ਬਾਬੇ ਦੀ ਸਿਹਤ ਹੋਰ ਵਿਗੜਦੀ ਵੇਖ ਡਾਕਟਰਾਂ ਨੇ 'ਅੱਖੋਂ ਘੱਟ ਦਿਸਣ ਦਾ ਰੋਗ'— ਕਿਹਾ। ਪੰਜਾਬ ਸਰਕਾਰ ਨੇ ਮਜਬੂਰ ਹੋ ਕੇ 21 ਨਵੰਬਰ 1941 ਨੂੰ ਉਨ੍ਹਾਂ ਨੂੰ ਦੇਵਲੀ ਤੋਂ ਦਦੇਹਰ ਪਹੁੰਚਾ ਦਿੱਤਾ। ਬਾਬਾ ਜੀ ਦਾ ਜਦ ਤੱਕ ਸਾਹ ਚੱਲ ਰਿਹਾ ਹੈ, ਤਦ ਤੱਕ ਉਹ ਚੁੱਪ ਕਿਵੇਂ ਰਹਿ ਸਕਦੇ ਹਨ? ਕੈਲੀਫੋਰਨੀਆ ਵਿੱਚ ਅਰਦਾਸ ਕਰਕੇ ਜੀਵਨ ਨੂੰ ਦੇਸ਼ ਦੇ ਲੇਖੇ ਲਾਉਣ ਦਾ ਪ੍ਰਣ ਕੀਤਾ ਸੀ, ਉਸ ਨੂੰ ਉਹ ਕਿਵੇਂ ਝੁਠਲਾ ਸਕਦੇ ਹਨ ਪਰ ਉਨ੍ਹਾਂ ਦਾ ਕੰਮ ਕੋਈ ਅਜਿਹਾ ਨਹੀਂ ਸੀ, ਜਿਸ ਦੇ ਨਾਲ਼ ਲੜਾਈ ਦੇ ਕਿਸੇ ਕੰਮ ਨੂੰ ਨੁਕਸਾਨ ਪਹੁੰਚੇ। ਬਾਬਾ ਤਾਂ ਮੰਨਦਾ ਹੈ ਕਿ ਰੂਸ ਦੇ ਮਜ਼ਦੂਰ ਕਿਸਾਨਾਂ ਦੇ ਰਾਜ 'ਤੇ ਹਮਲਾ ਕਰਦੇ ਫਾਸਿਸਟ ਸਾਰੀ ਮਨੁੱਖਤਾ ਦੇ ਹੀ ਵੈਰੀ ਹਨ। ਪਰ ਹਿੰਦੁਸਤਾਨ ਦੀ ਸੀ.ਆਈ.ਡੀ. ਨੂੰ ਇਸ ਤੋਂ ਕੀ ਮਤਲਬ? ਉਸ ਦੀਆਂ ਕਿੰਨੀਆਂ ਹੀ ਹਰਕਤਾਂ ਤੋਂ ਪਤਾ ਲਗਦਾ ਹੈ ਕਿ ਉਹ ਫਾਸਿਸਟਾਂ ਦੇ ਮੁਕਾਬਲੇ ਉਨ੍ਹਾਂ ਦੇ ਵੈਰੀਆਂ ਨੂੰ ਖ਼ਤਮ ਕਰਨਾ ਆਪਣਾ ਫ਼ਰਜ਼ ਸਮਝਦੀ ਹੈ। ਬਾਬਾ ਜੀ ਗੁਜਰਾਤ ਜੇਲ੍ਹ ਵਿੱਚ ਬੰਦ ਆਪਣੇ ਸਾਥੀਆਂ ਨੂੰ ਮਿਲਣ ਗਏ ਸਨ। ਵਾਪਿਸ ਅੰਮ੍ਰਿਤਸਰ ਆਉਂਦੇ ਹੀ ਫਿਰ ਜੇਲ੍ਹ ਵਿੱਚ ਡੱਕ ਦਿੱਤੇ ਗਏ। ਫਰਵਰੀ 1942 ਦੀ ਗੱਲ ਹੈ। ਮੁਲਤਾਨ ਜੇਲ੍ਹ ਵਿੱਚ ਫਿਰ ਉਨ੍ਹਾਂ ਦੀ ਸਿਹਤ ਵਿਗੜਨ ਲੱਗੀ। ਬਾਬਾ ਜੀ ਨੇ ਡਾਕਟਰਾਂ ਨੂੰ ਕਿਹਾ, "ਦਵਾਈ ਨਾ ਦਿਓ।" ਪਰ ਸੁਹਿਰਦ ਡਾਕਟਰ ਦੇ ਹੱਥੋਂ ਦਵਾਈ ਨੂੰ ਵੀ ਇਨਕਾਰ ਨਹੀਂ ਕਰ ਸਕਦੇ ਸਨ। ਹਾਲਤ ਖ਼ਰਾਬ ਹੋ ਗਈ। ਪਿੰਡ ਵਿੱਚ ਖ਼ਬਰ ਪਹੁੰਚੀ। ਭਾਈ ਮੱਘਰ ਸਿੰਘ, ਭਤੀਜੇ ਬਿਸ਼ਨ ਸਿੰਘ ਅਤੇ ਕੁੰਦਨ ਸਿੰਘ ਆਖ਼ਰੀ ਮੁਲਾਕਾਤ ਦੇ ਲਈ ਮੁਲਤਾਨ ਗਏ। ਵੇਖਦੇ ਹੀ ਉਨ੍ਹਾਂ ਦੀ ਆਸ ਟੁੱਟ ਗਈ। ਉਨ੍ਹਾਂ ਨੇ ਬਾਬੇ ਦੀ ਲਾਸ਼ ਦੀ ਉਡੀਕ ਵਿੱਚ ਉੱਥੇ ਹੀ ਧੂਣੀ ਲਗਾ ਲਈ। ਦੋ ਵਿਅਕਤੀ ਜੇਲ੍ਹ ਦੇ ਬਾਹਰ ਫਾਟਕ 'ਤੇ ਬੈਠੇ ਰਹਿੰਦੇ ਅਤੇ ਇਕ ਰੋਟੀ-ਪਾਣੀ ਦਾ ਪ੍ਰਬੰਧ ਕਰਦਾ। ਲੋਕਾਂ ਨੂੰ ਖ਼ਬਰ ਮਿਲੀ। ਬਾਬੇ ਨੂੰ ਛੱਡਣ ਲਈ ਸਭਾਵਾਂ ਹੋਣ ਲੱਗੀਆਂ, ਤਾਰਾਂ ਖੜਕਣ ਲੱਗੀਆਂ, ਅਖ਼ਬਾਰਾਂ ਵਿੱਚ ਹਲਚਲ ਸ਼ੁਰੂ ਹੋਈ। ਸਰਕਾਰ ਨੇ ਉਨ੍ਹਾਂ ਨੂੰ ਧਰਮਸ਼ਾਲਾ ਜੇਲ੍ਹ ਵਿੱਚ ਭੇਜ ਦਿੱਤਾ। ਬਾਬੇ ਲਈ ਜਿਸ ਤਰ੍ਹਾਂ ਮੁਲਤਾਨ ਦੀ ਗਰਮੀ ਸਹਿਣ ਯੋਗ ਨਹੀਂ ਸੀ, ਉਵੇਂ ਹੀ ਧਰਮਸ਼ਾਲਾ ਦੀ ਹਿਮਾਲਿਆ ਵਾਲੀ ਸਰਦੀ ਵੀ। ਹੁਣ ਵੀ ਪੰਜਾਬ ਦੀ ਅਨੋਖੀ ਸਰਕਾਰ ਕੁਝ ਕਰਨ ਲਈ ਤਿਆਰ ਨਹੀਂ ਸੀ। ਇਸ ਸਮੇਂ ਬਲਵੰਤ ਸਿੰਘ ਦੁਖੀਆ ਜੇਲ੍ਹ ਵਿੱਚ ਨਜ਼ਰਬੰਦ ਹੁੰਦੇ ਹੋਏ ਸ਼ਹੀਦ ਹੋ ਗਏ। ਚਾਰੇ ਪਾਸੇ ਹੋ-ਹੱਲਾ ਮੱਚ ਗਿਆ। ਸਰਕਾਰ ਘਬਰਾ ਗਈ ਅਤੇ ਇਹ ਨਹੀਂ ਚਾਹੁੰਦੀ ਸੀ ਕਿ ਬਾਬਾ ਵਿਸਾਖਾ ਸਿੰਘ ਦੀ ਸ਼ਹਾਦਤ ਦਾ ਦੋਸ਼ ਉਸ ਦੇ ਸਿਰ ਲੱਗੇ। ਸੋ, 15 ਜੁਲਾਈ ਨੂੰ ਜੇਲ੍ਹ ਦੇ ਅਧਿਕਾਰੀਆਂ ਨੇ ਕਿਸੇ ਹਿੱਤ-ਮਿੱਤਰ, ਭਰਾ-ਭਾਈ ਨੂੰ ਕੋਈ ਸੂਚਨਾ ਦਿੱਤੇ ਬਿਨਾਂ ਹੀ ਉਨ੍ਹਾਂ ਨੂੰ ਧਰਮਸ਼ਾਲਾ ਜੇਲ੍ਹ ਦੇ ਫਾਟਕ ਦੇ ਬਾਹਰ ਛੱਡ ਦਿੱਤਾ। ਇਹ 1942 ਦੀ ਘਟਨਾ ਹੈ, ਪਰ ਕੌਣ ਵਿਸ਼ਵਾਸ ਕਰੇਗਾ ਕਿ ਅਸੀਂ ਵੀਹਵੀਂ ਸਦੀ ਦੇ ਵਿਚਕਾਰ ਇਕ ਸੱਭਿਅਕ ਅਖਵਾਉਣ ਵਾਲੀ ਸਰਕਾਰ ਦੀ ਛਤਰ-ਛਾਇਆ ਹੇਠ ਹਾਂ। ਸੰਜੋਗ ਨਾਲ਼ ਇਕ ਕੋਮਲ ਚਿੱਤ ਦੰਪਤੀ ਜੋੜੇ ਨੂੰ ਪਤਾ ਲੱਗਾ। ਬੀਬੀ ਸਰਲਾ ਦੇਵੀ ਅਤੇ ਉਨ੍ਹਾਂ ਦਾ ਪਤੀ ਬਾਬਾ ਜੀ ਨੂੰ ਆਪਣੇ ਘਰ ਲੈ ਗਏ। ਪੂਰੀ ਰਾਤ ਉੱਥੇ ਰੱਖਿਆ। ਦੂਜੇ ਦਿਨ ਰੇਲ ਰਾਹੀਂ ਅੰਮ੍ਰਿਤਸਰ ਪਹੁੰਚਾ ਦਿੱਤਾ ਗਿਆ। 70 ਸਾਲ ਦਾ ਸਰੀਰ ਹੋਣ ਕਰਕੇ ਵੀ ਬਾਬਾ ਵਿਸਾਖਾ ਸਿੰਘ ਬਹੁਤ ਮੁੱਲ ਰੱਖਦਾ ਹੈ, ਰਾਜਨੀਤਿਕ ਕਾਰਕੁੰਨ ਅਤੇ ਧਾਰਮਿਕ ਭਗਤ ਦੋਵੇਂ ਹੀ ਇਸ ਨੂੰ ਮੰਨਦੇ ਹਨ। ਬਾਬਾ ਜੀ ਦਾ ਇਲਾਜ ਕੁਝ ਸਮਾਂ ਲਾਹੌਰ ਵਿੱਚ, ਫਿਰ ਤਰਨਤਾਰਨ ਵਿੱਚ ਹੋਇਆ। ਅਕਤੂਬਰ (1943) ਵਿੱਚ ਉਨ੍ਹਾਂ ਨੂੰ ਦਦੇਹਰ ਜਾਣ ਦੀ ਡਾਕਟਰਾਂ ਨੇ ਆਗਿਆ ਦੇ ਦਿੱਤੀ। ਹੁਣ ਪੁਰਾਣੇ ਛਕੜੇ ਨੂੰ ਬਹੁਤ ਬੰਨ੍ਹ-ਬੁੰਨ੍ਹ ਕੇ ਹੀ ਘਸੀਟਿਆ ਜਾ ਸਕਦਾ ਹੈ, ਪਰ ਬਾਬਾ ਆਪਣੇ ਇੱਕ-ਇੱਕ ਸਾਹ ਦੀ ਪੂਰੀ ਕੀਮਤ ਵਸੂਲ ਕਰਨ ਦੇ ਲਈ ਤਿਆਰ ਹੈ। ਦਦੇਹਰ ਉਨ੍ਹਾਂ ਦੀ ਮੌਜੂਦਗੀ ਵਿੱਚ ਇਕ ਵੱਡਾ ਗੁਰਦੁਆਰਾ ਬਣਾਇਆ ਗਿਆ ਹੈ। ਧਾਰਮਿਕ ਆਗੂਆਂ ਵਿੱਚੋਂ ਜੇ ਕੋਈ ਸਭ ਤੋਂ ਵੱਧ ਸੱਚਾ, ਸਭ ਤੋਂ ਵਧੇਰੇ ਕੋਮਲ ਚਿੱਤ, ਸਭ ਤੋਂ ਜ਼ਿਆਦਾ ਤਿਆਗੀ ਅਤੇ ਵੈਰਾਗੀ ਰਹੇ ਹੋਣਗੇ ਤਾਂ ਉਹ ਬਾਬਾ ਵਿਸਾਖਾ ਸਿੰਘ ਵਰਗੇ ਹੀ ਹੋਣਗੇ; ਪਰ ਇਸ ਵਿੱਚ ਸ਼ੱਕ ਹੈ ਕਿ ਉਨ੍ਹਾਂ ਵਿੱਚ ਅਜਿਹੀ ਬਾਲਕਾਂ ਵਰਗੀ ਸਰਲ ਤਾ ਅਤੇ ਮਧੁਰਤਾ ਰਹੀ ਹੋਵੇਗੀ।

**- ਅਨੁਵਾਦ : ਪਵਨ ਟਿੱਬਾ**

## ਐੱਸ ਜੀ ਪੀ ਸੀ ਪ੍ਰਧਾਨ ਧਾਮੀ ਨੇ ਸਾਲਾਨਾ ਜੋੜ ਮੇਲੇ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਮਹਾਨ ਬ੍ਰਹਮ ਗਿਆਨੀ, ਪੁੱਤਰਾਂ ਦੇ ਦਾਨੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਇਤਿਹਾਸਕ ਤੇ ਪਵਿੱਤਰ ਧਾਰਮਿਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ 5-6-7 ਅਕਤੂਬਰ ਨੂੰ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਦੀ ਆਮਦ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਤੇ ਭਾਈ ਰਜਿੰਦਰ ਸਿੰਘ ਮਹਿਤਾ ਨਾਲ ਸਾਲਾਨਾ ਜੋੜ ਮੇਲੇ ਦੇ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਸਭ ਤੋਂ ਪਹਿਲਾਂ ਉਨ੍ਹਾਂ ਨਤਮਸਤਕ ਹੋ ਕੇ ਗੁਰੂ ਸਾਹਿਬ ਜੀ ਦਾ ਓਟ ਆਸਰਾ ਲਿਆ ਅਤੇ ਗੁਰਬਾਣੀ ਨੂੰ ਸਰਵਣ ਕਰਦਿਆਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਭਾਈ ਸਰਬਦਿਆਲ ਸਿੰਘ ਤੇ ਸਮੁੱਚੇ ਸਟਾਫ ਨੂੰ ਮੇਲੇ ਦੌਰਾਨ ਤਨਦੇਹੀ ਨਾਲ ਸੇਵਾਵਾਂ ਨਿਭਾਉਣ ਲਈ ਸੁਨੇਹਾ ਦਿੱਤਾ।ਜਦ ਕਿ ਦਫ਼ਤਰ ਵਿਖੇ ਪੁੱਜਣ ਤੇ ਮੈਨੇਜਰ ਸਰਬਦਿਆਲ ਸਿੰਘ ਘਰਿਆਲਾ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ, ਹੈੱਡ ਗ੍ਰੰਥੀ ਸਹਿਬਾਨ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਕਥਾਵਾਚਕ ਭਾਈ ਸੁਖਵੰਤ ਸਿੰਘ ਆਦਿ ਵੱਲੋਂ ਐੱਸਜੀਪੀਸੀ ਪ੍ਰਧਾਨ ਐਡਵੋਕੇਟ ਧਾਮੀ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਭਾਈ ਬਿਕਰਮਜੀਤ ਸਿੰਘ ਸੁਰਸਿੰਘ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਹਰਜੀਤ ਸਿੰਘ, ਅਕਾਊਂਟੈਂਟ ਅਮਰਬੀਰ ਸਿੰਘ, ਖਜਾਨਚੀ ਗੁਰਜੀਤ ਸਿੰਘ ਪੰਜਵੜ, ਗੁਰਮੀਤ ਸਿੰਘ ਪੰਜਵੜ,ਪ੍ਰਗਟ ਸਿੰਘ ਮੰਨਣ, ਮਨਜੀਤ ਸਿੰਘ ਮੰਨਣ, ਪ੍ਰਤਾਪ ਸਿੰਘ ਚੀਮਾ, ਬਲਜੀਤ ਸਿੰਘ ਝਬਾਲ ਸਮੇਤ ਸਮੁੱਚਾ ਸਟਾਫ ਵੀ ਹਾਜ਼ਰ ਸੀ।

## ਖੇਤੀਬਾੜੀ ਵਿਭਾਗ ਨੇ ਨੌਸ਼ਹਿਰਾ ਪੰਨੂਆਂ 'ਚ ਕਿਸਾਨ ਜਾਗਰੂਕਤਾ ਕੈਂਪ ਲਗਾਇਆ




**ਪੱਟੀ (ਬਲਦੇਵ ਸਿੰਘ ਸੰਧੂ)-** ਡਿਪਟੀ ਕਮਿਸ਼ਨਰ ਰਾਹੁਲ ਦੇ ਮਿਸ਼ਨ ਅੱਗ ਮੁਕਤ ਪਰਾਲੀ ਅਤੇ ਡਾ. ਤੇਜਬੀਰ ਸਿੰਘ ਮੁਖ ਖੇਤੀਬਾੜੀ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਮਲਵਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਨੌਸ਼ਹਿਰਾ ਪੰਨੂਆਂ ਦੀ ਅਗਵਾਹੀ ਹੇਠ, ਕਰਾਪ ਰੈਜੀਡਿਊ ਮੈਨੇਜਮੈਂਟ ਅਧੀਨ ਝੋਨੇ ਅਤੇ ਬਾਸਮਤੀ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਪਿੰਡ ਦਰਗਾਪੁਰ ਬਲਾਕ ਨੌਸ਼ਹਿਰਾ ਪੰਨੂਆਂ ਵਿਖੇ ਕਿਸਾਨ ਅਵੇਅਰਨੈੱਸ ਕੈਂਪ ਲਗਾਇਆ ਗਿਆ। ਕੈਂਪ ਦਾ ਆਯੋਜਨ ਸਰਕਲ ਇੰਨਚਾਰਜ ਬਲਜਿੰਦਰ ਸਿੰਘ ਖੇਤੀ ਵਿਸਥਾਰ ਅਫਸਰ ਵੱਲੋ ਕੀਤਾ ਗਿਆ ਜਿਸ ਵਿੱਚ ਅਜੇਪਾਲ ਸਿੰਘ ਏ.ਟੀ.ਐੱਮ ਨੇ ਸਹਿਯੋਗ ਕੀਤਾ ।ਇਸ ਮੌਕੇ ਕਿਸਾਨਾਂ ਨੂੰ ਜਾਨਕਾਰੀ ਦਿੱਤੀ ਗਈ ਕਿ ਬਲਾਕ ਵਿੱਚ 1509 ਕਿਸਮ ਦੀ ਵਾਢੀ ਸ਼ੁਰੂ ਹੋ ਹਈ ਹੈ ਅਤੇ ਵਿਭਾਗ ਵੱਲੋ ਕੰਮਬਾਈਨਾਂ ਤੇ ਐੱਸ.ਐੱਮ.ਐੱਸ ਲਗਾਉਣ ਉਪਰੰਤ ਹੀ ਕਟਾਈ ਕਰਨ ਦੀ ਹਿਦਾਇਤ ਕੀਤੀ ਗਈ ਹੈ ਜਿਸ ਕਿਸੇ ਕਿਸਾਨ ਦਾ ਬੇਲਰ ਨਾਲ ਗੱਠਾ ਬਣਾਉਣ ਦਾ ਵਿਚਾਰ ਹੈ ਉਹ ਸਵੈ -ਘੋਸ਼ਣਾ ਦੇਕੇ ਬਿਨਾਂ ਐੱਸ.ਐੱਮ.ਐੱਸ ਤੋਂ ਕਟਾਈ ਕਰਾ ਸਕਦਾ ਹੈ ।ਕੈਂਪ ਵਿੱਚ ਬਲਜਿੰਦਰ ਸਿੰਘ ਖੇਤੀ ਵਿਸਥਾਰ ਅਫਸਰ ਨੇ ਝੋਨੇ ਦੀ ਮੌਜੂਦਾ ਫਸਲ ਅਤੇ ਤੇਲੇ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ।ਕੈਂਪ ਵਿੱਚ ਕਿਸਾਨ ਬਲਵਿੰਦਰ ਸਿੰਘ, ਗੁਰਸੇਵਕ ਸਿੰਘ ਨੰਬਰਦਾਰ, ਤਰਸੇਮ ਸਿੰਘ, ਜੁਗਰਾਜ ਸਿੰਘ, ਪਿਆਰਾ ਸਿੰਘ, ਨਿਰਵੈਲ ਸਿੰਘ, ਸ਼ਮਸ਼ੇਰ ਸਿੰਘ ਅਤੇ ਹੋਰ ਅਗਾਂਹ ਵਧੂ ਕਿਸਾਨ ਸ਼ਾਮਲ ਹੋਏ ਅਤੇ ਪਰਾਲੀ ਪ੍ਰਬੰਧਨ ਵਿੱਚ ਮਹਿਕਮੇ ਨਾਲ ਪੂਰਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ।

20-SEP-PAGE-10.qxd 9/19/2025 9:37 PM Page 1



## ਜੀ ਸੀ ਜੀ ਲੁਧਿਆਣਾ ਨੇ ਵੀ ਹਿੰਦੀ ਦਿਵਸ ਮਨਾਇਆ



**ਲੁਧਿਆਣਾ (ਰੈਕਟਰ ਕਥੂਰੀਆ)**-ਹਿੰਦੀ ਦਿਵਸ ਮਨਾਉਣ ਲਈ ਲੜਕੀਆਂ ਦੇ ਸਰਕਾਰੀ ਕਾਲਜ ਨੇ ਕੁਇਜ਼ ਤੇ ਪੋਸਟਰ-ਮੇਕਿੰਗ ਮੁਕਾਬਲਾ ਕਰਵਾਇਆ।ਪ੍ਰਿੰਸੀਪਲ ਸ਼੍ਰੀਮਤੀ ਸੁਮਨ ਲਤਾ ਮੁੱਖ ਮਹਿਮਾਨ ਸਨ।ਪ੍ਰੋਗਰਾਮ ਦੀ ਸ਼ੁਰੂਆਤ ਗੋਸ਼ਟਿਕਾ ਰਾਣੀ (ਪ੍ਰਧਾਨ, ਹਿੰਦੀ ਸੁਸਾਇਟੀ) ਦੇ ਸਵਾਗਤੀ ਨੋਟ ਤੇ ਸਰਸਵਤੀ ਵੰਦਨਾ ਨਾਲ ਹੋਈ।ਕੁਇਜ਼ ਵਿੱਚ ਚਾਰ ਟੀਮਾਂ ਮਹਾਦੇਵੀ ਵਰਮਾ, ਜੈਸ਼ੰਕਰ ਪ੍ਰਸਾਦ, ਸੂਰਿਆਕਾਂਤ ਤ੍ਰਿਪਾਠੀ ਨਿਰਾਲਾ ਤੇ ਸੁਮਿਤ੍ਰਾਨੰਦਨ ਪੰਤ ਨੇ ਹਿੱਸਾ ਲਿਆ, ਜਿਸ 'ਚ ਜੈਸ਼ੰਕਰ ਪ੍ਰਸਾਦ ਟੀਮ ਜੇਤੂ ਰਹੀ। ਸੁਸ਼ਮਾ (ਬੀ.ਏ. 999) ਨੇ ਭਾਸ਼ਣ ਦਿੱਤਾ ਤੇ ਵਿਦਿਆਰਥੀਆਂ ਨੇ ਕਵਿਤਾਵਾਂ ਸੁਣਾਈਆਂ।ਅਨਮੋਲਜੋਤੀ (ਬੀ.ਏ. 99) ਨੂੰ ਹਿੰਦੀ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਸਨਮਾਨਤ ਕੀਤਾ ਗਿਆ।ਪੋਸਟਰ-ਮੇਕਿੰਗ ਵਿੱਚ ਖੁਸ਼ਬੂ ਨੇ ਪਹਿਲਾ ਇਨਾਮ, ਬਾਸੂਕੀ ਨੇ ਦੂਜਾ ਤੇ ਲਾਵਣਿਆ ਨੇ ਤੀਜਾ ਇਨਾਮ ਜਿੱਤਿਆ।ਫੈਕਲਟੀ ਮੈਂਬਰ ਡਾ. ਬਲਜਿੰਦਰ ਕੁਮਾਰ, ਡਾ. ਮਨੀਸ਼ਾ, ਸ਼੍ਰੀਮਤੀ ਸਰਿਤਾ ਮਿਨਹਾਸ, ਸ਼੍ਰੀਮਤੀ ਨਿਵੇਦਿਤਾ ਗੁਪਤਾ, ਸ਼੍ਰੀਮਤੀ ਸੁਖਮਨੀ, ਸ਼੍ਰੀਮਤੀ ਸ਼ਿਖਾ, ਸ਼੍ਰੀਮਤੀ ਆਂਚਲ ਤੇ ਡਾ. ਸਰਬਜੀਤ ਕੌਰ ਮੌਜੂਦ ਸਨ।ਪ੍ਰੋਗਰਾਮ ਗੋਸ਼ਟਿਕਾ ਦੇ ਧੰਨਵਾਦ ਮਤੇ ਨਾਲ ਸਮਾਪਤ ਹੋਇਆ।

## ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਨੂੰ ਸ਼ਹਾਦਤ ਦਿਵਸ 'ਤੇ ਸ਼ਰਧਾਂਜਲੀਆਂ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਵਿਖੇ ਉਘੇ ਪਰਜਾਮੰਡਲੀਏ ਸ਼ਹੀਦ ਭਗਵਾਨ ਸਿੰਘ ਦੇ ਸ਼ਹਾਦਤ ਦਿਵਸ 'ਤੇ ਸਕੂਲ ਤੇ ਪਰਵਾਰ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ, ਜਿਨ੍ਹਾਂ ਦੇ ਨਾਂਅ ਤੇ ਯਾਦ ਵਿੱਚ ਸਕੂਲ ਸਥਾਪਤ ਕੀਤਾ ਗਿਆ ਸੀ।ਬੁਲਾਰਿਆਂ ਨੇ ਹਕੂਮਤ ਖਿਲਾਫ ਚੱਲੀਆਂ ਲੋਕ ਮੁਕਤੀ ਦੀਆਂ ਲਹਿਰਾਂ ਅਤੇ ਸੰਘਰਸ਼ ਵਿੱਚ ਆਪਾ ਵਾਰਨ ਵਾਲੇ, ਬ੍ਰਿਟਿਸ਼ ਸ਼ਸਤੀ ਤੋਂ ਮੁਕਤੀ ਤੇ ਪਰਜਾਮੰਡਲ ਲਹਿਰ ਵਿੱਚ ਅਪਣਾ ਵੱਡਾ ਯੋਗਦਾਨ ਪਾਉਣ ਵਾਲੇ ਤੇ ਬਰਤਾਨਵੀ ਹਕੂਮਤ ਦੇ ਅੰਨ੍ਹੇ ਜ਼ੁਲਮ ਦਾ ਸ਼ਿਕਾਰ ਹੁੰਦੇ ਹੋਏ।ਇਸ ਮੌਕੇ ਦੇਸ਼ ਭਗਤ ਯਾਦਗਾਰ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਨੇ ਉਨ੍ਹਾਂ ਦੇ ਜੀਵਨ ਤੇ ਉਨ੍ਹਾਂ ਦੀ ਜੀਵਨ ਸਾਥਣ ਮਾਤਾ ਧਰਮ ਕੌਰ ਦੀ ਕੁਰਬਾਨੀ 'ਤੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਹਾਜ਼ਰ ਸਟਾਫ ਨੂੰ ਉਨ੍ਹਾਂ ਦੀ ਲੋਕਪੱਖੀ ਸੋਚ 'ਤੇ ਚੱਲਣ ਅਤੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਕਾਰਜ ਕਰਨ ਲਈ ਅੱਗੇ ਆਉਣ ਦਾ ਸੁਨੇਹਾ ਦਿੱਤਾ।ਸਕੂਲ ਪ੍ਰਿੰਸੀਪਲ ਕਰਮ ਕੌਰ ਵੱਲੋਂ ਪਧਾਰੇ ਸੱਜਣਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ, ਜਦਕਿ ਮੈਡਮ ਸ਼ਿਵਦਰਸ਼ਨ ਕੌਰ ਵੱਲੋਂ ਸਟੇਜ ਸੰਚਾਲਨ ਕੀਤਾ ਗਿਆ।ਸਕੂਲ ਲਈ ਪਰਵਾਰ ਵੱਲੋਂ ਸ਼ਹੀਦ ਭਗਵਾਨ ਸਿੰਘ ਤੇ ਮਾਤਾ ਧਰਮ ਕੌਰ ਦੇ ਵੱਡ ਅਕਾਰੀ ਚਿੱਤਰ ਵੀ ਭੇਂਟ ਕੀਤੇ ਗਏ।ਇਸ ਮੌਕੇ ਸ਼ਹੀਦ ਭਗਵਾਨ ਸਿੰਘ ਦੀ ਪੋਤਰੀ ਬੀਬੀ ਸਮਿੰਦਰ ਕੌਰ, ਦੋਹਤਾ ਰਘਵੀਰ ਸਿੰਘ ਪੰਧੀ, ਦੇਸ਼ ਭਗਤ ਯਾਦਗਾਰ ਦੇ ਗੁਰਮੇਲ ਸਿੰਘ, ਕੇਵਲ ਸਿੰਘ, ਗੁਰਚਰਨ ਸਿੰਘ, ਮਾ. ਬੀਰਬਲ ਸਿੰਘ, ਸਮਾਜ ਸੇਵੀ ਗੋਬਿੰਦ ਸਿੰਘ ਗਿੱਲ, ਕਿਸਾਨ ਆਗੂ ਭੋਲਾ ਸਿੰਘ ਬੁੱਟਰ ਤੋਂ ਇਲਾਵਾ ਸਮੂਹ ਅਧਿਆਪਕ ਤੇ ਪਤਵੰਤੇ ਹਾਜ਼ਰ ਸਨ।

## ਪ੍ਰਵਾਸੀ ਮਜ਼ਦੂਰਾਂ ਵੱਲੋਂ ਹੁਸ਼ਿਆਰਪੁਰ ਘਟਨਾ ਦੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ



**ਜਗਰਾਉਂ (ਨਛੱਤਰ ਸੰਧੂ)**-ਸਰਸਵਤੀ ਪੂਜਣ ਮੌਕੇ ਇਕੱਤਰ ਹੋਏ ਵੱਡੀ ਗਿਣਤੀ ਪ੍ਰਵਾਸੀ ਮਜ਼ਦੂਰਾਂ ਨੇ ਹੁਸ਼ਿਆਰਪੁਰ ਦੇ ਪਿੰਡ 'ਚ ਇੱਕ ਮਾਸੂਮ ਬੱਚੇ ਦੀ ਹੱਤਿਆ ਦੀ ਤਿੱਖੀ ਨਿੰਦਾ ਕਰਦਿਆਂ ਦੋਸ਼ੀ ਨੂੰ ਫਾਸਟ ਟਰੈਕ ਕੋਰਟ ਰਾਹੀਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ।ਮਾਰਬਲ ਮਜ਼ਦੂਰ ਯੂਨੀਅਨ ਦੇ ਆਗੂਆਂ ਨਵਲ ਕਿਸ਼ੋਰ, ਮੁਕੇਸ਼ ਕੁਮਾਰ, ਵਿਨੋਦ ਕੁਮਾਰ, ਮਹਾਤਮ ਸਿੰਘ ਦੀ ਅਗਵਾਈ 'ਚ ਹੋਈ ਮੀਟਿੰਗ 'ਚ ਇਸ ਘਟਨਾ 'ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਪੰਜਾਬੀ ਭਾਈਚਾਰੇ ਨੂੰ ਨਫ਼ਰਤੀ ਭੇੜ ਤੋਂ ਬਚਣ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਅਸੀਂ ਵਰ੍ਹਿਆਂ ਤੋਂ ਪੰਜਾਬੀ ਭਾਈਚਾਰੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੇਤੀ, ਡੇਅਰੀ, ਪੋਲਟਰੀ ਤੇ ਸਨਅਤ ਦਾ ਆਧਾਰ ਬਣਾ ਕੇ ਪੰਜਾਬ ਦੀ ਆਰਥਿਕਤਾ ਦੇ ਹਿੱਸੇ ਹਾਂ ਤੇ ਭਵਨ ਉਸਾਰੀ ਦੇ ਹਿੱਸੇ ਬਣੇ ਹਾਂ, ਪੰਜਾਬੀ ਸਮਾਜ ਦਾ ਅਟੁੱਟ ਹਿੱਸਾ ਬਣ ਚੁੱਕੇ ਹਾਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਵੱਡੀ ਗਿਣਤੀ ਪੰਜਾਬੀ, ਯੂਪੀ, ਬਿਹਾਰ 'ਚ ਕਾਰੋਬਾਰ ਕਰਦੇ ਬਿਹਾਰ ਤੇ ਹੋਰ ਸੂਬਿਆਂ ਦਾ ਸਮਾਜਿਕ ਭਾਈਚਾਰੇ ਦਾ ਪੱਕਾ ਹਿੱਸਾ ਬਣ ਚੁੱਕੇ ਹਨ। ਇਸ ਸਮੇਂ ਸਮੂਹ ਮਜ਼ਦੂਰਾਂ ਨੇ ਪੰਜਾਬ ਦੇ ਹੜ੍ਹ ਪੀੜਤ ਪਰਵਾਰਾਂ ਲਈ ਚੰਦਾ ਇਕੱਠਾ ਕਰਕੇ ਯੋਗ ਸਹਾਇਤਾ ਕਿਸਾਨ ਜਥੇਬੰਦੀਆਂ ਰਾਹੀਂ ਭੇਜਣ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ।

## ਹੜ੍ਹ ਪ੍ਰਭਾਵਤ ਲੋਕਾਂ ਨੂੰ ਵੰਡੀ ਰਾਹਤ ਸਮੱਗਰੀ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਜਿੱਥੇ ਕਈ ਪਿੰਡਾਂ ਦੇ ਲੋਕ ਇਸ ਹੜ੍ਹਾਂ ਦੀ ਮਾਰ ਹੇਠ ਆਏ ਹਨ ਤੇ ਕਈ ਲੋਕ ਘਰੋਂ ਬੇਘਰ ਹੋ ਗਏ ਹਨ। ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਪੰਜਾਬ ਦੇ ਕਈ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਪੰਜਾਬ ਐਂਡ ਸਿੰਧ ਬੈਂਕ ਦੇ ਵੱਲੋਂ ਵੀ ਇਹਨਾਂ ਲੋਕਾਂ ਨੂੰ ਰਾਹਤ ਸਮਗਰੀ ਵੰਡਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਉਸੇ ਦੇ ਤਹਿਤ ਗੁਰੂ ਹਰ ਸਹਾਏ ਸ਼ਹਿਰ ਦੇ ਨਾਲ ਲੱਗਦੇ ਪਿੰਡ ਢੁੱਡ ਦੇ ਨੇੜ੍ਹਵਾਲਾ ਵਿਖੇ ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਮੈਨੇਜਰ ਸ਼ੀਤਲ ਮਹਾਜਨ ਵੱਲੋਂ ਹੜ੍ਹ ਦੇ ਨਾਲ ਪੀੜਤ 30 ਗਰੀਬ ਪਰਵਾਰਾਂ ਦੇ ਮੈਂਬਰਾਂ ਨੂੰ ਰਾਸ਼ਨ ਸਮੱਗਰੀ ਵੰਡੀ ਗਈ। ਸ਼ੀਤਲ ਮਹਾਜਨ ਨੇ ਦੱਸਿਆ ਕਿ ਪੰਜਾਬ 'ਚ ਆਏ ਹੜ੍ਹਾਂ ਕਾਰਨ ਅਨੇਕਾਂ ਲੋਕ ਘਰੋਂ ਬੇਘਰ ਹੋ ਗਏ ਹਨ। ਇਨ੍ਹਾਂ ਲੋਕਾਂ ਦੀ ਮਦਦ ਕਰਨ ਦੇ ਲਈ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਵੀ ਇੱਕ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ, ਜਿਸ ਦੇ ਤਹਿਤ ਉਹਨਾਂ ਵੱਲੋਂ ਪਿੰਡ ਢੁੱਡ ਦੇ ਨੇੜ੍ਹਵਾਲਾ ਜਾ ਕੇ ਹੜ੍ਹਾਂ ਦੇ ਨਾਲ ਪੀੜਤ ਲੋਕਾਂ ਨੂੰ ਰਾਹਤ ਸਮੱਗਰੀ ਦਿੱਤੀ ਗਈ, ਜਿਸ ਦੇ ਨਾਲ ਇਹ ਲੋਕ ਆਪਣੇ ਘਰ ਦਾ ਗੁਜ਼ਾਰਾ ਕਰ ਸਕਣ। ਉਨ੍ਹਾਂ ਨਾਲ ਪੰਜਾਬ ਐਂਡ ਸਿੰਧ ਬੈਂਕ ਗੁਰੂ ਹਰਸਹਾਏ ਤੇ ਪੰਜੇ ਕੇ ਉਤਾੜ ਦੇ ਸਮੂਹ ਕਰਮਚਾਰੀ ਵੀ ਹਾਜ਼ਰ ਸਨ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਨਮ ਦਿਨ ਮਨਾਇਆ



**ਬਠਿੰਡਾ (ਰਾਜੀਵ ਗੋਇਲ)**-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਨੂੰ ਲੈ ਕੇ ਜਿੱਥੇ ਸੂਬੇ ਦੇ ਵੱਡੇ ਆਗੂਆਂ ਵੱਲੋਂ ਸ਼ੁਭਕਾਮਨਾਵਾਂ ਦੇ ਸੰਦੇਸ਼ ਭੇਜੇ ਗਏ, ਉੱਥੇ ਭਾਜਪਾ ਆਗੂਆਂ ਤੇ ਵਰਕਰਾਂ 'ਚ ਵੀ ਖੁਸ਼ੀ ਦਿਖਾਈ ਦੇ ਰਹੀ ਸੀ ਤੇ ਇਸੇ ਹੀ ਲੜੀ ਤਹਿਤ ਕਸਬਾ ਭਗਤਾ ਭਾਈ ਕਾ ਵਿਖੇ ਸਾਬਕਾ ਪ੍ਰਧਾਨ ਗੁਰਚਿੰਦਰ ਭਗਤਾ ਦੇ ਗ੍ਰਹਿ ਵਿਖੇ ਇਕੱਤਰ ਹੋਏ ਭਾਜਪਾਈਆਂ ਵੱਲੋਂ ਨਰਿੰਦਰ ਮੋਦੀ ਦਾ ਜਨਮ ਦਿਹਾੜਾ ਮਨਾਇਆ ਗਿਆ ਤੇ ਲੱਡੂ ਵੰਡ ਕੇ ਆਪਣੀ ਖੁਸ਼ੀ ਜ਼ਾਹਰ ਕੀਤੀ ਗਈ। ਗੁਰਚਿੰਦਰ ਭਗਤਾ ਤੇ ਬਲਵੰਤ ਕੁਮਾਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 75ਵਾਂ ਜਨਮ ਦਿਹਾੜਾ ਮਨਾਇਆ ਗਿਆ ਹੈ। ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਲਈ ਕੇਂਦਰੀ ਸਰਕਾਰ ਵੱਲੋਂ ਐਲਾਨ ਕੀਤੇ ਗਏ ਪੈਕੇਜ ਨੂੰ ਲੈ ਕੇ ਮੋਦੀ ਦਾ ਧੰਨਵਾਦ ਵੀ ਕੀਤਾ ਗਿਆ ਹੈ।

## ਮਾਊਂਟ ਲਿਟਰਾ ਜ਼ੀ ਸਕੂਲ ਦੀ ਕ੍ਰਿਕਟ ਟੀਮ ਨੇ ਸੋਨਾ ਜਿੱਤਿਆ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਮਾਊਂਟ ਲਿਟਰਾ ਜ਼ੀ ਸਕੂਲ ਨੂੰ ਮਾਣ ਹੈ ਕਿ ਇਸ ਦੀ ਅੰਡਰ-14 ਲੜਕਿਆਂ ਦੀ ਕ੍ਰਿਕਟ ਟੀਮ ਨੇ ਜ਼ਿਲ੍ਹਾ ਪੱਧਰੀ ਇੰਟਰ-ਸਕੂਲ ਕ੍ਰਿਕਟ ਟੂਰਨਾਮੈਂਟ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਰਾਜ ਪੱਧਰੀ ਮੁਕਾਬਲੇ ਲਈ ਯੋਗਤਾ ਪ੍ਰਾਪਤ ਕੀਤੀ ਹੈ।ਗੁਰੂ ਹਰਿਗੋਬਿੰਦ ਸਕੂਲ, ਭਾਣਾ ਵਿਰੁੱਧ ਮਹੱਤਵਪੂਰਨ 8 ਓਵਰਾਂ ਦੇ ਮੈਚ ਵਿੱਚ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 73 ਦੌੜਾਂ ਬਣਾਈਆਂ।ਮੁਕਾਬਲੇ ਦੀ ਟੀਮ ਸਿਰਫ 47 ਦੌੜਾਂ ਤੇ 4 ਵਿਕਟਾਂ ਹੀ ਹਾਸਲ ਕਰ ਸਕੀ, ਜਿਸ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ।ਟੀਮ ਦੇ ਕਪਤਾਨ ਅਰਾਵ ਸੰਧੂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਉਸ ਨੇ 26 ਦੌੜਾਂ, 1 ਵਿਕਟ ਹਾਸਲ ਕੀਤੀ ਤੇ ਮੈਨ ਆਫ ਦ ਮੈਚ ਐਲਾਨ ਹੋਇਆ।ਹਰਕੀਰਤ ਸਿੰਘ ਨੇ ਬੇਹਤਰੀਨ ਗੇਂਦਬਾਜ਼ੀ ਕਰਦੇ ਹੋਏ 2 ਵਿਕਟਾਂ ਹਾਸਲ ਕੀਤੀਆਂ।ਸਕੂਲ ਦੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਮਿਹਨਤ ਤੇ ਸਪੋਰਟਸ ਟੀਚਰ ਸ਼੍ਰੀ ਮਨਦੀਪ ਕੁਮਾਰ ਦੀ ਸਹੀ ਰਹਿਨੁਮਾਈ ਦਾ ਨਤੀਜਾ ਹੈ।

## ਕੁੱਲ ਹਿੰਦ ਕਿਸਾਨ ਸਭਾ ਵੱਲੋਂ ਝੋਨੇ ਦੀ ਫਸਲ ਬੌਣੇ ਵਾਇਰਸ ਦੀ ਚਪੇਟ 'ਚ ਆਉਣ ਵਾਲੇ ਖੇਤਾਂ ਦਾ ਦੌਰਾ

**ਸਰਕਾਰ ਨੂੰ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਣ ਦੀ ਮੰਗ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਪ੍ਰਧਾਨ ਨਿੱਕਾ ਸਿੰਘ ਖੇੜਾ ਦੀ ਅਗਵਾਈ ਹੇਠ ਬੇਟ ਖੇਤਰ ਵਿੱਚ ਝੋਨੇ ਦੀ ਫਸਲ ਬੌਣੇ ਵਾਇਰਸ ਦੀ ਚਪੇਟ ਵਿੱਚ ਆਉਣ ਵਾਲੇ ਖੇਤਾਂ ਦਾ ਦੌਰਾ ਕੀਤਾ ਗਿਆ। ਪ੍ਰਧਾਨ ਖੇੜਾ ਨੇ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਨੇ ਝੋਨੇ ਦਾ ਬੀਜ ਪੀ.ਬੀ. 131 ਤੇ 128 ਦੀ ਕਾਸ਼ਤ ਕੀਤੀ ਸੀ, ਉਹ ਬੌਣੇ ਵਾਇਰਸ ਦੀ ਚਪੇਟ ਵਿੱਚ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਝੋਨੇ ਦਾ ਪੌਦਾ ਵਧਣ ਫੁੱਲਣ ਦੀ ਬਜਾਏ ਬੌਣਾ ਰਹਿ ਗਿਆ ਹੈ ਅਤੇ ਇਸ ਦਾ ਸਿੱਟਾ ਵੀ ਛੋਟਾ-ਛੋਟਾ ਨਿੱਕਲ ਰਿਹਾ ਹੈ। ਹੋਰ ਤਾਂ ਹੋਰ ਇਸ ਦੇ ਸਿੱਟੇ ਵਿੱਚ ਦਾਣਾ ਵੀ ਨਹੀਂ ਬਣ ਰਿਹਾ, ਜਿਸ ਕਾਰਨ ਇਸ ਫਸਲ ਦਾ ਝਾੜ ਬੇਹੱਦ ਘੱਟ ਨਿਕਲੇਗਾ। ਮਾਛੀਵਾੜਾ ਬੇਟ ਖੇਤਰ ਦੇ ਪਿੰਡ ਬੁੱਲੇਵਾਲ ਦੇ ਕਿਸਾਨ ਮਨਪ੍ਰੀਤ ਮੰਨਾ ਦੀ 2 ਏਕੜ, ਦਵਿੰਦਰ ਸਿੰਘ ਦੀ 2 ਏਕੜ, ਲੱਖੋਵਾਲ ਦੀ ਸਰਬਜੀਤ ਕੌਰ ਦੀ 3 ਏਕੜ, ਮਾਛੀਵਾੜਾ ਦੇ ਰਾਜ ਸਿੰਘ ਦੀ 4 ਏਕੜ, ਹਰਵਿੰਦਰ ਸਿੰਘ ਦੀ 8 ਏਕੜ, ਸੁਖਦੇਵ ਸਿੰਘ ਦੀ 2 ਏਕੜ, ਲੁਬਾਣਗੜ੍ਹ ਦੇ ਬਲਵਿੰਦਰ ਸਿੰਘ ਦੀ 2 ਏਕੜ, ਪਿੰਡ ਸ਼ੇਰਗੜ੍ਹ ਦੇ ਰਛਪਾਲ ਸਿੰਘ ਦੀ 5 ਏਕੜ, ਗੁਰਮੇਲ ਸਿੰਘ ਦੀ 6 ਏਕੜ, ਸੁਖਵਿੰਦਰ ਸਿੰਘ 3 ਏਕੜ, ਸੱਜਣ ਸਿੰਘ ਦੀ 6 ਏਕੜ, ਉਧੋਵਾਲ ਕਲਾਂ ਦੇ ਹਰਜੀਤ ਸਿੰਘ ਦੀ 5 ਏਕੜ, ਮਨਜੀਤ ਸਿੰਘ ਦੀ 5 ਏਕੜ, ਜੱਸੋਵਾਲ ਦੇ ਅੰਮ੍ਰਿਤਪਾਲ ਸਿੰਘ ਗਰਚਾ ਦੀ 3 ਏਕੜ, ਜਰਨੈਲ ਸਿੰਘ ਦੀ 3 ਏਕੜ, ਟਾਂਡਾ ਕੁਸ਼ਲ ਸਿੰਘ ਦੇ ਸੋਹਣ ਸਿੰਘ ਦੀ 11 ਏਕੜ, ਦਿਆਲ ਸਿੰਘ ਦੀ 11 ਏਕੜ ਜ਼ਮੀਨ, ਪਿੰਡ ਈਸਾਪੁਰ ਦੇ ਪਰਮਜੀਤ ਸਿੰਘ 7 ਏਕੜ ਜ਼ਮੀਨ ਇਸ ਵਾਇਰਸ ਦੀ ਚਪੇਟ ਵਿੱਚ ਆਈ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਪਿੰਡਾਂ ਵਿੱਚ ਝੋਨੇ ਦੀ ਫਸਲ ਨੂੰ ਬੌਣੇ ਵਾਇਰਸ ਨੇ ਆਪਣੀ ਚਪੇਟ ਵਿੱਚ ਲੈ ਲਿਆ ਹੈ, ਜਿਸ ਕਾਰਨ ਕਿਸਾਨਾਂ ਵੱਲੋਂ ਮਹਿੰਗੀਆਂ ਕੀਟਨਾਸ਼ਕ ਦਵਾਈਆਂ ਵੀ ਵਰਤੀਆਂ ਜਾ ਰਹੀਆਂ ਹਨ, ਪਰ ਇਸ ਦਾ ਕੋਈ ਵੀ ਅਸਰ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਇਸ ਬੀਮਾਰੀ ਦੀ ਚਪੇਟ ਵਿੱਚ ਆਏ ਖੇਤਾਂ ਦੀ ਵਿਸ਼ੇਸ਼ ਗਿਰਦਾਵਰੀ ਕਰਵਾਏ ਤਾਂ ਜੋ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਮਿਲ ਸਕੇ। ਇਸ ਮੌਕੇ ਦੌਰਾ ਕਰਨ ਵਾਲੀ ਟੀਮ 'ਚ ਸਕੱਤਰ ਪ੍ਰਕਾਸ਼ ਸਿੰਘ ਉਧੋਵਾਲ, ਖਜ਼ਾਨਚੀ ਹਰਦੇਵ ਸਿੰਘ ਬਾਗ, ਸ਼ਾਮ ਸਿੰਘ ਰੁੜੇਵਾਲ, ਅਸ਼ੋਕ ਖੇੜਾ, ਬਲਜੀਤ ਸਿੰਘ, ਸਰਪੰਚ ਰਜਿੰਦਰ ਸਿੰਘ ਖੇੜਾ, ਵਰਿੰਦਰ ਸਿੰਘ, ਬਖਸ਼ੀਸ਼ ਸਿੰਘ ਲੱਖੋਵਾਲ, ਜਸਵਿੰਦਰ ਸਿੰਘ ਉਧੋਵਾਲ, ਸੁਖਵਿੰਦਰ ਸਿੰਘ ਬੁੱਲੇਵਾਲ, ਬਲਕਾਰ ਸਿੰਘ ਜੁਲਫ਼ਗੜ੍ਹ ਮੌਜੂਦ ਸਨ।

## 23 ਤੱਕ ਚੱਲੇਗਾ ਪੋਸ਼ਣ ਹਫ਼ਤਾ

**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਵਿਖੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਕਾਲਜ ਦੇ ਗ੍ਰਹਿ ਵਿਗਿਆਨ ਵਿਭਾਗ ਦੁਆਰਾ 15 ਤੋਂ 23 ਸਤੰਬਰ ਤੱਕ ਪੋਸ਼ਣ ਹਫ਼ਤਾ ਮਨਾਇਆ ਜਾ ਰਿਹਾ ਹੈ, ਜਿਸਦਾ ਥੀਮ ਬਿਹਤਰ ਜ਼ਿੰਦਗੀ ਲਈ ਸਹੀ ਖਾਉ ਰੱਖਿਆ ਗਿਆ ਹੈ।ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਨੂੰ ਇਸ ਹਫ਼ਤੇ ਦੌਰਾਨ ਪੰਜਾਬ ਤੋਂ ਬਾਹਰ ਲੱਗਦੇ ਰਾਜਾਂ ਵਿੱਚ ਬਣਦੇ ਖਾਣਿਆਂ ਨੂੰ ਬਣਾਉਣਾ ਸਿਖਾਇਆ ਜਾ ਰਿਹਾ ਹੈ, ਜਿਸ ਵਿੱਚ ਗੁਜਰਾਤ, ਮਹਾਂਰਾਸ਼ਟਰ, ਬੰਗਾਲ, ਬਿਹਾਰ, ਰਾਜਸਥਾਨ ਤੇ ਦੱਖਣੀ ਭਾਰਤ ਦੇ ਖਾਣੇ ਸ਼ਾਮਲ ਹਨ।ਇਨ੍ਹਾਂ ਖਾਣਿਆਂ ਨੂੰ ਸਿਖਾਉਣ ਲਈ ਵਿਦਿਆਰਥੀਆਂ ਦੇ ਸਾਕ-ਸੰਬੰਧੀਆਂ ਨੂੰ ਵੀ ਰਿਸੋਰਸ ਪਰਸਨ ਦੇ ਰੂਪ ਵਜੋਂ ਬੁਲਾਇਆ ਜਾ ਰਿਹਾ ਹੈ, ਜੋ ਉਨ੍ਹਾਂ ਨੂੰ ਵੱਖ-ਵੱਖ ਵੰਨਗੀਆਂ ਦੇ ਖਾਣੇ ਬਣਾਉਣੇ ਸਿਖਾ ਰਹੇ ਹਨ।ਇਸੇ ਤਹਿਤ ਚੌਥੇ ਦਿਨ ਵਿਦਿਆਰਥੀਆਂ ਦੁਆਰਾ ਰਾਜਸਥਾਨੀ ਥਾਲ਼ੀ ਤਿਆਰ ਕੀਤੀ ਗਈ, ਜਿਸ ਵਿੱਚ ਪੰਚਰਤਨ ਦਾਲ ਬਾਟੀ ਚੂਰਮਾ, ਗੱਟੇ ਦੀ ਸਬਜ਼ੀ, ਬਾਜਰੇ ਦੀ ਰੋਟੀ ਤੇ ਮਿਰਚੀ ਕੁੱਟਾ ਆਦਿ ਰਾਜਸਥਾਨੀ ਰਵਾਇਤੀ ਪਕਵਾਨ ਤਿਆਰ ਕੀਤੇ ਗਏ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਾ ਸਿਰਫ਼ ਖਾਣੇ ਬਣਾਉਣ ਦੇ ਸਿਹਤਮੰਦ ਤਰੀਕਿਆਂ ਬਾਰੇ ਜਾਣਕਾਰੀ ਦੇਣਾ ਹੈ ਬਲਕਿ ਵੱਖ-ਵੱਖ ਰਾਜਾਂ ਵਿੱਚ ਬਣਦੇ ਖਾਣਿਆਂ ਬਾਰੇ ਗਿਆਨ ਹਾਸਲ ਕਰਕੇ ਅੰਤਰ ਸੱਭਿਆਚਾਰਕ ਸਾਂਝ ਨੂੰ ਉਜਾਗਰ ਕਰਨਾ ਵੀ ਹੈ।ਮੁੱਖ ਮਹਿਮਾਨ ਵਜੋਂ ਜੋਗਾ ਸਿੰਘ (ਮੈਨੇਜਰ, ਗੁਰਦੁਆਰਾ ਮੰਜੀ ਸਾਹਿਬ ਕੋਟਾਂ) ਨੇ ਸ਼ਿਰਕਤ ਕੀਤੀ।ਉਨ੍ਹਾਂ ਨਾਲ ਰਜਿੰਦਰ ਸਿੰਘ ਵੀ ਹਾਜ਼ਰ ਸਨ।

## ਪੰਜਾਬ ਬੈਲਰ ਯੂਨੀਅਨ ਦੇ ਪ੍ਰਧਾਨ ਦੀ ਰਹਿਨੁਮਾਈ ਹੇਠ ਬੈਲਰ ਚਾਲਕਾਂ ਦੀ ਮੀਟਿੰਗ

**ਫ਼ਾਜ਼ਿਲਕਾ (ਪਰਮਜੀਤ ਢਾਬਾਂ)**

ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਵਾਢੀ ਦਾ ਸੀਜ਼ਨ ਹੈ ਅਤੇ ਝੋਨੇ ਦੀ ਪਰਾਲੀ ਸੂਬਾ ਸਰਕਾਰ ਦੇ ਨਾਲ ਨਾਲ ਕੇਂਦਰ ਸਰਕਾਰ ਦੇ ਵੀ ਗਲੇ ਦੀ ਹੱਡੀ ਬਣ ਜਾਂਦੀ ਹੈ, ਕਿਉਂਕਿ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਜਾਂਦੀ ਹੈ, ਜਿਸ 'ਤੇ ਕਾਬੂ ਪਾਉਣ ਲਈ ਬੈਲਰਾ ਚਾਲਕਾਂ ਵੱਲੋਂ ਪਰਾਲੀ ਦੀਆਂ ਗੱਠਾਂ ਬਣਾਈਆਂ ਜਾਂਦੀਆਂ ਹਨ ਤੇ ਨਿੱਜੀ ਫੈਕਟਰੀਆਂ ਨੂੰ ਬੋਇਲਰਾਂ ਵਿੱਚ ਬਾਲਣ ਲਈ ਇਹ ਗੱਠਾਂ ਵੇਚੀਆਂ ਜਾਂਦੀਆਂ ਹਨ, ਪਰ ਇਸ ਵਾਰ ਬੈਲਰ ਮਾਲਕ ਦੇ ਨਾਲ ਨਿੱਜੀ ਫੈਕਟਰੀ ਮਾਲਕਾਂ ਵੱਲੋਂ ਪੰਜਾਬ ਵਿੱਚ ਰੇਟ ਤੈਅ ਨਾ ਹੋਣ ਕਾਰਨ ਪੰਜਾਬ ਭਰ ਦੀਆਂ ਯੂਨੀਅਨਾਂ ਵੱਲੋਂ ਬੈਲਰ ਨਾ ਚਲਾਉਣ ਦੇ ਫ਼ੈਸਲੇ ਕੀਤੇ ਗਏ ਹਨ।ਜੇਕਰ ਬੈਲਰ ਚਾਲਕਾਂ ਅਤੇ ਨਿੱਜੀ ਫੈਕਟਰੀਆਂ ਵਿਚਾਲੇ ਇਹ ਰੇੜਕਾ ਚਲਦਾ ਰਿਹਾ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦਾ ਅਸਮਾਨ ਧੂੰਏਂ ਨਾਲ ਭਰਿਆ ਹੋਵੇਗਾ, ਜਿਸ ਤਹਿਤ ਬੈਲਰ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਫਾਜ਼ਿਲਕਾ ਦੇ ਪਿੰਡ ਬੇਗਾਂਵਾਲੀ ਸਥਿਤ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਪੰਜਾਬ ਦੇ ਪ੍ਰਧਾਨ ਬਲਵਿੰਦਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਮੀਟਿੰਗ ਵਿੱਚ ਨਿੱਜੀ ਫੈਕਟਰੀਆਂ ਵੱਲੋਂ ਬੈਲਰ ਚਾਲਕਾਂ ਨਾਲ ਕੀਤੇ ਜਾ ਰਹੇ ਸੋਸ਼ਣ ਬਾਰੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ।ਮੀਟਿੰਗ ਦੀ ਸ਼ੁਰੂਆਤ ਕਰਨ ਮੌਕੇ ਯੂਨਿਅਨ ਦੇ ਬੁਲਾਰੇ ਸਰਪੰਚ ਸੁਨੀਲ ਕੁਮਾਰ ਤੇ ਸਾਰਜ ਸਿੰਘ ਨੇ ਦੱਸਿਆ ਕਿ ਪਿਛਲੀ ਵਾਰ ਵੀ ਬੈਲਰ ਚਾਲਕਾਂ ਦਾ ਨਿੱਜੀ ਫੈਕਟਰੀਆਂ ਵੱਲੋਂ ਕਰੀਬ 14 ਤੋਂ 15 ਰੁਪਏ ਦਾ ਆਰਥਿਕ ਤੌਰ 'ਤੇ ਸੋਸ਼ਣ ਕੀਤਾ ਗਿਆ ਸੀ, ਜੋ ਇਸ ਵਾਰ ਵੀ ਕੀਤਾ ਜਾ ਰਿਹਾ ਹੈ, ਜੋ ਉਨ੍ਹਾਂ ਦੀ ਯੂਨੀਅਨ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਜਦੋਂ ਤੱਕ ਫੈਕਟਰੀਆਂ ਵੱਲੋਂ ਪੰਜਾਬ ਦੇ ਬਰਾਬਰ ਰੇਟ ਫਾਜ਼ਿਲਕਾ ਦੇ ਬੈਲਰ ਚਾਲਕਾਂ ਨੂੰ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਬੈਲਰ ਨਾ ਹੀ ਚਲਾਏ ਜਾਣਗੇ, ਨਾ ਹੀ ਕੋਈ ਬੈਲਰ ਚੱਲਣ ਦਿੱਤਾ ਜਾਵੇਗਾ।ਇਸ ਤੋਂ ਬਾਅਦ ਪੰਜਾਬ ਬੈਲਰ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਸਿੰਘ ਐਮ.ਡੀ ਨੇ ਕਿਹਾ ਕਿ ਪੰਜਾਬ ਬੈਲਰ ਯੂਨੀਅਨ ਫ਼ਾਜ਼ਿਲਕਾ ਬੈਲਰ ਯੂਨੀਅਨ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ।ਜੇਕਰ ਇਸ ਵਾਰ ਵੀ ਨਿੱਜੀ ਫੈਕਟਰੀਆਂ ਵੱਲੋਂ ਫ਼ਾਜ਼ਿਲਕਾ ਬੈਲਰ ਚਾਲਕਾਂ ਦਾ ਸੋਸ਼ਣ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਡੰਪਾਂ ਤੇ ਝੋਨੇ ਦੀ ਪਰਾਲੀ ਦੀਆ ਗੱਠਾਂ ਨਹੀਂ ਦੇਣ ਦਿੱਤੀਆਂ ਜਾਣਗੀਆਂ।ਇਸ ਮੌਕੇ ਫ਼ਾਜ਼ਿਲਕਾ ਨੇੜੇ ਪੈਂਦੇ ਪਿੰਡ ਘੱਲੂ ਵਿੱਚ ਇੱਕ ਨਿੱਜੀ ਫੈਕਟਰੀ ਵੱਲੋਂ ਲਾਏ ਗਏ ਡੰਪ ਤੇ ਕੁੱਝ ਬੈਲਰ ਚਾਲਕਾਂ ਵੱਲੋਂ ਘੱਟ ਰੇਟ ਉੱਪਰ 'ਤੇ ਹੋਏ ਪਰਾਲੀ ਦੀਆਂ ਗੱਠਾਂ ਦੇਣ ਦੇ ਆਪਣੇ ਐਗਰੀਮੈਂਟ ਕੈਂਸਲ ਵੀ ਕਰਾਏ ਗਏ ਹਨ।

## ਨਨਕਾਣਾ ਸਾਹਿਬ ਜਾਣ ਵਾਲੇ ਜਥੇ 'ਤੇ ਰੋਕ ਲਗਾਉਣ ਦੀ ਲਿਬਰੇਸ਼ਨ ਵੱਲੋਂ ਨਿਖੇਧੀ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ ਐੱਮ ਐੱਲ ਲਿਬਰੇਸ਼ਨ ਨੇ ਨਵੰਬਰ ਮਹੀਨੇ 'ਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਨਕਾਣਾ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਜਾਣ ਦੀ ਇਜਾਜ਼ਤ ਨਾ ਦੇਣ ਕਾਰਨ ਮੋਦੀ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਰੋਕ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰਾਰ ਦਿੱਤਾ ਹੈ।ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਤੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸਿੱਖ ਸ਼ਰਧਾਲੂਆਂ ਦੇ ਜਥੇ ਵੱਖ ਵੱਖ ਧਾਰਮਿਕ ਮੌਕਿਆਂ 'ਤੇ ਦਹਾਕਿਆਂ ਤੋਂ ਪਾਕਿਸਤਾਨ ਆਉਂਦੇ ਜਾਂਦੇ ਰਹੇ ਹਨ, ਪਰ ਅੱਜ ਤੱਕ ਉਥੇ ਉਨ੍ਹਾਂ ਨੂੰ ਕੋਈ ਖਤਰਾ ਹੋਣਾ ਤਾਂ ਦੂਰ ਰਿਹਾ, ਉਲਟਾ ਪਾਕਿ ਸਰਕਾਰ ਤੇ ਜਨਤਾ ਵੱਲੋਂ ਉਨ੍ਹਾਂ ਨੂੰ ਵੱਡਾ ਮਾਣ ਸਤਿਕਾਰ ਵੀ ਦਿੱਤਾ ਜਾਂਦਾ ਹੈ।ਇਸ ਲਈ ਕੇਂਦਰੀ ਖੇਡ ਰਾਜ ਮੰਤਰੀ ਨਿਖਿਲ ਖੜਸੇ ਦਾ ਇਹ ਬਿਆਨ ਕਿ ਜਥੇ ਨੂੰ ਇਸ ਕਰਕੇ ਰੋਕਿਆ ਗਿਆ ਹੈ ਕਿ ਮੋਦੀ ਸਰਕਾਰ ਸਿੱਖ ਭਰਾਵਾਂ ਨੂੰ ਪਾਕਿਸਤਾਨ ਭੇਜ ਕੇ ਉਨ੍ਹਾਂ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੁੰਦੀ, ਸਿਰੇ ਦੇ ਝੂਠ ਤੋਂ ਬਿਨਾਂ ਹੋਰ ਕੁਝ ਨਹੀਂ।ਸਿੱਖਾਂ ਤੋਂ ਇਲਾਵਾ ਹਿੰਦੂ ਤੀਰਥ ਯਾਤਰੀਆਂ ਦੇ ਜੱਥੇ ਵੀ ਕਟਾਸ ਰਾਜ ਦੇ ਪੁਰਾਤਨ ਮੰਦਰ ਦੀ ਯਾਤਰਾ ਲਈ ਜਾਂਦੇ ਰਹੇ ਹਨ, ਪਰ ਉਨ੍ਹਾਂ ਨਾਲ ਉਧਰ ਕਦੇ ਵੀ ਕਿਸੇ ਬਦਸਲੂਕੀ ਦੀ ਸ਼ਿਕਾਇਤ ਸਾਹਮਣੇ ਨਹੀਂ ਆਈ।ਬਿਆਨ ਵਿੱਚ ਮੰਗ ਕੀਤੀ ਗਈ ਹੈ ਕਿ ਨਾ ਸਿਰਫ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਇਜਾਜ਼ਤ ਦਿੱਤੀ ਜਾਵੇ, ਸਗੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਵੀ ਸਿੱਖ ਸੰਗਤਾਂ ਨੂੰ ਬੇਰੋਕ ਜਾਣ ਦੀ ਇਜਾਜ਼ਤ ਦਿੱਤੀ ਜਾਵੇ।

## ਟੈਗੋਰ ਵਿਦਿਆਲਿਆ ਦੇ ਬੱਚਿਆਂ ਨੇ ਰੱਸਾਕਸ਼ੀ 'ਚ ਦੂਜਾ ਸਥਾਨ ਕੀਤਾ ਹਾਸਲ



**ਲੌਂਗੋਵਾਲ (ਪ੍ਰਦੀਪ ਸੱਪਲ)**-ਜ਼ਿਲ੍ਹਾ ਪੱਧਰੀ ਰੱਸਾਕਸ਼ੀ ਅੰਡਰ-19 ਦੇ ਮੁਕਾਬਲਿਆਂ ਵਿੱਚੋਂ ਟੈਗੋਰ ਸਕੂਲ ਦੀਆਂ ਵਿਦਿਆਰਥਣਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਜਿਨ੍ਹਾਂ ਵਿੱਚੋਂ ਦੋ ਖਿਡਾਰਨਾਂ ਨਵਜੋਤ ਕੌਰ ਤੇ ਜੋਤੀ ਕੌਰ ਨੂੰ ਸਟੇਟ ਲਈ ਸਿਲੈਕਸ਼ਨ ਕੀਤਾ ਤੇ ਅੰਡਰ-14 ਵਿੱਚ ਜ਼ਿਲਾ ਪੱਧਰੀ ਰੱਸਾਕਸ਼ੀ ਮੁਕਾਬਲਿਆਂ ਵਿੱਚੋਂ ਰੁਕਸਾਨਾ ਤੇ ਜੀਨਤ ਦੀ ਸਟੇਟ ਲਈ ਸਿਲੈਕਸ਼ਨ ਹੋਈ।ਇਸ ਮੌਕੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਤੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਬੱਚਿਆਂ ਅਤੇ ਡੀ.ਪੀ.ਈ. ਗੁਰਪ੍ਰੀਤ ਸਿੰਘ, ਮੈਡਮ ਸੁਨੀਤਾ ਸ਼ਰਮਾ ਤੇ ਪਰਮਿੰਦਰ ਸਿੰਘ ਨੂੰ ਵਧਾਈਆਂ ਦਿੰਦੇ ਹੋਏ ਪ੍ਰਸੰਸਾ ਕੀਤੀ।

## ਸੰਗਠਨ ਸਿਰਜਣ ਮੁਹਿੰਮ ਦਾ ਮੁੱਖ ਮੰਤਵ ਕਾਂਗਰਸ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨਾ : ਵੀ ਪੀ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸੰਗਠਨ ਸਿਰਜਣ ਮੁਹਿੰਮ ਦੌਰਾਨ ਸਾਰੇ ਪੰਜਾਬ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਬਜ਼ਰਵਰਾਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਮੁਹਿੰਮ ਦੌਰਾਨ ਹਲਕਾ ਬਾਘਾ ਪੁਰਾਣਾ ਵਿਖੇ ਜਗਸੀਰ ਸਿੰਘ ਕਾਲੇਕੇ ਮੁੱਖ ਸੇਵਾਦਾਰ ਕਾਂਗਰਸ ਹਲਕਾ ਬਾਘਾ ਪੁਰਾਣਾ ਦੀ ਅਗਵਾਈ ਵਿਚ ਹੋਈ, ਜਿਸ ਵਿੱਚ ਸ਼੍ਰੀ ਵੀ.ਪੀ ਸਿੰਘ ਸੈਕਟਰੀ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ।ਮੀਟਿੰਗ 'ਚ ਪੀਪੀਸੀਸੀ ਦੇ ਅਬਜ਼ਰਵਰ ਮਨਜੀਤ ਸਿੰਘ ਹੰਬੜਾਂ, ਗੁਰਭੇਜ ਸਿੰਘ ਟਿੱਬੀ, ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਮੋਗਾ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਸਾਬਕਾ ਵਿਧਾਇਕ ਧਰਮਕੋਟ, ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਸੂਬੇਦਾਰ ਗੁਰਬਚਨ ਸਿੰਘ ਬਰਾੜ ਸ਼ਾਮਲ ਹੋਏ।ਬਾਘਾਪੁਰਾਣਾ ਪੁੱਜਣ 'ਤੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਵੱਲੋਂ ਸ਼੍ਰੀ ਵੀ.ਪੀ ਸਿੰਘ ਸੈਕਟਰੀ ਆਲ ਇੰਡੀਆ ਕਾਂਗਰਸ ਕਮੇਟੀ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਨੂੰ ਜੀ ਆਇਆਂ ਆਖਿਆ ਗਿਆ।ਵੱਡੀ ਗਿਣਤੀ 'ਚ ਹਾਜ਼ਰ ਹਲਕਾ ਬਾਘਾ ਪੁਰਾਣਾ ਦੇ ਪਿੰਡਾਂ ਦੇ ਪੰਚ/ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ/ਬਲਾਕ ਸੰਮਤੀ, ਬਲਾਕ ਪ੍ਰਧਾਨਾਂ ਤੇ ਐਮ.ਸੀ ਵਰਕਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਚਲਾਈ ਗਈ ਸੰਗਠਨ ਸਿਰਜਣ ਮੁਹਿੰਮ ਤਹਿਤ ਤੁਹਾਨੂੰ ਸੰਬੋਧਨ ਕੀਤਾ ਜਾ ਰਿਹਾ ਹੈ ਤਾਂ ਜੁ ਸਮੁੱਚੇ ਜ਼ਿਲ੍ਹੇ ਦੀਆਂ ਵੱਖ-ਵੱਖ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਦੀ ਗਰਾਊਂਡ ਲੈਵਲ ਦੀ ਰਿਪੋਰਟ ਹਾਈਕਮਾਂਡ ਨੂੰ ਭੇਜੀ ਜਾਵੇ ਤੇ ਇਸ ਰਿਪੋਰਟ ਅਨੁਸਾਰ ਜ਼ਿਲ੍ਹੇ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਰੱਖਣ ਵਾਲਾ ਨੇਤਾ ਮੋਗਾ ਜ਼ਿਲ੍ਹੇ ਨੂੰ ਮਿਲ ਸਕੇ, ਜਿਸ ਤਹਿਤ ਤੁਹਾਡੇ ਨਾਲ ਰੂਬਰੂ ਹੋਏ ਹਾਂ ਤਾਂ ਇਸ ਦੌਰਾਨ ਵੱਡੀ ਗਿਣਤੀ 'ਚ ਹਾਜ਼ਰ ਜਗਸੀਰ ਸਿੰਘ ਕਾਲੇਕੇ ਦੇ ਸਮਰਥਕਾਂ ਵੱਲੋਂ ਹਲਕਾ ਬਾਘਾ ਪੁਰਾਣਾ ਦੀ ਵਾਂਗਡੋਰ ਜਗਸੀਰ ਸਿੰਘ ਕਾਲੇਕੇ ਹੱਥਾਂ 'ਚ ਸੌਂਪਣ ਦੀ ਮੰਗ ਵੀ ਰੱਖੀ ਗਈ।

## ਮੁੱਖ ਮੰਤਰੀ ਰਾਹਤ ਫੰਡ ਲਈ 51 ਲੱਖ ਦਾ ਯੋਗਦਾਨ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਬਾਬਾ ਫਰੀਦ ਸੰਸਥਾਵਾਂ ਟਿੱਲਾ ਬਾਬਾ ਫਰੀਦ ਰੀਲੀਜ਼ੀਅਸ ਤੇ ਚੈਰੀਟੇਬਲ ਸੁਸਾਇਟੀ (ਰਜਿ) ਤੇ ਗੁਰਦੁਆਰਾ ਗੋਦੜੀ ਸਾਹਿਬ ਬਾਬਾ ਫਰੀਦ ਸੁਸਾਇਟੀ ਵੱਲੋਂ ਬਾਬਾ ਫਰੀਦ ਆਗਮਨ ਪੁਰਬ ਮੌਕੇ ਮੁੱਖ ਮੰਤਰੀ ਰਾਹਤ ਫੰਡ ਲਈ 51 ਲੱਖ ਦੀ ਰਾਸ਼ੀ ਤੇ 2 ਲੱਖ ਰੁਪਏ ਦੀ ਰਾਸ਼ੀ ਰੈੱਡ ਕਰਾਸ ਸੁਸਾਇਟੀ ਲਈ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੂੰ ਸੌਂਪੀ ਗਈ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕਿਹਾ ਕਿ ਸਮਾਜ ਪ੍ਰਤੀ ਜ਼ਿੰਮੇਵਾਰੀ ਦੇ ਸਿਧਾਂਤਾਂ 'ਤੇ ਚੱਲਦਿਆਂ ਸੰਸਥਾਵਾਂ ਵੱਲੋਂ ਇਸ ਪੁੰਨ ਦੇ ਕੰਮ ਲਈ ਉਚਿਤ ਯੋਗਦਾਨ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਇਹ ਯੋਗਦਾਨ ਇਸ ਗੱਲ ਦਾ ਪ੍ਰਤੀਕ ਹੈ ਕਿ ਬਾਬਾ ਫਰੀਦ ਵਿੱਦਿਅਕ ਤੇ ਧਾਰਮਿਕ ਸੁਸਾਇਟੀਆਂ ਹਮੇਸ਼ਾ ਹੀ ਗਰੀਬਾਂ, ਪੀੜਤਾਂ ਤੇ ਲੋੜਵੰਦਾਂ ਦੇ ਨਾਲ ਖੜੀਆਂ ਹਨ।ਇਹ ਸੰਸਥਾਵਾਂ ਨਿਸ਼ਕਾਮ ਸੇਵਾ, ਮਨੁੱਖਤਾ ਦੀ ਭਲਾਈ ਤੇ ਚੰਗੇ ਕੰਮਾਂ ਰਾਹੀਂ ਪ੍ਰਮਾਤਮਾ ਦੀ ਸੇਵਾ ਨੂੰ ਅੱਗੇ ਵਧਾਉਣ ਲਈ ਵਚਨਬੱਧ ਹਨ।

## ਮਾ. ਨਿਰਭੈ ਸਿੰਘ 'ਤੇ ਜਾਨਲੇਵਾ ਹਮਲੇ ਦੇ ਮਾਮਲੇ 'ਚ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਕਿਰਤੀ ਕਿਸਾਨ ਯੂਨੀਅਨ ਦੇ ਆਗੂ ਮਾਸਟਰ ਨਿਰਭੈ ਸਿੰਘ 'ਤੇ ਡਿਊਟੀ ਜਾਣ ਸਮੇਂ ਸਕੂਲ ਦੇ ਨੇੜੇ ਲਹਿਰੇ ਇਲਾਕੇ ਵਿੱਚ ਭੂ-ਮਾਫ਼ੀਆ ਵਜੋਂ ਸਰਗਰਮ ਵਿਅਕਤੀਆਂ ਵੱਲੋਂ ਕੀਤੇ ਗਏ ਗੰਭੀਰ ਜਾਨਲੇਵਾ ਹਮਲੇ ਦੇ ਮਾਮਲੇ ਵਿੱਚ ਪੰਜ ਮਹੀਨੇ ਬੀਤਣ 'ਤੇ ਵੀ ਇਨਸਾਫ਼ ਨਾ ਮਿਲਣ ਤੇ ਸੰਗਰੂਰ ਪੁਲਸ ਵੱਲੋਂ ਸਿਆਸੀ ਇਸ਼ਾਰੇ ਤਹਿਤ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰਨ ਦੇ ਰੋਸ ਵਜੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ (ਡੀ.ਟੀ.ਐੱਫ.) ਵੱਲੋਂ ਜ਼ਿਲ੍ਹਾ ਪ੍ਰਧਾਨ ਅਮੋਲਕ ਡੇਲੂਆਣਾ ਦੀ ਅਗਵਾਈ ਹੇਠ ਡੀਈਓ ਸੈਕੰਡਰੀ ਮਾਨਸਾ ਰਾਹੀਂ ਮੁੱਖ ਮੰਤਰੀ ਪੰਜਾਬ ਵੱਲ 'ਮੰਗ ਪੱਤਰ' ਭੇਜਿਆ ਗਿਆ। ਇਸ ਦੌਰਾਨ ਜ਼ਿਲ੍ਹਾ ਕਮੇਟੀ ਵੱਲੋਂ 25 ਸਤੰਬਰ ਨੂੰ ਕਿਰਤੀ ਕਿਸਾਨ ਯੂਨੀਅਨ ਤੇ ਡੀ.ਟੀ.ਐੱਫ. ਵੱਲੋਂ ਭਰਾਤਰੀ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਐੱਸ.ਐੱਸ.ਪੀ. ਦਫ਼ਤਰ ਸੰਗਰੂਰ ਵਿਖੇ ਸੂਬਾ ਪੱਧਰੀ ਧਰਨੇ 'ਚ ਜ਼ਿਲ੍ਹੇ ਤੋਂ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਜ਼ਮੀਨੀ ਪੱਧਰ 'ਤੇ ਲਾਮਬੰਦੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮੋਲਕ ਡੇਲੂਆਣਾ ਤੇ ਹੰਸਾ ਸਿੰਘ ਨੇ ਦੱਸਿਆ ਕਿ ਮਾ. ਨਿਰਭੈ ਸਿੰਘ 'ਤੇ ਹੋਏ ਜਾਨਲੇਵਾ ਹਮਲੇ ਦੌਰਾਨ ਉਨ੍ਹਾਂ ਦੀਆਂ ਦੋਨੋਂ ਲੱਤਾਂ ਤੇ ਖੱਬੀ ਬਾਂਹ ਕਈ ਥਾਵਾਂ ਤੋਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ ਸਨ, ਜਿਸ ਉਪਰੰਤ ਲਹਿਰਾ ਪੁਲਸ ਵੱਲੋਂ ਜਾਨਲੇਵਾ ਹਮਲੇ ਦੀ ਧਾਰਾ 109 ਬੀ.ਐੱਨ.ਐੱਸ. ਸਮੇਤ ਬਾਕੀ ਧਾਰਾਵਾਂ ਸਹਿਤ ਲਹਿਰਾ ਥਾਣਾ (ਜ਼ਿਲ੍ਹਾ ਸੰਗਰੂਰ) ਵਿਖੇ ਪਰਚਾ ਦਰਜ ਕੀਤਾ ਗਿਆ, ਪ੍ਰੰਤੂ ਪੁਲਸ ਵੱਲੋਂ ਸਾਰੇ ਦੋਸ਼ੀ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਬਣਦੀ ਸਜ਼ਾ ਦਿਵਾਉਣ ਦੀ ਥਾਂ ਪੱਖਪਾਤੀ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ ਮੁੱਖ ਦੋਸ਼ੀਆਂ ਨੂੰ ਬਚਾਉਣ ਲਈ ਇਰਾਦਾ ਕਤਲ ਦੇ ਮੁਕੱਦਮੇ ਨੂੰ ਕਾਨੂੰਨੀ ਤੌਰ 'ਤੇ ਕਮਜ਼ੋਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ।ਉਧਰ ਦੂਜੇ ਪਾਸੇ ਮੁੱਖ ਦੋਸ਼ੀਆਂ ਦੇ ਹੌਸਲੇ ਇਸ ਹੱਦ ਤੱਕ ਵਧ ਗਏ ਹਨ ਕਿ ਉਹ ਮਾ. ਨਿਰਭੈ ਸਿੰਘ ਨੂੰ ਜਾਨੋਂ ਮਾਰਨ ਦੀਆਂ ਸ਼ਰੇਆਮ ਧਮਕੀਆਂ ਦੇ ਰਹੇ ਹਨ।ਇਸ ਸਭ ਦੇ ਮੱਦੇਨਜ਼ਰ ਡੀ.ਟੀ.ਐੱਫ. ਨੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਮਾ. ਨਿਰਭੈ ਸਿੰਘ 'ਤੇ ਹੋਏ ਜਾਨਲੇਵਾ ਹਮਲੇ ਦੇ ਰਹਿੰਦੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਜਾਵੇ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਇਸ ਮਾਮਲੇ ਵਿੱਚ ਇਨਸਾਫ ਨਾ ਮਿਲਣ 'ਤੇ ਡੀ.ਟੀ.ਐੱਫ. ਵੱਲੋਂ ਕਿਰਤੀ ਕਿਸਾਨ ਯੂਨੀਅਨ ਨਾਲ ਸਾਂਝੇ ਰੂਪ ਵਿੱਚ 25 ਸਤੰਬਰ ਨੂੰ ਸੰਗਰੂਰ ਵਿਖੇ ਸੂਬਾਈ ਧਰਨਾ ਦਿੱਤਾ ਜਾਵੇਗਾ ਤੇ ਪੁਲਸ ਦੇ ਪੱਖਪਾਤੀ ਵਤੀਰੇ ਵਿਰੁੱਧ ਸਖਤ ਰੋਸ ਪ੍ਰਗਟਾਵਾ ਕੀਤਾ ਜਾਵੇਗਾ।ਇਸ ਮੌਕੇ ਸਰਵਸ੍ਰੀ ਜਸਵੀਰ ਭੰਮਾ, ਗੁਰਦਾਸ ਗੁਰਨੇ, ਗੁਰਪ੍ਰੀਤ ਬੀਰੋਕੇ, ਸੁਖਵੀਰ ਬੱਬੀ, ਮਨਮੋਹਨ ਸਿੰਘ, ਗੁਰਵਿੰਦਰ ਸਿੰਘ, ਨਵੀਨ ਬੋਹਾ, ਗੁਰਜੀਤ ਜੀਤੀ, ਸੁਖਜੀਤ ਹੀਰੇਵਾਲਾ, ਕੁਲਵੰਤ ਬਹਿਣੀਵਾਲ ਤੇ ਸੁਖਵਿੰਦਰ ਬੀਰੋਕੇ ਹਾਜ਼ਰ ਸਨ।

## ਰੇਲਵੇ ਡਵੀਜ਼ਨ ਵੱਲੋਂ ਪਾਰਸਲ ਚੈਕਿੰਗ ਮੁਹਿੰਮ ਸ਼ੁਰੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰੇਲਵੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਫਿਰੋਜ਼ਪੁਰ ਰੇਲਵੇ ਡਵੀਜ਼ਨ ਨੇ ਇੱਕ ਮਹੀਨੇ ਲਈ ਖਾਸ ਪਾਰਸਲ ਚੈਕਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਹ ਮੁਹਿੰਮ 17 ਸਤੰਬਰ 2025 ਤੋਂ ਸ਼ੁਰੂ ਕੀਤੀ ਗਈ ਹੈ ਤੇ ਇਸ ਦਾ ਉਦੇਸ਼ ਪਾਰਸਲ ਰਾਹੀਂ ਭੇਜੀਆਂ ਜਾਣ ਵਾਲੀਆਂ ਵਸਤੂਆਂ ਦੀ ਸਖ਼ਤ ਨਿਗਰਾਨੀ ਕਰਨਾ ਹੈ। ਇਹ ਮੁਹਿੰਮ ਡਵੀਜ਼ਨਲ ਰੇਲਵੇ ਮੈਨੇਜਰ (ਡੀਆਰਐੱਮ) ਸੰਜੀਵ ਕੁਮਾਰ ਦੀ ਅਗਵਾਈ ਹੇਠ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਮਨੂ ਗਰਗ ਤੇ ਸੀਨੀਅਰ ਡਵੀਜ਼ਨਲ ਸਿਕਿਉਰਿਟੀ ਕਮਿਸ਼ਨਰ ਰਿਸ਼ੀ ਪਾਂਡੇ ਦੀ ਸਾਂਝੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ। ਇਹ ਵਿਸ਼ੇਸ਼ ਜਾਂਚ ਮੁਹਿੰਮ ਡਵੀਜ਼ਨ ਦੇ ਪ੍ਰਮੁੱਖ ਰੇਲਵੇ ਸਟੇਸ਼ਨਾਂ ਜਿਵੇਂ ਕਿ ਫਿਰੋਜ਼ਪੁਰ ਕੈਂਟ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਸਿਟੀ ਤੇ ਜਲੰਧਰ ਕੈਂਟ 'ਤੇ ਚੱਲ ਰਹੀ ਹੈ। ਇਸ ਮੁਹਿੰਮ ਵਿਚ ਰੇਲਵੇ ਕਰਮਚਾਰੀ ਤੇ ਰੇਲਵੇ ਪੁਲਸ ਫੋਰਸ (ਆਰਪੀਐੱਫ) ਦੇ ਜਵਾਨ ਮਿਲ ਕੇ ਪਾਰਸਲਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਇਸ ਜਾਂਚ ਦੌਰਾਨ ਜੇਕਰ ਕਿਸੇ ਪਾਰਸਲ ਵਿਚ ਗਲਤ ਜਾਣਕਾਰੀ ਦਿੱਤੀ ਗਈ ਵਸਤੂ ਜਾਂ ਕੋਈ ਪਾਬੰਦੀਸ਼ੁਦਾ ਸਮੱਗਰੀ ਪਾਈ ਜਾਂਦੀ ਹੈ, ਤਾਂ ਸਬੰਧਤ ਯਾਤਰੀ ਜਾਂ ਪਾਰਟੀ ਖਿਲਾਫ ਰੇਲਵੇ ਦੇ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਮਨੂ ਗਰਗ ਨੇ ਯਾਤਰੀਆਂ ਤੇ ਪਾਰਸਲ ਬੁੱਕ ਕਰਵਾਉਣ ਵਾਲੇ ਗਾਹਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੁਕਿੰਗ ਕਰਵਾਉਂਦੇ ਸਮੇਂ ਫਾਰਵਰਡਿੰਗ ਨੋਟ ਵਿੱਚ ਸਹੀ ਵਸਤੂ ਦਾ ਹੀ ਜ਼ਿਕਰ ਕਰਨ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਖਤਰਨਾਕ ਜਾਂ ਪਾਬੰਦੀਸ਼ੁਦਾ ਵਸਤੂ ਗਲਤ ਤਰੀਕੇ ਨਾਲ ਭੇਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਖਿਲਾਫ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਅਜਿਹੀਆਂ ਵਿਸ਼ੇਸ਼ ਪਾਰਸਲ ਚੈਕਿੰਗ ਮੁਹਿੰਮਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।

## ਤੇਰਾਪੰਥ ਯੁਵਕ ਪ੍ਰੀਸ਼ਦ ਨੇ 814 ਯੂਨਿਟ ਖ਼ੂਨਦਾਨ ਕਰਕੇ ਇਤਿਹਾਸ ਰਚਿਆ




**ਜਗਰਾਉਂ (ਅਮਿਤ ਖੰਨਾ)**

ਅਖਿਲ ਭਾਰਤੀ ਤੇਰਾਪੰਥ ਯੁਵਕ ਪ੍ਰੀਸ਼ਦ ਨੇ ਆਪਣੇ 61ਵੇਂ ਸਥਾਪਨਾ ਦਿਵਸ 'ਤੇ ਖ਼ੂਨਦਾਨ ਅੰਮ੍ਰਿਤ ਮਹਾਂਉਤਸਵ ਮਨਾਇਆ।ਤੇਰਾਪੰਥ ਯੁਵਕ ਪ੍ਰੀਸ਼ਦ ਦੇ ਪ੍ਰਧਾਨ ਸ਼੍ਰੀ ਵੈਭਵ ਜੈਨ ਦੀ ਅਗਵਾਈ ਹੇਠ ਮਨੁੱਖਤਾ ਲਈ ਇੱਕ ਇਤਿਹਾਸਕ ਦਿਨ ਵਜੋਂ 13 ਖ਼ੂਨਦਾਨ ਕੈਂਪ ਲਾਏ ਗਏ। ਪੂਰੇ ਖੇਤਰ ਵਿੱਚ ਖ਼ੂਨਦਾਨ ਪ੍ਰਤੀ ਇੱਕ ਮਜ਼ਬੂਤ ਜਾਗਰੂਕਤਾ ਦਿਖਾਈ ਗਈ, ਜਿਸ ਵਿੱਚ ਸ਼ਹਿਰ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਵਸਨੀਕਾਂ ਨੇ ਉਤਸ਼ਾਹ ਨਾਲ ਮੁਹਿੰਮ ਵਿੱਚ ਹਿੱਸਾ ਲਿਆ।ਯੁਵਕ ਪ੍ਰੀਸ਼ਦ ਦੀ ਖ਼ੂਨਦਾਨ ਮੈਗਾ ਅਭਿਆਨ ਕੋਆਰਡੀਨੇਟਰ ਸ਼੍ਰੀ ਵਿਸ਼ਾਲ ਜੈਨ ਪਾਟਨੀ ਨੇ ਦੱਸਿਆ ਕਿ ਖ਼ੂਨਦਾਨ ਅੰਮ੍ਰਿਤ ਮਹਾਂਉਤਸਵ ਦੇ ਤਹਿਤ ਸਾਡੀ ਯੁਵਕ ਪ੍ਰੀਸ਼ਦ ਵੱਲੋਂ ਪੁਲਸ ਲਾਈਨ, ਸਨਮਤੀ ਵਿਮਲ ਮੁਨੀ ਹਾਲ, ਮਹਾਪ੍ਰਗਿਆ ਸਕੂਲ, ਮੁੱਲਾਂਪੁਰ, ਚੌਂਕੀਮਾਨ, ਬੋਪਰਾਏ ਕਲਾਂ, ਸਿੱਧਵਾਂ ਬੇਟ, ਗਾਲਬ ਕਲਾਂ, ਕਾਉਂਕੇ ਕਲਾਂ, ਮਾਣੂਕੇ, ਲੰਮਾ, ਰੂੰਮੀ ਤੇ ਰਾਏਕੋਟ ਵਿਖੇ ਵੱਡੇ ਪੱਧਰ 'ਤੇ ਖ਼ੂਨਦਾਨ ਕੈਂਪ ਲਾਏ ਗਏ।ਉਨ੍ਹਾਂ ਦੱਸਿਆ ਕਿ ਡੀ.ਐਮ.ਸੀ, ਸੀ.ਐਮ.ਸੀ, ਰਘੂਨਾਥ ਹਸਪਤਾਲ, ਦੀਪਕ ਹਸਪਤਾਲ, ਓਸਵਾਲ ਹਸਪਤਾਲ, ਅੱਕੀ ਹਸਪਤਾਲ, ਸਿਵਲ ਹਸਪਤਾਲ, ਡਾ. ਕਰਨ ਸਿੰਗਲਾ ਹਸਪਤਾਲ, ਜਗਰਾਉਂ, ਕੋਕਿਲਾ ਹਸਪਤਾਲ, ਮਿੱਤਲ ਹਸਪਤਾਲ, ਗੁਰੂ ਨਾਨਕ ਹਸਪਤਾਲ, ਪਟਿਆਲਾ ਹਸਪਤਾਲ, ਮਲੇਰਕੋਟਲਾ ਅਤੇ ਕੌਸ਼ਲ ਹਸਪਤਾਲ, ਖਰੜ ਤੋਂ ਕੈਂਪ ਲਈ ਟੀਮਾਂ ਆਈਆਂ ਹੋਈਆਂ ਸਨ।ਮੰਤਰੀ ਸ਼੍ਰੀ ਰਵੀਨ ਗੋਇਲ ਨੇ ਦੱਸਿਆ ਕਿ ਸਾਰੇ 13 ਕੈਂਪਾਂ ਤੋਂ ਕੁੱਲ 814 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਸੀ ਤੇ ਹਰ ਜਗ੍ਹਾ ਭੀੜ ਇਕੱਠੀ ਹੋਈ ਸੀ।ਭਾਰਤ ਤੋਂ ਇਲਾਵਾ ਸੰਸਥਾ ਨੇ 75 ਹੋਰ ਦੇਸ਼ਾਂ ਵਿੱਚ ਵੀ ਖ਼ੂਨਦਾਨ ਕੈਂਪ ਲਾਏ।ਸਾਰੇ ਕੈਂਪਾਂ ਤੇ ਖ਼ੂਨਦਾਨੀਆਂ ਦੀ ਰਜਿਸਟ੍ਰੇਸ਼ਨ ਈ-ਰਕਤਕੋਸ਼ (ਸਰਕਾਰੀ ਵੈੱਬਸਾਈਟ) ਰਾਹੀਂ ਕੀਤੀ ਗਈ ਸੀ। ਧਿਕਾਰੀਆਂ, ਆਗੂਆਂ ਅਤੇ ਸਮਾਜ ਸੇਵਕਾਂ ਨੇ ਨਿੱਜੀ ਤੌਰ 'ਤੇ ਖ਼ੂਨਦਾਨ ਕੀਤਾ ਅਤੇ ਪ੍ਰੇਰਨਦਾਇਕ ਸੰਦੇਸ਼ ਫੈਲਾਏ।

## ਬਾਲ ਵਿਆਹ ਰੁਕਵਾ ਕੇ ਜ਼ਿੰਦਗੀ ਬਚਾਈ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਨੁਪ੍ਰਿਆ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼੍ਰੀਮਤੀ ਰੀਤੂ ਬਾਲਾ ਨੇ ਜ਼ਿਲ੍ਹਾ ਫ਼ਾਜ਼ਿਲਕਾ ਦੀ ਇੱਕ ਹੋਰ ਧੀ ਦਾ ਬਾਲ ਵਿਆਹ ਰੁਕਵਾ ਕੇ ਉਸਦੀ ਜ਼ਿੰਦਗੀ ਬਚਾਈ।ਜ਼ਿਲ੍ਹੇ ਵਿੱਚ ਇੱਕ 17 ਸਾਲ ਦੀ ਨਾਬਾਲਗ ਬੱਚੀ ਦਾ ਵਿਆਹ 33 ਸਾਲ ਦੇ ਲੜਕੇ ਨਾਲ ਹੋਣ ਜਾ ਰਿਹਾ ਸੀ।ਵਿਆਹ ਦੀ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਪੂਰੀ ਟੀਮ ਵੱਲੋਂ ਬੱਚੀ ਦੇ ਪਿੰਡ ਜਾ ਕੇ ਮਾਤਾ-ਪਿਤਾ ਨਾਲ ਗੱਲਬਾਤ ਕੀਤੀ ਤੇ ਲੜਕੇ ਦੇ ਪਰਿਵਾਰ ਨਾਲ ਤਾਲਮੇਲ ਕੀਤਾ।ਦੋਹਾਂ ਧਿਰਾਂ ਨੂੰ ਇਸ ਬਾਲ ਵਿਆਹ ਨੂੰ ਨਾ ਕਰਨ ਲਈ ਸਖਤ ਆਦੇਸ਼ ਦਿੱਤੇ ਤੇ ਬੱਚੀ ਦੀ ਅਗਲੇਰੀ ਪੜ੍ਹਾਈ ਜਾਰੀ ਰੱਖਣ ਲਈ ਸਮਝਾਇਆ ਗਿਆ।ਮੌਕੇ 'ਤੇ ਹਾਜ਼ਰ ਪਿੰਡ ਦੇ ਸਰਪੰਚ, ਆਂਗਣਵਾੜੀ ਵਰਕਰ ਤੇ ਪੁਲਸ ਮੁਲਾਜ਼ਮਾਂ ਨੂੰ ਬੱਚੀ ਦਾ ਲਗਾਤਾਰ ਧਿਆਨ ਰੱਖਣ ਲਈ ਕਿਹਾ ਗਿਆ।ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੋਹਾਂ ਧਿਰਾਂ ਨੂੰ ਸਮਝਾਇਆ ਕਿ ਵਿਆਹ ਲਈ ਸਰਕਾਰ ਵੱਲੋਂ ਲੜਕੇ ਦੀ ਉਮਰ 21 ਸਾਲ ਤੇ ਲੜਕੀ ਦੀ ਉਮਰ 18 ਸਾਲ ਨਿਰਧਾਰਿਤ ਕੀਤੀ ਗਈ ਹੈ।ਜੇਕਰ ਕੋਈ ਨਾਬਾਲਗ ਲੜਕੀ ਜਾਂ ਲੜਕੇ ਦਾ ਵਿਆਹ ਕਰਾਉਂਦਾ ਹੈ ਤਾਂ ਦੋਹਾਂ ਪਰਵਾਰਾਂ, ਵਿਆਹ ਕਰਾਉਣ ਵਾਲੇ ਗ੍ਰੰਥੀ, ਫੋਟੋਗ੍ਰਾਫਰ ਤੇ ਇਸ ਵਿਆਹ ਵਿੱਚ ਸ਼ਾਮਿਲ ਹੋਣ ਵਾਲੇ ਸਾਰਿਆਂ ਤੇ ਐਫ.ਆਈ.ਆਰ ਦਰਜ ਕੀਤੀ ਜਾਂਦੀ ਹੈ। ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵਿੱਚ ਸਾਲ 2016 ਤੋਂ 0 ਤੋਂ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਸੁਰੱਖਿਆ ਤੇ ਦੇਖਭਾਲ ਲਈ ਆਪਣੀ ਸੇਵਾਵਾਂ ਨਿਭਾ ਰਹੇ ਹਨ।ਇਨ੍ਹਾਂ ਨੇ ਅਜਿਹੇ ਕਈ ਬੱਚਿਆਂ ਨੂੰ ਬਚਾ ਕੇ ਉਨ੍ਹਾਂ ਦੀ ਜ਼ਿੰਦਗੀ ਸਵਾਰੀ ਹੈ।

## ਚੰਨਣਵਾਲ 'ਚ ਕਾਂਗਰਸ ਦੀ ਸੰਗਠਨ ਸਿਰਜਣ ਅਭਿਆਨ ਤਹਿਤ ਭਰਵੀਂ ਇਕੱਤਰਤਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਚਲਾਏ ਜਾ ਰਹੇ ਸੰਗਠਨ ਸਿਰਜਣ ਅਭਿਆਨ ਤਹਿਤ ਪਿੰਡ ਚੰਨਣਵਾਲ ਵਿਖੇ ਕਾਂਗਰਸ ਪਾਰਟੀ ਦੇ ਵਰਕਰਾਂ ਦੀ ਭਰਵੀਂ ਇਕੱਤਰਤਾ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸੰਮੀ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਪੁੱਜੇ ਜ਼ਿਲ੍ਹਾ ਅਬਜ਼ਰਵਰ ਸ੍ਰੀ ਅਸ਼ੋਕ ਸਿੰਘ ਐਮ ਪੀ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਲੋਕਾਂ ਨੂੰ ਸੂਬਾ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਜਾਗਰੂਕ ਕਰਕੇ ਕਾਂਗਰਸ ਪਾਰਟੀ ਦੇ ਝੰਡੇ ਹੇਠ ਹਰ ਵਰਗ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾ ਕੇ ਰਾਜ ਭਾਗ 'ਤੇ ਕਾਬਜ਼ ਹੋਈ। 'ਆਪ' ਦੀ ਅਸਲੀਅਤ ਹੁਣ ਸਾਹਮਣੇ ਆ ਚੁੱਕੀ ਹੈ।ਉਨ੍ਹਾਂ ਸਮੂਹ ਪਾਰਟੀ ਆਗੂਆਂ, ਵਰਕਰਾਂ ਨੂੰ ਆਗਾਮੀ ਵਿਧਾਨ ਸਭਾ ਦੇ ਮੱਦੇਨਜ਼ਰ ਹੁਣੇ ਤੋਂ ਸਰਗਰਮੀਆਂ ਨੂੰ ਤੇਜ਼ ਕਰਕੇ ਸੂਬੇ ਦੇ ਘਰ-ਘਰ ਤੱਕ ਪਾਰਟੀ ਪ੍ਰੋਗਰਾਮ ਲੈ ਕੇ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਨੂੰ ਸੱਤਾ 'ਚ ਲਿਆਉਣ ਲਈ ਮਨ ਬਣਾਈ ਬੈਠੇ ਹਨ।ਸਾਬਕਾ ਮੰਤਰੀ ਰਜਿੰਦਰ ਮਿਸ਼ਰਾ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਵੱਲੋਂ ਹੇਠਲੇ ਪੱਧਰ ਤੱਕ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਅਭਿਆਨ ਚਲਾਇਆ ਗਿਆ ਹੈ।ਸੰਗਠਨ ਬਣਾਉਣ ਦੀ ਮੁਹਿੰਮ ਤਹਿਤ ਵਰਕਰਾਂ ਨਾਲ ਸਲਾਹ-ਮਸ਼ਵਰਾ ਕਰਕੇ ਨਵੀਂਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ।ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਇਸ ਮੌਕੇ ਵੱਡੀ ਗਿਣਤੀ 'ਚ ਪਹੁੰਚਣ ਤੇ ਸਮੂਹ ਕਾਂਗਰਸੀ ਆਗੂਆਂ, ਵਰਕਰਾਂ ਦਾ ਧੰਨਵਾਦ ਕਰਦਿਆ ਕਿਹਾ ਕਿ 'ਆਪ' ਸਰਕਾਰ ਹਰ ਮੁਹਾਜ਼ 'ਤੇ ਫੇਲ੍ਹ ਸਾਬਤ ਹੋਣ ਤੋਂ ਬਾਅਦ ਪੰਜਾਬ ਦੇ ਲੋਕ ਹੁਣ ਕਾਂਗਰਸ ਪਾਰਟੀ ਨੂੰ ਆਸ ਦੀ ਕਿਰਨ ਵਜੋਂ ਵੇਖ ਰਹੇ ਹਨ। ਉਨ੍ਹਾਂ ਸਮੂਹ ਆਗੂਆਂ, ਵਰਕਰਾਂ ਨੂੰ ਇਕਜੁਟ ਹੋ ਕੇ ਪਾਰਟੀ ਦੀ ਸਫ਼ਲਤਾ ਲਈ ਮੋਰਚੇ ਸੰਭਾਲਣ ਦਾ ਸੱਦਾ ਦਿੱਤਾ।

## ਬਰਸਾਤ ਕਾਰਨ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਦੀ ਲੋੜ : ਦੌਲਤਪੁਰ

**ਧੂਰੀ (ਮਨੋਹਰ ਸਿੰਘ ਸੱਗੂ)**-ਹਲਕੇ ਦੇ ਸੀਨੀਅਰ ਕਾਂਗਰਸ ਆਗੂ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਿਸਾਨ ਸੈੱਲ ਦੇ ਸੂਬਾਈ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਆਪਣੀ ਟੀਮ ਸਮੇਤ ਬਰਸਾਤ ਕਾਰਨ ਹਲਕੇ ਦੇ ਪਿੰਡਾਂ 'ਚ ਪ੍ਰਭਾਵਤ ਹੋਏ ਲੋਕਾਂ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਪ੍ਰਗਟਾਈ। ਹਲਕੇ ਦੇ ਪਿੰਡ ਜਹਾਂਗੀਰ, ਬੱਬਨਪੁਰ, ਈਸੜਾ ਤੇ ਮੂਲੋਵਾਲ ਦਾ ਦੌਰਾ ਕਰਨ ਉਪਰੰਤ ਹਰਦੀਪ ਸਿੰਘ ਦੌਲਤਪੁਰ ਨੇ ਦੱਸਿਆ ਕਿ ਪਿਛਲੇ ਦਿਨਾਂ 'ਚ ਲਗਾਤਾਰ ਹੋਈ ਭਾਰੀ ਬਰਸਾਤ ਕਾਰਨ ਪਿੰਡਾਂ 'ਚ ਬਹੁਤ ਲੋਕਾਂ ਦੇ ਘਰਾਂ ਦੀਆਂ ਕੰਧਾਂ ਤੇ ਛੱਤਾਂ ਡਿੱਗਣ ਤੋਂ ਇਲਾਵਾ ਘਰਾਂ ਦੀਆਂ ਕੰਧਾਂ ਨੂੰ ਤਰੇੜਾਂ ਆ ਜਾਣ ਕਾਰਨ ਬਹੁਤ ਲੋਕਾਂ ਨੂੰ ਆਰਥਿਕ ਨੁਕਸਾਨ ਝੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਿੱਥੇ ਉਹ ਆਪਣੀ ਟੀਮ ਸਮੇਤ ਲੋਕਾਂ ਦੀ ਮਦਦ ਕਰ ਰਹੇ ਹਨ, ਉਥੇ ਜੇ ਕੋਈ ਸੱਜਣ ਪ੍ਰਭਾਵਤ ਲੋਕਾਂ ਦੀ ਮਦਦ ਕਰਨਾ ਚਾਹੁੰਦਾ ਹੈ ਤਾਂ ਸਾਡੇ ਪਾਸੋਂ ਪ੍ਰਭਾਵਤ ਲੋਕਾਂ ਦਾ ਐਡਰੈੱਸ ਲੈ ਕੇ ਸਿੱਧੇ ਤੌਰ 'ਤੇ ਮਦਦ ਕਰ ਸਕਦਾ ਹੈ।

## ਹੜ੍ਹ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ ਲਈ ਮੁੱਖ ਮੰਤਰੀ ਦੇ ਨਾਂਅ ਡੀ ਸੀ ਰਾਹੀਂ ਭੇਜਿਆ ਮੰਗ ਪੱਤਰ



**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਜਤਿੰਦਰ ਕੁਮਾਰ ਆਗੂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਪੰਜਾਬ ਪੈਨਸ਼ਨਰ ਯੂਨੀਅਨ, ਵੀਰ ਇੰਦਰਜੀਤ ਸਿੰਘ ਪੁਰੀ ਸੂਬਾ ਪ੍ਰਧਾਨ ਪੰਜਾਬ ਮੰਡੀ ਬੋਰਡ ਮੁਲਾਜ਼ਮ ਯੂਨੀਅਨ, ਬਲਕਾਰ ਸਿੰਘ ਸਹੋਤਾ ਜ਼ਿਲ੍ਹਾ ਜਨਰਲ ਸਕੱਤਰ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ, ਇੰਦਰਜੀਤ ਸਿੰਘ ਗਿੱਲ ਪਾਵਰ ਕਾਮ ਪੈਨਸ਼ਨਰ ਆਗੂ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਤੇ ਗੁਰਤੇਜ ਸਿੰਘ ਖਹਿਰਾ ਆਗੂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਦੇਣ ਸਬੰਧੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਰਾਹੀਂ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ।

ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਹੜ੍ਹਾਂ ਵਿੱਚ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ 20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਨੁਕਸਾਨੀਆਂ ਫ਼ਸਲਾਂ ਲਈ ਪ੍ਰਤੀ ਏਕੜ 50 ਹਜ਼ਾਰ ਰੁਪਏ ਤੇ ਪ੍ਰਭਾਵਤ ਜ਼ਮੀਨਾਂ 'ਚੋਂ ਰੇਤ/ਗਾਰ ਬਾਹਰ ਕੱਢਣ ਲਈ ਪ੍ਰਤੀ ਏਕੜ 10 ਹਜ਼ਾਰ ਰੁਪਏ ਦਿੱਤੇ ਜਾਣ, ਬੇਜ਼ਮੀਨੇ ਲੋਕਾਂ ਨੂੰ ਪ੍ਰਤੀ ਪਰਵਾਰ 50 ਹਜ਼ਾਰ ਰੁਪਏ ਦੇਣ, ਦੁਧਾਰੂ ਮੱਝ ਗਾਂ ਦੇ ਮਰਨ 'ਤੇ 1 ਲੱਖ ਰੁਪਏ ਪ੍ਰਤੀ ਪਸ਼ੂ ਤੇ ਹੋਰ ਪਸ਼ੂਆਂ ਲਈ 20 ਹਜ਼ਾਰ ਤੋਂ 50 ਹਜ਼ਾਰ ਰੁਪਏ ਪਸ਼ੂਧਨ ਦੇ ਨੁਕਸਾਨ ਲਈ ਦਿੱਤੇ ਜਾਣ, ਹੜ੍ਹਾਂ ਵਿੱਚ ਨੁਕਸਾਨੇ ਗਏ ਘਰਾਂ ਲਈ ਪ੍ਰਤੀ ਘਰ 5 ਲੱਖ ਰੁਪਏ ਦਿੱਤੇ ਜਾਣ, ਹੜ੍ਹਾਂ ਨਾਲ ਪ੍ਰਭਾਵਤ ਛੋਟੇ ਦੁਕਾਨਦਾਰ ਨੂੰ ਮੁਆਵਜ਼ਾ ਦਿੱਤਾ ਜਾਵੇ, ਵਿੱਦਿਅਕ ਸੰਸਥਾਵਾਂ 'ਚ ਪ੍ਰਭਾਵਤ ਵਿਦਿਆਰਥੀਆਂ ਲਈ ਫੀਸਾਂ ਤੇ ਬੋਰਡ ਦੀਆਂ ਦਾਖ਼ਲਾ ਫੀਸਾਂ ਦੀ ਮੁਆਫ਼ੀ ਦਿੱਤੀ ਜਾਵੇ , ਹੜ੍ਹਾਂ ਤੋਂ ਪ੍ਰਭਾਵਤ ਸਕੂਲਾਂ ਅਤੇ ਹਸਪਤਾਲਾਂ ਦੇ ਮੁੜ ਨਿਰਮਾਣ ਅਤੇ ਸਾਫ ਸਫਾਈ ਲਈ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ ਜਾਵੇ, ਭਵਿੱਖ ਵਿੱਚ ਆਉਣ ਵਾਲੇ ਹੜ੍ਹਾਂ ਨੂੰ ਰੋਕਣ ਲਈ ਮਾਨਸੂਨ ਤੋਂ ਪਹਿਲਾਂ ਨਾਲਿਆਂ, ਨਹਿਰਾਂ ਤੇ ਨਦੀਆਂ ਦੀ ਨਿਕਾਸੀ ਅਤੇ ਬੰਨ੍ਹਾਂ ਦੀ ਮੁਰੰਮਤ ਕਰਨ, ਹਰ ਘਰ ਨੂੰ ਸਵੱਛ ਪਾਣੀ ਮੁਹੱਈਆ ਕਰਾਉਣ ਸਮੇਤ ਕੁਝ ਹੋਰ ਮੰਗਾਂ ਤੁਰੰਤ ਪ੍ਰਵਾਨ ਕਰਕੇ ਲਾਗੂ ਕੀਤੀਆਂ ਜਾਣ।

## ਰਾਜ ਕੁਮਾਰ ਦੀਆਂ ਮਰਨ ਉਪਰੰਤ ਕੀਤੀਆਂ ਅੱਖਾਂ ਦਾਨ



**ਬਰੇਟਾ (ਰੀਤਵਾਲ)**-ਬਰੇਟਾ ਮੰਡੀ ਦੇ ਰਾਜ ਕੁਮਾਰ ਪੁੱਤਰ ਜਗਨ ਨਾਥ ਦੇ ਦੇਹਾਂਤ ਤੋਂ ਬਾਅਦ ਪਰਵਾਰ ਵੱਲੋਂ ਉਨ੍ਹਾਂ ਦੀਆਂ ਅੱਖਾਂ ਦਾਨ ਕਰਨ ਦਾ ਫੈਸਲਾ ਲਿਆ ਗਿਆ। ਨੇਤਰਦਾਨ ਸੰਮਤੀ ਬਰੇਟਾ ਵੱਲੋਂ ਹਰਬੰਸ ਲਾਲ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਮਤੀ ਮੈਂਬਰ ਰਘਵੀਰ ਸਿੰਘ ਗੁੱਡੂ, ਜਗਜੀਤ ਸਿੰਘ, ਖੇਮ ਚੰਦ, ਟੇਕ ਦਾਸ, ਡਾ. ਖਜ਼ਾਨਚੀ, ਡਾ. ਕੁਲਜੀਤ ਤੇ ਸਮਾਜ ਸੇਵੀ ਫ਼ਕੀਰ ਚੰਦ ਵੱਲੋਂ ਉਨ੍ਹਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨੂੰ ਦਾਨ ਕਰਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਰਾਜ ਕੁਮਾਰ ਮਰਨ ਤੋਂ ਬਾਅਦ ਵੀ ਦੋ ਨੇਤਰਹੀਣ ਵਿਅਕਤੀਆਂ ਰਾਹੀਂ ਇਸ ਸੰਸਾਰ ਨੂੰ ਦੇਖ ਸਕਣਗੇ। ਉਨ੍ਹਾਂ ਦੇ ਪੁੱਤਰ ਰਕੇਸ਼ ਕੁਮਾਰ, ਵਰਿੰਦਰ ਕੁਮਾਰ ਤੇ ਪਰਵਾਰ ਨੇ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ।

# ਦਾਣਾ ਮੰਡੀਆਂ 'ਚ ਅਗੇਤੇ ਪ੍ਰਬੰਧਾਂ ਦੇ ਸਰਕਾਰੀ ਹੁਕਮਾਂ ਦੇ ਬਾਵਜੂਦ ਪ੍ਰਬੰਧ ਅਧੂਰੇ, ਕਿਸਾਨ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਝੋਨੇ ਦੀ ਖ਼ਰੀਦ 16 ਸਤੰਬਰ ਤੋਂ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੰਡੀ ਬੋਰਡ ਵਲੋਂ ਮੰਡੀਆਂ ਵਿਚ ਝੋਨੇ ਦੀ ਖ਼ਰੀਦ ਦੇ ਕੋਈ ਵੀ ਪ੍ਰਬੰਧ ਨਹੀਂ ਕੀਤੇ ਗਏ ਹਨ। ਜਦੋਂ ਕਿ ਪੱਤਰਕਾਰ ਨੇ ਦਿਹਾਤੀ ਮੰਡੀਆਂ ਗੁਰਦਾਸਪੁਰ, ਪੁਰਾਣਾ ਸ਼ਾਲਾ, ਚਾਵਾ, ਗੋਹਤ ਪੋਕਰ, ਕਲੀਚਪੁਰ ਅਤੇ ਸਾਹੋਵਾਲ ਦਾ ਦੌਰਾ ਕੀਤਾ ਤਾਂ ਮੰਡੀਆਂ ਵਿਚ ਬੈਠੇ ਆੜ੍ਹਤੀਆਂ ਨੇ ਦੱਸਿਆ ਕਿ ਹਮੇਸ਼ਾ ਹੀ ਮਾਰਕੀਟ ਕਮੇਟੀ ਵਲੋਂ ਜਦੋਂ ਮੰਡੀਆਂ ਵਿਚ ਝੋਨਾ ਜਾਂ ਕਣਕ ਆਉਂਦੀ ਹੈ ਤਾਂ ਮੰਡੀਆਂ ਵਿਚ ਪ੍ਰਬੰਧ ਹਮੇਸ਼ਾ ਹੀ ਅਧੂਰੇ ਰਹਿੰਦੇ ਹਨ। ਅਤੇ ਤੀਜ ਮੰਡੀਆਂ ਵਿਚ ਕੋਈ ਵੀ ਸਫ਼ਾਈ, ਲਾਈਟਾਂ ਅਤੇ ਪਾਣੀ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ ਜਦੋਂਕਿ ਮਾਰਕੀਟ ਕਮੇਟੀਆਂ ਵਲੋਂ ਦਮਗਜ਼ੇ ਮਾਰੇ ਜਾ ਰਹੇ ਹਨ ਕਿ ਮੰਡੀਆਂ ਵਿਚ ਅਸੀਂ ਅਗੇਤੇ ਪ੍ਰਬੰਧ ਮੁਕੰਮਲ ਕਰ ਦਿੱਤੇ ਹਨ ਪਰ ਜ਼ਮੀਨੀ ਹਕੀਕਤ ਵਿਚ ਬਿਲਕੁਲ ਸੱਚਾਈ ਨਹੀਂ ਹੈ। ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਕਿ ਕੁਝ ਹਿੱਸਿਆਂ ਵਿਚ ਸ਼ਰਬਤੀ ਅਤੇ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਨਾਲ ਪੱਕ ਚੁੱਕੀ ਹੈ ਅਤੇ ਉਸ ਦੀ ਕਟਾਈ ਵੀ ਕਰ ਲਈ ਗਈ ਹੈ ਪਰ ਮੰਡੀਆਂ ਵਿਚ ਕੋਈ ਵੀ ਖ਼ਰੀਦ ਏਜੰਸੀ ਨਾ ਆਉਣ ਕਰਕੇ ਕਿਸਾਨ ਕਾਫ਼ੀ ਚਿੰਤਤ ਹਨ। ਉਨ੍ਹਾਂ ਦੱਸਿਆ ਕਿ ਮਾਰਕੀਟ ਕਮੇਟੀ ਮੁਲਾਜ਼ਮ ਹਮੇਸ਼ਾ ਆੜ੍ਹਤੀਆਂ ਅਤੇ ਕਿਸਾਨਾਂ ਨੂੰ ਖੱਜਲ



ਖੁਆਰ ਕਰਦੇ ਹਨ ਅਤੇ ਸਮੇਂ ਸਿਰ ਕੋਈ ਵੀ ਪ੍ਰਬੰਧ ਨਹੀਂ ਕਰਦੇ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਵਲੋਂ ਮੰਡੀਆਂ ਵਿਚ ਕੋਈ ਵੀ ਬਾਰਦਾਨਾ ਨਹੀਂ ਸੁਣਿਆ ਗਿਆ ਅਤੇ ਕਿਸਾਨਾਂ ਨੂੰ ਕੋਈ ਥਹੁ ਪਤਾ ਨਹੀਂ ਚੱਲ ਸਕਿਆ ਕਿ ਮੰਡੀ ਕਿਹੜੀ ਏਜੰਸੀ ਨੂੰ ਅਲਾਟ ਹੋਈਆਂ ਹਨ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਮੰਡੀਆਂ ਵਿਚ ਸਾਰੇ ਪ੍ਰਬੰਧ ਮੁਕੰਮਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ।

## ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਜਿਗਰ ਟ੍ਰਾਂਸਪਲਾਂਟ ਓਪੀਡੀ ਦੀ ਸ਼ੁਰੂਆਤ

ਲੁਧਿਆਣਾ- ਫੋਰਟਿਸ ਹਸਪਤਾਲ ਲੁਧਿਆਣਾ ਨੇ ਇੱਕ ਨਵੀਂ ਜਿਗਰ ਟ੍ਰਾਂਸਪਲਾਂਟ ਓਪੀਡੀ (ਬਾਹਰਲੇ ਮਰੀਜ਼ਾਂ ਲਈ ਵਿਸ਼ੇਸ਼ ਕਲੀਨਿਕ) ਦੀ ਸ਼ੁਰੂਆਤ ਕੀਤੀ ਹੈ।ਇਸ ਨਾਲ ਮਰੀਜ਼ਾਂ ਨੂੰ ਹੁਣ ਉੱਚ ਪੱਧਰੀ ਜਿਗਰ ਇਲਾਜ ਅਤੇ ਟ੍ਰਾਂਸਪਲਾਂਟ ਸੇਵਾਵਾਂ ਲੁਧਿਆਣਾ ਵਿੱਚ ਹੀ ਉਪਲਬਧ ਹੋਣਗੀਆਂ।ਇਹ ਓਪੀਡੀ ਹਰ ਮਹੀਨੇ ਦੇ ਤੀਜੇ ਵੀਰਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਇਸ ਦੀ ਅਗਵਾਈ ਡਾ. ਅਸ਼ੀਸ਼ ਜਾਰਜ (ਪ੍ਰਿੰਸੀਪਲ ਕੰਸਲਟੈਂਟ ਅਤੇ ਯੂਨਿਟ ਹੈੱਡ, ਲਿਵਰ ਟ੍ਰਾਂਸਪਲਾਂਟ-ਫੋਰਟਿਸ ਸ਼ਾਲੀਮਾਰ ਬਾਗ, ਨਵੀਂ ਦਿੱਲੀ) ਕਰਨਗੇ। ਇਸ ਓਪੀਡੀ ਵਿੱਚ ਗੈਸਟ੍ਰੋਐਂਟਰੋਲੋਜੀ ਵਿਭਾਗ ਦੀ ਮਾਹਰ ਟੀਮ ਵੀ ਸ਼ਾਮਲ ਹੋਵੇਗੀ, ਜਿਸ ਵਿੱਚ ਡਾ. ਰਾਜੂ ਛੀਨਾ (ਐਡੀਸ਼ਨਲ ਅਤੇ ਡਾਇਰੈਕਟਰ, ਗੈਸਟ੍ਰੋਐਂਟਰੋਲੋਜੀ), ਡਾ. ਨਿਤਿਨ ਸ਼ੰਕਰ ਬਹਿਲ (ਡਾਇਰੈਕਟਰ, ਗੈਸਟ੍ਰੋਐਂਟਰੋਲੋਜੀ), ਡਾ. ਅਮਿਤ ਬਾਂਸਲ (ਸੀਨੀਅਰ ਕੰਸਲਟੈਂਟ, ਗੈਸਟ੍ਰੋਐਂਟਰੋਲੋਜੀ), ਡਾ. ਵਿਵੇਕ ਪ੍ਰਕਾਸ਼ (ਕੰਸਲਟੈਂਟ, ਗੈਸਟ੍ਰੋਐਂਟਰੋਲੋਜੀ) ਇਹ ਮਾਹਰ ਮਿਲ ਕੇ ਮਰੀਜ਼ਾਂ ਨੂੰ ਪੂਰੀ ਦੇਖਭਾਲ ਪ੍ਰਦਾਨ ਕਰਨਗੇ।

# ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ ਦੇਣ ਦੀ ਮੰਗ

*** ਲੋਕਾਂ ਨੂੰ ਜਾਨੀ-ਮਾਲੀ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਸਬੰਧੀ ਡੀਸੀ ਨੂੰ ਦਿੱਤਾ ਮੰਗ ਪੱਤਰ**

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਵਿੱਚ ਹੜ੍ਹਾਂ ਨਾਲ ਹੋਈ ਤਬਾਹੀ ਦੇ ਕਾਰਣ ਲੋਕਾਂ ਦੇ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਦਾ ਯੋਗ ਮੁਆਵਜ਼ਾ ਦੇਣ ਲਈ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਪੱਧਰੀ ਫੈਸਲੇ ਮੁਤਾਬਕ ਸਥਾਨਕ ਜ਼ਿਲ੍ਹਾ ਇਕਾਈ ਦੇ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਨੂੰ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਲੋਕਾਂ ਦੇ ਹੋਏ ਜਾਨੀ ਮਾਲੀ



ਨੁਕਸਾਨ ਦਾ ਯੋਗ ਮੁਆਵਜ਼ਾ ਦੇਣ ਸਬੰਧੀ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਸਾਂਝਾ ਫਰੰਟ ਵਿੱਚ ਸ਼ਾਮਲ ਵੱਖ-ਵੱਖ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਰਜਨ ਸ਼ਰਮਾ, ਗੁਰਪ੍ਰੀਤ ਸਿੰਘ ਮੰਨਣ, ਬਲਦੇਵ ਸਿੰਘ ਕੰਗ, ਕਾਰਜ ਸਿੰਘ ਕੈਰੋਂ, ਸਵਰਨ ਸਿੰਘ ਰੰਗਾੜ੍ਹਕਾ, ਪ੍ਰਿੰ. ਦਲਜੀਤ ਸਿੰਘ ਦਿਓਲ, ਬਲਜਿੰਦਰ ਸਿੰਘ, ਕਰਨਬੀਰ ਸਿੰਘ ਭੁੱਲਰ, ਕਰਮ ਸਿੰਘ ਲਾਲਪੁਰਾ, ਹਰਭਜਨ ਸਿੰਘ ਪੱਟੀ, ਦਵਿੰਦਰ ਸਿੰਘ ਸੇਰੋਂ ਆਦਿ ਨੇ ਹਿੱਸਾ ਲਿਆ।ਇਸ ਵਫਦ ਨੇ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਹੜ੍ਹਾਂ ਕਾਰਨ ਫੌਤ ਹੋਏ ਮ੍ਰਿਤਕਾਂ ਦੇ ਵਾਰਸਾਂ ਨੂੰ 20 ਲੱਖ ਰੁਪਏ ਦਾ ਫੌਰੀ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਫਸਲਾਂ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ, ਖੇਤਾਂ 'ਚੋਂ ਰੇਤ/ਗਾਰ ਕੱਢਣ ਦਾ 10 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਬੇਜ਼ਮੀਨੇ ਲੋਕਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਜਲਦੀ ਮੁਆਵਜ਼ਾ ਦਿੱਤਾ ਜਾਵੇ, ਮਰ ਗਈਆਂ ਮੱਝਾਂ ਗਾਵਾਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਦੀ ਮੁਆਵਜ਼ਾ ਦਿੱਤਾ ਜਾਵੇ। ਬਰਸਾਤਾਂ ਪੈਣ ਕਾਰਨ ਢਹਿ ਗਏ ਘਰਾਂ ਦਾ 5 ਲੱਖ ਰੁਪਏ ਪ੍ਰਤੀ ਘਰ ਮੁਆਵਜ਼ਾ ਦਿੱਤਾ ਜਾਵੇ, ਪ੍ਰਭਾਵਤ ਹੋਏ ਮਜ਼ਦੂਰਾਂ, ਦੁਕਾਨਦਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ, ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ, ਰੋਡਵੇਜ ਜਮਾਤਾਂ ਵਿੱਚ ਦਾਖਲਾ ਫੀਸਾਂ ਮੁਆਫ ਕੀਤੀਆਂ ਜਾਣ, ਪ੍ਰਭਾਵਤ ਲੋਕਾਂ ਦੇ ਮੁੜ ਵਸੇਬੇ ਲਈ ਯੋਜਨਾਬੰਦੀ ਕੀਤੀ ਜਾਵੇ, ਜਲ ਸਰੋਤ ਅਤੇ ਡਰੇਨਜ਼ ਵਿਭਾਗ ਵਿੱਚ ਖਤਮ ਕੀਤੀਆਂ ਬੇਲਦਾਰਾਂ ਦੀਆਂ ਹਜ਼ਾਰਾਂ ਰੈਗੂਲਰ ਅਸਾਮੀਆਂ ਤੁਰੰਤ ਬਹਾਲ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ ਅਤੇ ਸਮੂਹ ਵਿਭਾਗਾਂ ਅੰਦਰ ਦਰਜਾ ਚਾਰ ਦੀਆਂ ਪੋਸਟਾਂ ਖਤਮ ਕਰਨ ਦੀ ਨੀਤੀ ਵਾਪਸ ਲਈ ਜਾਵੇ।

## ਅੱਜ ਬਿਜਲੀ ਬੰਦ ਰਹੇਗੀ

**ਅੱਡਾ ਸਰਾਂ (ਜਸਵੀਰ ਕਾਜਲ)**- ਸਹਾਇਕ ਇੰਜੀਨੀਅਰ ਜਸਵੰਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ 20 ਸਤੰਬਰ ਨੂੰ ਕਲੋਏ ਯੂ ਪੀ ਐਸ ਫੀਡਰ ਦੀ ਜ਼ਰੂਰੀ ਮੁਰੰਮਤ ਕਰਨ ਲਈ ਫੀਡਰ ਬੰਦ ਰਹੇਗਾ। ਸਮਾਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗਾ।

# ਭਲਕੇ ਮੋਹਾਲੀ ਰੈਲੀ 'ਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੈਂਕੜੇ ਮਜ਼ਦੂਰ ਸ਼ਾਮਲ ਹੋਣਗੇ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਖਡੂਰ ਸਾਹਿਬ ਦੀ ਮੀਟਿੰਗ ਕਾਮਰੇਡ ਸੁਖਦੇਵ ਸਿੰਘ ਭਲਾਈਪੁਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਸੰਮੇਲਨ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਿਹਾ ਹੈ।21 ਸਤੰਬਰ ਨੂੰ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।ਇਸ ਰੈਲੀ ਵਿੱਚ ਪਿੰਡਾਂ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਔਰਤਾਂ ਵੱਡੀ ਗਿਣਤੀ ਵਿੱਚ ਪਹੁੰਚ ਰਹੀਆਂ ਹਨ।ਇਸ ਰੈਲੀ ਵਿੱਚ ਪੰਜਾਬ ਦੇ ਭਖਦੇ ਮੁੱਦਿਆਂ ਨੂੰ ਜ਼ੋਰ ਨਾਲ ਉਭਾਰਿਆ ਜਾਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 21 ਸਤੰਬਰ ਦੀ ਮੋਹਾਲੀ ਰੈਲੀ ਵਿੱਚ ਹੁੰਮ-ਹੁਮਾ ਕੇ ਪਹੁੰਚੋ ਤਾਂ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੇ ਭਖਦੇ ਮਸਲਿਆਂ ਨੂੰ ਉਭਾਰਿਆ ਜਾ ਸਕੇ।ਇਸ ਮੌਕੇ ਕਾਮਰੇਡ ਚਰਨ ਸਿੰਘ ਜਲਾਲਾਬਾਦ, ਕਾਮਰੇਡ ਸਿੰਘ ਦਾਰਾਪੁਰ, ਕਾਮਰੇਡ ਨਰਿੰਦਰਪਾਲ ਸਿੰਘ ਖਡੂਰ ਸਾਹਿਬ, ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ ਆਦਿ ਹਾਜ਼ਰ ਸਨ।

## ਰੁਪਿੰਦਰ ਕੌਰ 'ਬੈਸਟ ਟੀਚਰ' ਐਵਾਰਡ ਨਾਲ ਸਨਮਾਨਿਤ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਅਧਿਆਪਕਾ ਰੁਪਿੰਦਰ ਕੌਰ ਨੂੰ ਉਨ੍ਹਾਂ ਦੀਆਂ ਵਿੱਦਿਅਕ ਖੇਤਰ ਵਿੱਚ



ਨਿਭਾਈਆਂ ਗਈਆਂ ਸੇਵਾਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਿਤ ਅਧਿਆਪਕ ਦਿਵਸ ਮੌਕੇ 'ਪਾਥ ਸੀਕਰ ਸਕੂਲ' ਬਿਆਸ ਵਿਖੇ ਸਹੋਦਿਆ ਸਕੂਲ ਕੰਪਲੈਕਸ ਵੱਲੋਂ 'ਬੈਸਟ ਟੀਚਰ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਅਧਿਆਪਕਾ ਨੂੰ ਵਧਾਈ ਦਿੰਦਿਆਂ ਇਸੇ ਤਰ੍ਹਾਂ ਮਿਹਨਤ ਕਰਕੇ ਵਿੱਦਿਅਕ ਖੇਤਰ ਵਿੱਚ ਹੋਰ ਅਣਥੱਕ ਸੇਵਾਵਾਂ ਦੇਣ ਲਈ ਪ੍ਰੇਰਿਤ ਕੀਤਾ।

## ਸੀ ਐੱਚ ਸੀ ਖੇਮਕਰਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਫੌਗਿੰਗ ਕਰਵਾਈ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ ਅਤੇ ਜਿਲਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ ਡਾ. ਰਾਘਵ ਗੁਪਤਾ ਦੀ ਰਹਿਨੁਮਾਈ ਹੇਠ ਅਤੇ ਸੀਐੱਚਸੀ ਖੇਮਕਰਨ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਚਿੱਤਰ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਮਹਿੰਦੀਪੁਰ ਮੱਛਰ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਸਥਾਨਕ ਸਿਹਤ ਵਿਭਾਗ ਖੇਮਕਰਨ ਵੱਲੋਂ ਪਿੰਡਾਂ ਵਿੱਚ ਫੋਗਿੰਗ ਅਤੇ ਸਪਰੇਅ ਡਰਾਈਵ ਸ਼ੁਰੂ ਕੀਤੀ



ਗਈ।ਸਿਹਤ ਵਿਭਾਗ ਦੇ ਐੱਸਆਈ ਜੁਗਰਾਜ ਸਿੰਘ ਨੇ ਭਰੋਸਾ ਦਿੱਤਾ ਹੈ ਕਿ ਵਰਤਿਆ ਜਾਣ ਵਾਲਾ ਸਪਰੇਅ ਮਨੁੱਖਾਂ ਅਤੇ ਪਾਲਤੂ ਜਾਨਵਰਾਂ ਲਈ ਸੁਰੱਖਿਅਤ ਹੈ।ਇਸ ਮੌਕੇ ਬਰੀਡਿੰਗ ਚੈੱਕਰ ਜਗਰੂਪ ਸਿੰਘ ਅਤੇ ਪਿੰਡ ਨਿਵਾਸੀ ਹਾਜ਼ਰ ਸਨ।

## ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦਾ 'ਹੀਰੋ ਕਿਸਾਨ ਪ੍ਰਸ਼ੰਸਾ ਪੱਤਰ' ਨਾਲ ਸਨਮਾਨ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਮਜੀਠਾ ਹਲਕੇ ਦੇ ਪਿੰਡ ਸੋਹੀਆਂ ਕਲਾਂ ਅਤੇ ਅਜੈਬਵਾਲੀ ਵਿਖੇ ਕਿਸਾਨਾਂ ਦੇ ਖੇਤਾਂ ਵਿਚ ਪਹੁੰਚ ਕੇ ਜ਼ਿਲ੍ਹੇ ਦੇ ਛੋਟੇ ਤੇ ਸੀਮਾਂਤ ਕਿਸਾਨਾਂ ਜਿਨਾਂ ਨੇ ਪਰਾਲੀ ਨੂੰ ਅੱਗ ਨਹੀਂ ਸੀ ਲਗਾਈ, ਨੂੰ ਵਿਸ਼ੇਸ਼ ਤੌਰ ਤੇ ਹੀਰੋ ਕਿਸਾਨ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ



ਕਰਦਿਆਂ ਕਿਹਾ ਕਿ ਤੁਸੀ ਸਾਡੇ ਹੀਰੋਜ਼ ਹੋ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਇਕ ਮਿਸਾਲ ਕਾਇਮ ਕਰ ਰਹੇ ਹੋ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਦੇ ਸਰਕਾਰੀ ਦਵਾਰੇ ਕੰਮ ਪਹਿਲ ਤੇ ਆਧਾਰ ਤੇ ਕੀਤੇ ਜਾਣਗੇ।ਉਨ੍ਹਾਂ ਨੇ ਸੇਵਾ ਕੇਂਦਰ ਵਿਖੇ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਤਰਜੀਹੀ ਕਾਰਡ ਕਾਊਂਟਰ ਦਾ ਉਦਘਾਟਨ ਵੀ ਕੀਤਾ ਅਤੇ ਕਿਸਾਨਾਂ ਨੂੰ ਤਰਜੀਹੀ ਕਾਰਡ ਵੀ ਵੰਡੇ ਗਏ ।ਉਨ੍ਹਾਂ ਦੱਸਿਆ ਕਿ ਇਹ ਕਿਸਾਨ ਤਰਜੀਹ ਕਾਰਡ ਸੇਵਾ ਕੇਂਦਰਾਂ, ਫਰਦ ਕੇਂਦਰ ਅਤੇ ਹੋਰ ਸਰਕਾਰੀ ਕੰਮਾਂ ਲਈ ਤੁਹਾਡੇ ਵੱਲੋਂ ਵਰਤੇ ਜਾ ਸਕਣਗੇ ਜਿਥੇ ਤੁਹਾਡੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਦਫਤਰਾਂ ਵਿੱਚ ਤੁਹਾਡੀ ਪਾਰਕਿੰਗ ਮੁਫ਼ਤ ਹੋਵੇਗੀ।

## ਮਿਸ਼ਨ ਚੜ੍ਹਦੀਕਲਾ ਤਹਿਤ ਸਮਾਜ ਸੇਵੀ ਸੰਸਥਾਵਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜੀ

ਅੰਮ੍ਰਿਤਸਰ,(ਨਰਿੰਦਰ ਜੀਤ ਸਿੰਘ, ਕਮਲੇਸ਼)-ਮਿਸ਼ਨ ਚੜ੍ਹਦੀਕਲਾ ਤਹਿਤ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਚਲਾਏ ਗਏ ਮਿਸ਼ਨ ਸਾਂਝਾ ਉਪਰਾਲਾ ਅਧੀਨ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਦੇ ਸੱਦੇ ਨੂੰ ਕਬੂਲਦਿਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਜਿਨ੍ਹਾਂ ਵਿਚ ਕਲਗੀਧਰ ਟਰੱਸਟ, ਸਨ ਫਾਊਂਡੇਸ਼ਨ, ਸਰਬੱਤ ਦਾ ਭਲਾ



ਟਰੱਸਟ, ਬੀਬੀ ਕੌਲਾਂ ਭਲਾਈ ਟਰੱਸਟ ਤੋਂ ਇਲਾਵਾ ਹੋਰ ਵੱਖ-ਵੱਖ ਸੰਸਥਾਵਾਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਵਿਚ ਰੁੱਝ ਗਈਆਂ ਹਨ ਅਤੇ ਲੋਕਾਂ ਦੇ ਮੁੜ ਵਸੇਬੇ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ।

ਡੀਸੀ ਨੇ ਦੱਸਿਆ ਕਿ ਹੜਾਂ ਦੌਰਾਨ ਪਿੰਡ ਮਿਆਦੀਆਂ ਅਜਨਾਲਾ ਦੇ ਹਰਪ੍ਰੀਤ ਸਿੰਘ ਦੇ ਸਾਰੇ ਪਸ਼ੂ ਰੁੜ ਗਏ ਸਨ, ਦੀ ਮਦਦ ਕਰਦੇ ਹੋਏ ਬੀਬੀ ਕੌਲਾਂ ਭਲਾਈ ਟਰੱਸਟ ਵੱਲੋਂ ਪੀੜਤ ਪਰਿਵਾਰ ਨੂੰ ਇਕ ਗਾਂ ਭੇਟ ਕੀਤੀ ਗਈ। ਕਲਗੀਧਰ ਟਰਸੱਟ ਗੁਰਦੁਵਾਰਾ ਬੜੂ ਸਾਹਿਬ ਵਲੋਂ ਵੀ ਵੱਖ ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਜਾ ਕੇ ਪੀੜਤ ਲੋਕਾਂ ਦੇ ਬਿਜਲੀ ਦੇ ਉਪਕਰਣ ਠੀਕ ਕੀਤੇ ਜਾ ਰਹੇ ਹਨ ਅਤੇ ਕਈ ਹੋਰ ਸੰਸਥਾਵਾਂ ਵੱਲੋਂ ਵੀ ਸਕੂਲੀ ਬੱਚਿਆਂ ਦੀ ਮਦਦ ਕਰਦੇ ਹੋਏ ਬੈਗ, ਪੈਂਸਲਾਂ, ਕਿਤਾਬਾਂ ਅਤੇ ਹੋਰ ਸਮੱਗਰੀ ਮੁਹੱਈਆਂ ਕਰਵਾਈ ਜਾ ਰਹੀ ਹੈ।ਇਸੇ ਤਰ੍ਹਾਂ ਸਰਬੱਤ ਦਾ ਭਲਾ ਟਰਸਟ ਨੇ ਪਸ਼ੂਆਂ ਦੇ ਚਾਰੇ ਦੀ ਸਪਲਾਈ ਲਗਾਤਾਰ ਦਿੱਤੀ ਜਾ ਰਹੀ ਹੈ।ਸੰਸਦ ਮੈਂਬਰ ਵਿਕਰਮਜੀਤ ਸਾਹਨੀ ਨੇ ਰੇਤਾ ਕੱਢਣ ਲਈ ਪੰਜ ਜੀਸੀਬੀ ਮਸ਼ੀਨਾਂ, ਉਨ੍ਹਾਂ ਦੀ ਹੀ ਸੰਸਥਾ ਸਨ ਫਾਊਂਡੇਸ਼ਨ ਨੇ ਲੋੜਵੰਦ ਘਰਾਂ ਦੀ ਰਿਪੇਅਰ ਕਰਨ ਲਈ ਪਲੰਬਰ ਅਤੇ ਇਲੈਕਟ੍ਰੀਸ਼ੀਅਨ ਦੇਣ ਦਾ ਕੰਮ ਕੀਤਾ ਹੈ।ਦੱਸਣਯੋਗ ਹੈ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੇ ਰਾਹਤ ਲਈ ਕੰਮ ਕਰ ਰਹੇ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਦੇ ਅਧਿਕਾਰੀਆਂ ਨੇ ਪ੍ਰਭਾਵਿਤ ਇਲਾਕੇ ਦੇ ਲੋੜਵੰਦ ਪਰਿਵਾਰਾਂ ਨੂੰ ਪੈਰਾਂ ਸਿਰ ਕਰਨ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਛੇ ਮਹੀਨੇ ਤੱਕ ਚੱਲਣ ਵਾਲੀ ਯੋਜਨਾਬੰਦੀ ਕੀਤੀ ਗਈ ਹੈ ।

# ਕਿਸੇ ਇੱਕ ਅਪਰਾਧੀ ਦੀ ਸਜ਼ਾ ਸਮੁੱਚੇ ਭਾਈਚਾਰੇ ਨੂੰ ਦੇਣੀ ਸਰਾਸਰ ਗ਼ਲਤ : ਤਰਕਸ਼ੀਲ ਸੁਸਾਇਟੀ

*** ਪੰਜਾਬ ਦੇ ਲੋਕਾਂ ਨੂੰ ਭਰਾ ਮਾਰੂ ਜੰਗ ਤੋਂ ਬਚਣ ਅਤੇ ਭਾਈਚਾਰਕ ਏਕਤਾ ਦੀ ਕੀਤੀ ਅਪੀਲ**

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਇਕ ਪ੍ਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਦੇ ਵਹਿਸ਼ੀ ਕਤਲ ਦੀ ਸਖ਼ਤ ਨਿੰਦਾ ਕਰਦਿਆਂ ਉਸ ਨੂੰ ਫਾਸਟ ਟਰੈਕ ਅਦਾਲਤ ਰਾਹੀਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ ਅਤੇ ਪੰਜਾਬ ਦੇ ਕੁੱਝ ਜ਼ਿਲਿਆਂ ਵਿੱਚ ਕੁੱਝ ਸਮੂਹਾਂ ਅਤੇ ਪੰਚਾਇਤਾਂ ਵੱਲੋਂ ਪਾਸ ਕੀਤੇ ਗੈਰ ਜਮਹੂਰੀ ਮਤਿਆਂ ਰਾਹੀਂ ਪ੍ਰਵਾਸੀ ਲੋਕਾਂ ਵਿਰੁੱਧ ਫਿਰਕੂ ਨਫ਼ਰਤ ਫੈਲਾਉਣ ਅਤੇ ਪੰਜਾਬ ਛੱਡ ਕੇ ਜਾਣ ਦੀਆਂ ਧਮਕੀਆਂ ਦੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਵੀ ਕੀਤੀ ਹੈ।ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਦਫਤਰ ਸਕੱਤਰ ਹੇਮ ਰਾਜ ਸਟੈਨੋਂ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿਸੇ ਪ੍ਰਵਾਸੀ ਵੱਲੋਂ ਹੁਸ਼ਿਆਰਪੁਰ ਵਿਖੇ ਪੰਜ ਸਾਲਾਂ ਦੇ ਬੱਚੇ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਦੀ ਦੁੱਖਦਾਈ ਘਟਨਾ ਨੇ ਹਰ ਸੰਵੇਦਨਸ਼ੀਲ ਵਿਅਕਤੀ ਦੇ ਮਨ ਨੂੰ ਵਲੂੰਧਰਿਆ ਹੈ ਪਰ ਕੁਝ ਪੰਚਾਇਤਾਂ ਅਤੇ ਗਰੁੱਪਾਂ ਵੱਲੋਂ ਕਿਸੇ ਇਕ ਵਿਅਕਤੀ ਵੱਲੋਂ ਕੀਤੇ ਅਪਰਾਧ ਲਈ ਸਮੁੱਚੇ ਪ੍ਰਵਾਸੀ ਭਾਈਚਾਰੇ ਨੂੰ ਹੀ ਜ਼ਿੰਮੇਵਾਰ ਠਹਿਰਾਉਣ ਦੀ



ਕਾਰਵਾਈ ਪੰਜਾਬ ਵਿਚਲੀ ਭਾਈਚਾਰਕ ਏਕਤਾ ਅਤੇ ਅਮਨ ਸ਼ਾਂਤੀ ਲਈ ਸਰਾਸਰ ਖ਼ਤਰਨਾਕ, ਗੈਰ ਜਮਹੂਰੀ ਅਤੇ ਲੋਕ ਵਿਰੋਧੀ ਹੈ। ਉਨ੍ਹਾਂ ਅਜਿਹੀ ਭਰਾ ਮਾਰੂ ਜੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਕੁਝ ਫ਼ਿਰਕੂ ਸੰਗਠਨ ਅਜਿਹੀ ਫਿਰਕੂ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਨੂੰ ਉਭਾਰ ਕੇ ਜਿੱਥੇ ਪੰਜਾਬ ਵਿੱਚ ਪਰਵਾਸੀਆਂ ਅਤੇ ਬਿਹਾਰ ਚੋਣਾਂ ਵਿੱਚ ਆਪਣਾ ਵੋਟ ਬੈਂਕ ਮਜ਼ਬੂਤ ਕਰਨਾ ਚਾਹੁੰਦੇ ਹਨ ਉਥੇ ਹੀ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਪੰਜਾਬੀਆਂ ਅਤੇ ਸਿੱਖਾਂ ਵਿਰੁੱਧ ਫਿਰਕੂ ਦੰਗੇ ਫਸਾਦਾਂ ਦਾ ਮਾਹੌਲ ਸਿਰਜ ਕੇ ਉਨ੍ਹਾਂ ਨੂੰ ਉਜਾੜਨ ਤੇ ਬਰਬਾਦ ਕਰਨ ਦੀ ਸਾਜ਼ਿਸ਼ ਵੀ ਕਰ ਰਹੇ ਹਨ ਜਿਸਦੇ ਵਿਰੁੱਧ ਲੋਕ ਪੱਖੀ ਅਤੇ ਅਗਾਂਹਵਧੂ ਜਨਤਕ ਜਮਹੂਰੀ ਜੱਥੇਬੰਦੀਆਂ ਨੂੰ ਇਕਜੁੱਟ ਹੋ ਕੇ ਕਿਰਤੀਆਂ ਕਾਮਿਆਂ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਫਿਰਕੂ ਸਾਜਿਸ਼ਾਂ ਦਾ ਮੁਕਾਬਲਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਵੀ ਲੋਕਾਂ ਦਾ ਧਿਆਨ ਹੜ੍ਹਾਂ ਰਾਹੀਂ ਹੋਈ ਬਰਬਾਦੀ, ਮੁੜ ਵਸੇਬੇ, ਮੁਆਵਜ਼ੇ, ਕਿਸਾਨ-ਮਜ਼ਦੂਰ ਮੁੱਦਿਆਂ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਕਾਰਪੋਰੇਟ ਲੁੱਟ, ਭ੍ਰਿਸ਼ਟਾਚਾਰ ਅਤੇ ਅਮਨ ਕਾਨੂੰਨ ਦੀ ਮਾੜੀ ਹਾਲਤ ਦੇ ਅਸਲ ਮੁੱਦਿਆਂ ਤੋਂ ਪਾਸੇ ਹਟਾਉਣ ਲਈ ਅਜਿਹੇ ਫਿਰਕੂ ਮੁੱਦਿਆਂ ਉਤੇ ਸਾਜਿਸ਼ੀ ਚੁੱਪ ਧਾਰੀ ਬੈਠੀਆਂ ਹਨ।ਤਰਕਸ਼ੀਲ ਆਗੂਆਂ ਨੇ ਪੰਜਾਬ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਦੇ ਪਿਛੋਕੜ ਦੀ ਤਹਿਕੀਕਾਤ ਕਰਨ ਦੀ ਮੰਗ ਕਰਦਿਆਂ ਪਰਵਾਸੀਆਂ ਦੇ ਵਿਰੁੱਧ ਮਤੇ ਪਾਸ ਕਰਨ ਵਾਲੀਆਂ ਪੰਚਾਇਤਾਂ ਨੂੰ ਭਾਈਚਾਰਕ ਸਾਂਝ, ਦੂਰ ਅੰਦੇਸ਼ੀ ਅਤੇ ਸਹਿਣਸ਼ੀਲਤਾ ਰੱਖਣ ਅਤੇ ਦੋਸ਼ੀਆਂ ਨੂੰ ਫਾਸਟ ਟਰੈਕ ਅਦਾਲਤਾਂ ਰਾਹੀਂ ਸਖ਼ਤ ਸਜ਼ਾਵਾਂ ਦਿਵਾਉਣ ਲਈ ਸਾਂਝੇ ਮੰਚ ਤੋਂ ਉਪਰਾਲੇ ਕਰਨ ਦੀ ਅਪੀਲ ਕੀਤੀ।

## ਆਈ ਟੀ ਆਈ ਨੰਗਲ ਵਿਖੇ 'ਸਵੱਛਤਾ ਸੇਵਾ' ਤਹਿਤ ਸਫਾਈ ਮੁਹਿੰਮ ਦਾ ਆਗਾਜ਼

ਭਲਾਣ (ਹਰਭਜਨ ਢਿੱਲੋਂ)-ਤਕਨੀਕੀ ਸਿੱਖਿਆਂ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਨੰਗਲ ਵਿਖੇ 'ਸਵੱਛਤਾ ਸੇਵਾ' ਤਹਿਤ ਸਫਾਈ ਮੁਹਿੰਮ ਦਾ ਆਗਾਜ਼ ਕੀਤਾ ਗਿਆ। 17 ਸਤੰਬਰ ਤੋਂ 2 ਅਕਤੂਬਰ ਤੱਕ ਮਨਾਏ ਜਾ ਰਹੇ ਸਵੱਛਤਾ ਪੰਦਰਵਾੜੇ ਤਹਿਤ 'ਸਵੱਛਤਾ ਹੀ ਸੇਵਾ' ਦੇ ਨਾਅਰੇ ਤਹਿਤ ਨਗਰ ਕੌਂਸਲ ਨੰਗਲ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਸਫਾਈ ਮੁਹਿੰਮ ਤਹਿਤ ਜਿਥੇ ਸਮੂਹ ਸਟਾਫ ਅਤੇ ਸਿੱਖਿਆਰਥੀਆਂ ਨੇ ਸੰਸਥਾਂ ਵਿੱਚ ਸਫਾਈ ਕੀਤੀ ਗਈ,ਉਥੇ ਵਾਤਾਵਰਨ ਦੀ ਸੰਭਾਲ ਲਈ ਪੌਦੇ ਵੀ ਲਗਾਏ ਗਏ। ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਸਿੱਖਿਆਰਥਣਾ ਨੂੰ ਸਫਾਈ ਪ੍ਰਤੀ ਜਾਗਰੂਕ ਨੂੰ ਆਪਣੇ ਘਰਾਂ ਦਾ ਕੂੜਾ ਕੂੜਾਦਾਨ ਵਿੱਚ ਪਾਉਣ , ਆਪਣੇ ਆਲੇ-ਦੁਆਲੇ ਦੀ ਸਫਾਈ ਦਾ ਧਿਆਨ ਰੱਖਣ ਅਤੇ ਆਪਣੇ ਪਰਿਵਾਰ ਅਤੇ ਸਮਾਜ ਨੂੰ ਸਾਫ ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਿੱਖਿਆਰਥੀਆਂ ਅਤੇ ਸਟਾਫ ਨੂੰ ਅਪੀਲ ਕੀਤੀ ਕਿ ਉਹ ਸੰਸਥਾਂ ਨੂੰ ਸਾਫ ਸੁਥਰਾ ਰੱਖਣ ਲਈ ਸਹਿਯੋਗ ਕਰਨ।ਇੰਸਟਰਕਟਰ ਰਵਨੀਤ ਕੌਰ ਭੰਗਲ, ਅਨੀਲਮ ਸ਼ਰਮਾ, ਗੁਰਨਾਮ ਕੌਰ, ਮਿਤੇਸ਼ ਕੁਮਾਰ, ਮਾਇਆ ਦੇਵੀ ਆਦਿ ਹਾਜ਼ਰ ਸਨ।

## ਜਮਾਤ ਅਹਿਮਦੀਆ ਦਾ ਮਕਸਦ ਸਮਾਜ 'ਚ ਅਮਨ ਦਾ ਮਾਹੌਲ ਕਾਇਮ ਕਰਨਾ : ਤਾਰਿਕ ਅਹਿਮਦ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਅਹਿਮਦੀਆ ਮੁਸਲਿਮ ਜਮਾਤ ਦੇ ਵਿਸ਼ਵ ਮੁਖੀ ਅਤੇ ਪੰਜਵੇਂ ਖਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਨੇ ਸੰਯੁਕਤ ਰਾਜ ਅਮਰੀਕਾ ਦੇ ਮਿੱਡਵੈਸਟ ਖੇਤਰ ਦੇ ਅਹਿਮਦੀਆ ਮੁਸਲਿਮ ਯੂਥ ਐਸੋਸੀਏਸ਼ਨ (ਖੁੱਦਾਮੁਲ ਅਹਿਮਦੀਆ) ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ



ਉਨ੍ਹਾਂ ਨੌਜਵਾਨਾਂ ਦੀ ਰਹਿਨੁਮਾਈ ਕੀਤੀ। ਇਸ ਸੰਬੰਧ ਵਿੱਚ ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ ਅਹਿਮਦੀ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਫਰਮਾਇਆ ਕਿ ਜਿਨ੍ਹਾਂ ਰਾਜਨੀਤਿਕ ਲੋਕਾਂ ਨਾਲ ਤੁਹਾਡੇ ਸੰਬੰਧ ਹਨ ਉਹਨਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਸਾਡੀ ਜਮਾਤ ਦਾ ਮਕਸਦ ਲੋੜਵੰਦਾਂ ਦੀ ਮਦਦ ਕਰਨਾ ਅਤੇ ਸਮਾਜ ਵਿੱਚ ਅਮਨ ਕਾਇਮ ਕਰਨਾ ਹੈ। ਸਾਨੂੰ ਇਨ੍ਹਾਂ ਲੋਕਾਂ ਤੋਂ ਕਿਸੇ ਦੁਨਿਆਵੀ ਮਦਦ ਦੀ ਲੋੜ ਨਹੀਂ।ਅਮਰੀਕਾ ਵਿੱਚ ਅਹਿਮਦੀ ਮੁਸਲਿਮ ਪਰਵਾਰਾਂ ਵਿੱਚ ਉਰਦੂ ਭਾਸ਼ਾ ਨੂੰ ਸੰਭਾਲਣ ਬਾਰੇ ਪ੍ਰਸ਼ਨ 'ਤੇ ਹਜ਼ੂਰ ਨੇ ਕਿਹਾ: ਜੇ ਤੁਹਾਡੇ ਮਾਤਾ-ਪਿਤਾ ਤੁਹਾਡੇ ਨਾਲ ਉਰਦੂ ਵਿੱਚ ਗੱਲ ਕਰਦੇ ਹਨ ਤਾਂ ਤੁਸੀਂ ਇਸ ਨੂੰ ਸਿੱਖ ਲਵੋਗੇ ਘਰ ਵਿੱਚ ਕੋਸ਼ਿਸ਼ ਕਰੋ ਕਿ ਉਨਾਂ ਨਾਲ ਉਰਦੂ ਵਿੱਚ ਗੱਲ ਕਰੋ ਅਤੇ ਹੌਲੀ-ਹੌਲੀ ਉਹ ਇਸ ਨੂੰ ਸਿੱਖ ਜਾਣਗੇ।ਬੱਚਿਆਂ ਨੂੰ ਉਰਦੂ ਸਿਖਾਉਣ ਲਈ ਵਕਫ਼-ਏ-ਨੌ ਵਿਭਾਗ ਵੱਲੋਂ ਕਲਾਸਾਂ ਵੀ ਚੱਲਣੀਆਂ ਚਾਹੀਦੀਆਂ ਹਨ। ਜੇ ਤੁਸੀਂ ਚੰਗੇ ਕੰਮ ਕਰ ਰਹੇ ਹੋ, ਗਰੀਬਾਂ ਦੀ ਦੇਖਭਾਲ ਕਰ ਰਹੇ ਹੋ, ਨਮਾਜ਼ਾਂ ਅਦਾ ਕਰ ਰਹੇ ਹੋ ਅਤੇ ਹੱਜ ਦੀ ਨੀਅਤ ਰੱਖਦੇ ਹੋ ਤਾਂ ਜਦ ਅੱਲਾਹ ਮੌਕਾ ਦੇਵੇਗਾ ਤੁਸੀਂ ਹੱਜ 'ਤੇ ਜਾਵੋਗੇ ਪਰ ਉਸ ਤੋਂ ਪਹਿਲਾਂ ਵੀ ਅੱਲਾ ਤੁਹਾਡਾ ਹੱਜ ਕਬੂਲ ਕਰ ਸਕਦਾ ਹੈ।

## ਮਜ਼ਦੂਰ ਜਮਾਤ ਨੂੰ ਚੁਣੌਤੀਆਂ ਦਾ ਮੁਕਾਬਲਾ ਜਥੇਬੰਦ ਹੋ ਕੇ ਹੀ ਕੀਤਾ ਜਾ ਸਕਦੈ: ਉਦੀਪੁਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਸ਼ਹਿਰੀ ਸਬ ਡਵੀਜ਼ਨ ਗੁਰਦਾਸਪੁਰ ਦੀ ਜਥੇਬੰਦੀ ਦੀ ਚੋਣ ਮੰਡਲ ਪ੍ਰਧਾਨ ਸਾਥੀ ਸਾਹਿਬ ਸਿੰਘ ਧਾਲੀਵਾਲ ਦੀ ਨਿਗਰਾਨੀ ਹੇਠ ਹੋਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸਰਕਲ ਪ੍ਰਧਾਨ ਗੁਰਦਾਸਪੁਰ ਸਾਥੀ ਬਲਵਿੰਦਰ ਉਦੀਪੁਰ ਸ਼ਾਮਲ ਹੋਏ।



ਇਸ ਮੌਕੇ ਸੰਬੋਧਨ ਕਰਦਿਆਂ ਸਾਥੀ ਉਦੀਪੁਰ ਨੇ ਦੱਸਿਆ ਅੱਜ ਦੇ ਸਮੇਂ ਮੁਤਾਬਿਕ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਬਹੁਤ ਲੋੜ ਹੈ ਕਿ ਕਿਉਂਕਿ ਮਜ਼ਦੂਰ ਜਮਾਤ ਸਾਹਮਣੇ ਅਨੇਕਾਂ ਚੁਣੌਤੀਆਂ ਮੂਹ ਅੱਡੀ ਖੜ੍ਹੀਆਂ ਹਨ, ਜਿਨ੍ਹਾਂ ਦਾ ਮੁਕਾਬਲਾ ਜਥੇਬੰਦ ਹੋ ਕੇ ਕੀਤਾ ਜਾ ਸਕਦਾ ਹੈ।ਪਿਛਲੇ ਦਿਨੀਂ ਪੰਜਾਬ ਦੇ ਅੰਦਰ ਆਏ ਹੜ੍ਹਾਂ ਕਾਰਨ ਲੋਕਾਂ ਦੇ ਜਾਨੀ ਮਾਲੀ ਹੋਏ ਨੁਕਸਾਨ ਦੀ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ, ਕਿਉਂਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਵਡਮੁੱਲਾ ਯੋਗਦਾਨ ਪਾਇਆ ਹੈ ,ਭਾਵੇਂ ਕਿ ਸਰਕਾਰ ਦਾਂ ਕਾਰਜਕਾਲ ਮੁਲਾਜ਼ਮ ਵਿਰੋਧੀ ਰਿਹਾ ਹੈ। ਮੁਲਾਜ਼ਮ ਆਗੂਆਂ ਨੇ ਪਿਛਲੇ ਦਿਨੀਂ ਪੰਜਾਬ ਦੇ ਬਿਜਲੀ ਕਾਮਿਆਂ ਵੱਲੋਂ ਲਗਾਤਾਰ ਕੀਤੇ ਸੰਘਰਸ਼ ਵਿਚ ਸ਼ਾਮਲ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਮੈਨੇਜਮੈਂਟ ਨਾਲ ਹੋਏ ਸਮਝੌਤੇ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਹੈ।ਅੰਤ ਵਿੱਚ ਸਬ ਯੂਨਿਟ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਜਿਸ ਵਿਚ ਅਨਿਲ ਕੁਮਾਰ ਸ਼ਰਮਾ ਪ੍ਰਧਾਨ, ਸੰਦੀਪ ਕੁਮਾਰ ਸੀਨੀਅਰ ਮੀਤ ਪ੍ਰਧਾਨ, ਗੌਰਵ ਪ੍ਰਿਆ ਸਕੱਤਰ, ਲਖਵਿੰਦਰ ਸਿੰਘ ਮਹਿਰਾ ਸਹਾਇਕ ਸਕੱਤਰ, ਸਾਥੀ ਸਤਨਾਮ ਸਿੰਘ ਭਾਗੋਕਾਵਾਂ ਕੈਸ਼ੀਅਰ ਚੁਣੇ ਗਏ।

## ਸਿੱਖਿਆ ਜਗਤ ਦੇ ਦਸ ਮਹਾਂਰਥੀ 'ਨੇਸ਼ਨ ਬਿਲਡਰ ਐਵਾਰਡ' ਨਾਲ ਸਨਮਾਨਿਤ



**ਅੰਮ੍ਰਿਤਸਰ (ਅਰੋੜਾ)**: ਭਾਰਤ ਵਿੱਚ ਸਾਰੀਆਂ ਰੋਟਰੀ ਕਲੱਬਾਂ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਦੇਸ਼ ਭਰ ਦੇ ਬੁੱਧੀਜੀਵੀ ਅਧਿਆਪਕਾਂ ਨੂੰ ਸਾਲ ਵਿੱਚ 1 ਵਾਰ ਸਨਮਾਨਿਤ ਕੀਤੇ ਜਾਣ ਦੀ ਪ੍ਰਧਾਨ ਨਿਯਮਿਤ ਚੱਲ ਰਹੀ ਹੈ। ਇਸ ਪ੍ਰਥਾ ਦੇ ਚੱਲਦੇ ਰੋਟਰੀ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਮਹਿੰਦਰ ਪਾਲ ਸ਼ਰਮਾ, ਸਕੱਤਰ ਇੰਜੀ. ਮਨਜੀਤ ਸਿੰਘ, ਐੱਮਓਸੀਸੀਏ ਵਿਕਾਸ ਕੁਮਾਰ, ਰੋਟਰੀ ਦੇ ਸਮੂਹ ਸਹਾਇਕ ਨਿਰਮਲ ਸਿੰਘ ਆਨੰਦ ਦੀ ਦੇਖ ਰੇਖ ਵਿੱਚ ਮਹਾਂਨਗਰ ਦੇ 10 ਬੁੱਧੀਜੀਵੀ ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ, ਸਕੱਤਰ ਅਤੇ ਮੁੱਖ ਮਹਿਮਾਨ ਅਤੇ ਡਾ. ਕੁੰਵਰ ਵਿਜੇ ਪ੍ਰਤਾਪ ਨੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ। ਅਧਿਆਪਕ ਅਨੀਤਾ ਸ਼ਰਮਾ, ਦਵਿੰਦਰ ਕੌਰ, ਗਣੇਸ਼ ਭਾਰਤੀ, ਡਾ. ਗੁਰਮਿੰਦਰ ਸਿੰਘ, ਹਰਪ੍ਰੀਤ ਕੌਰ, ਜਤਿੰਦਰਪਾਲ ਸਿੱਧੂ, ਕੰਪਿਊਟਰ ਜਗਤ ਵਿੱਚ ਆਪਣੀ ਖਾਸ ਕਲਾ ਦੀ ਅਧਿਆਪਕ ਕਮਲਦੀਪ ਕੌਰ, ਪ੍ਰਿਯੰਕਾ ਸ਼ਰਮਾ, ਡਾ. ਰਣਦੀਪ ਕੌਰ, ਸਵਿਤਾ ਖੰਨਾ ਨੂੰ ਨੇਸ਼ਨ ਬਿਲਡਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਰਜੇਸ਼ ਮੇਹਰਾ, ਅਸ਼ੋਕ ਕੁਮਾਰ, ਸੁਖਪਿੰਦਰ ਕੌਰ, ਇੰਦੂ ਗੁਪਤਾ, ਦੀਪਕ ਖੰਨਾ, ਇਕਬਾਲ ਸਿੰਘ, ਨੀਲਮ ਖਰਬੰਦਾ, ਗੁਰਿੰਦਰਪਾਲ ਕੌਰ, ਕਿਵਲ ਕਿਸ਼ਨ ਅਰੋੜਾ, ਵਿਜੇ ਨਈਅਰ, ਜਸਮੀਨ ਗਿੱਲ ਸਹਿਤ ਰੋਟਰੀ ਕਲੱਬ ਮੇਨ ਦੇ ਸਮੂਹ ਮੈਂਬਰ ਪਰਿਵਾਰਾਂ ਸਹਿਤ ਮੌਜੂਦ ਸਨ।ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਰੋਟਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## ਪੰਜਵੜ ਵਿਖੇ ਬਾਬਾ ਮੋਹਕਮ ਸ਼ਾਹ ਦੀ ਦਰਗਾਹ 'ਤੇ ਸਾਲਾਨਾ ਮੇਲਾ ਭਲਕੇ

ਝਬਾਲ, (ਹਰਜਿੰਦਰ ਸਿੰਘ ਸੋਨੀ)-ਪਿੰਡ ਪੰਜਵੜ ਵਿਖੇ ਪੀਰ ਬਾਬਾ ਮੋਹਕਮ ਸ਼ਾਹ ਦੀ ਦਰਗਾਹ ਤੇ ਸਾਲਾਨਾ ਜੋੜ ਮੇਲਾ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਐੱਨਆਰਆਈ ਵੀਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ 21 ਸਤੰਬਰ ਦਿਨ ਐਤਵਾਰ



ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਅਮਰੀਕ ਸਿੰਘ, ਸੇਵਾਦਾਰ ਸ਼ਮਸ਼ੇਰ ਸਿੰਘ ਸ਼ੇਰਾ, ਹਰਜੀਤ ਸਿੰਘ, ਨਿਰਵੈਲ ਸਿੰਘ, ਦਲਵਿੰਦਰ ਸਿੰਘ, ਕੰਵਲਜੀਤ ਸਿੰਘ ਪੱਪੂ, ਨਰਿੰਦਰ ਸਿੰਘ, ਬੂਆ ਸਿੰਘ, ਹਰਜਿੰਦਰ ਸਿੰਘ, ਨਿਸ਼ਾਨ ਸਿੰਘ, ਰੋਸ਼ਨ ਸਿੰਘ, ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਗੁਰਿੰਦਰ ਸਿੰਘ ਆਦਿ ਮੇਲਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਗੁਰਜੰਟ ਸਿੰਘ ਯੂਐੱਸਏ, ਦਿਲਬਾਗ ਸਿੰਘ ਹਾਂਗਕਾਂਗ, ਸੁਰਿੰਦਰ ਸਿੰਘ ਡੀਸੀ ਸਪੇਨ, ਗੁਰਲਾਭ ਜਾਰਡਨ, ਗੁਲਾਬ ਡੁਬਈ, ਜੋਬਨ ਇਟਲੀ, ਵਰਿਆਮ ਬਿੱਲੂ ਇਟਲੀ, ਸੁਖਬੀਰ ਸਰਾਏ-ਸੁਖਰਾਜ ਸਰਾਏ ਯੂਐੱਸਏ, ਅਰਸ਼ਦੀਪ ਕੈਨੇਡਾ, ਲਵ ਕੈਨੇਡਾ, ਕਰਨ ਕੈਨੇਡਾ, ਪ੍ਰਿੰਸ ਕੈਨੇਡਾ, ਆਕਾਸ਼ ਬਾਕੀਪੁਰ, ਹਰਜਿੰਦਰ ਸਿੰਘ ਕਤਰ, ਰਾਜਬੀਰ ਸਿੰਘ ਦੁਬਈ, ਮਨਬੀਰ ਦੁਬਈ, ਦਾਨ ਸਿੰਘ ਜਰਮਨ, ਗੁਰਸਿਫਤ ਢਿੱਲੋਂ, ਜਸਾਵਰ ਢਿੱਲੋਂ, ਪ੍ਰਮਵੀਰ ਕੈਨੇਡਾ, ਦਿਲਪ੍ਰੀਤ ਢਿੱਲੋਂ, ਗੁਰਸੁਰਮਨ, ਢਿੱਲੋਂ ਸਪੇਨ, ਮਨਤਾਜ ਢਿੱਲੋਂ ਸਪੇਨ, ਹਰਗੁਨ ਢਿੱਲੋਂ, ਦਿਲ ਸ਼ੇਰ ਢਿੱਲੋਂ, ਮਹਿਤਾਬ ਢਿੱਲੋਂ ਆਦਿ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਮੇਲੇ ਦੌਰਾਨ ਗਾਇਕ ਜੋੜੀ ਗੁਰਵੀਰ ਸਿੱਧੂ, ਬੀਬਾ ਅਮਨ ਵਿਰਕ ਸਮੇਤ ਹੋਰ ਕਲਾਕਾਰ ਮਨੋਰੰਜਨ ਕਰਨ ਲਈ ਪਹੁੰਚ ਰਹੇ ਹਨ।ਸ਼ਾਮ ਨੂੰ ਪ੍ਰਸਿੱਧ ਕਬੱਡੀ ਕਲੱਬ ਲੜਕਿਆਂ ਦੇ ਮੈਚ ਤੋਂ ਪਹਿਲਾਂ ਪੰਜਵੜ ਕਲੱਬ ਤੇ ਤਰਨਤਾਰਨ ਦੀਆਂ ਲੜਕੀਆ ਦੀਆਂ ਟੀਮਾਂ ਵਿਚਕਾਰ ਮੈਚ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਹੋਵੇਗਾ।

# ਜੰਡਿਆਲਾ ਗੁਰੂ ਦਾਣਾ ਮੰਡੀ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**:ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ ਨੇ ਜੰਡਿਆਲਾ ਗੁਰੂ ਮੰਡੀ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਜ਼ਿਮੀਦਾਰ ਦਾ ਇੱਕ ਇੱਕ ਦਾਣਾ ਝੋਨੇ ਦਾ ਚੁੱਕਣ ਲਈ ਵਚਨਬੱਧ ਹੈ। ਅਫਸਰਾਂ ਨੂੰ ਸਖਤ ਹਦਾਇਤ ਕੀਤੀ ਕਿ ਮੰਡੀ ਵਿੱਚ ਆੜ੍ਹਤੀਆਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕੋਈ ਵੀ ਮੁਸ਼ਕਿਲ ਨਹੀਂ ਆਉਣੀ ਚਾਹੀਦੀ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਪਹਿਲੀ ਵਾਰ ਇਨ੍ਹਾਂ ਦਿਨਾਂ ਵਿੱਚ ਸਰਕਾਰੀ ਖਰੀਦ ਹੋ ਰਹੀ ਹੈ ਜੋ ਕਿ ਖਾਸ ਕਰ ਮਾਝੇ ਦੇ ਜ਼ਿਮੀਂਦਾਰਾਂ ਲਈ ਇੱਕ ਵੱਡਾ ਤੋਹਫਾ ਹੈ ਨਹੀਂ ਤਾਂ ਪਹਿਲਾਂ ਸਰਕਾਰੀ ਖਰੀਦ ਇੱਕ ਅਕਤੂਬਰ ਤੋਂ ਸ਼ੁਰੂ ਹੁੰਦੀ ਸੀ। ਈ ਟੀ ਓ ਨੇ ਕਿਹਾ ਕਿ ਸਰਕਾਰੀ ਚਾਰੇ ਏਜੰਸੀਆਂ ਪਨਸਪ, ਮਾਰਕਫੈੱਡ, ਪਨਗ੍ਰੇਨ, ਵੇਰਹਾਊਸ ਵਧੀਆ ਖ਼ਰੀਦ ਕਰ ਰਹੀਆਂ ਹਨ ਅਤੇ ਬਾਰਦਾਨੇ ਦੀ ਵੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਕਿਸਾਨ ਭਰਾਵਾਂ ਨੂੰ ਇਹੋ ਅਪੀਲ ਕਰੂੰਗਾ ਕਿ ਥੋੜਾ ਜਿਹਾ ਜੇ ਕਿਤੇ ਮੁਆਇਸ਼ਰ ਹੁੰਦਾ ਹੈ ਤਾਂ ਪਰਮਲ ਨੂੰ ਸੁਕਾ ਕੇ ਮੰਡੀ ਦੇ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਜਿਹੜੀ ਵੀ ਪਰਚੇਜ਼ ਕਰਾਂਗੇ ਉਸ ਦੀ ਅਦਾਇਗੀ 24 ਘੰਟਿਆਂ ਦੇ ਵਿੱਚ ਵਿੱਚ ਕਿਸਾਨਾਂ ਦੇ ਖਾਤਿਆਂ ਵਿੱਚ ਕਰ ਦਿੱਤੀ ਜਾਵੇਗੀ ।




ਸਰਕਾਰ ਵੱਲੋਂ ਪਰਮਲ ਦਾ ਰੇਟ 2399 ਐੱਮਐੱਸਪੀ ਨਿਸ਼ਚਿਤ ਕੀਤਾ ਗਿਆ ਹੈ ਅਤੇ ਬਾਸਮਤੀ ਦਾ ਮੰਡੀ ਦੇ ਵਿੱਚ 3300-3400 ਤੱਕ ਦਾ ਰੇਟ ਰੱਖਿਆ ਗਿਆ ਹੈ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਨੀਲ ਪਾਸੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇਨ੍ਹਾਂ ਦਿਨਾਂ 'ਚ ਖ਼ਰੀਦ ਸ਼ੁਰੂ ਹੋਈ ਹੈ। ਇਹ ਮਾਝੇ ਦੇ ਜ਼ਿਮੀਂਦਾਰਾਂ ਲਈ ਸਰਕਾਰ ਵੱਲੋਂ ਬਹੁਤ ਵੱਡਾ ਤੋਹਫਾ ਹੈ ਕਿ 15 ਦਿਨ ਪਹਿਲਾਂ ਸਰਕਾਰੀ ਖਰੀਦ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਸ਼ੈਲਰ ਯੂਨੀਅਨ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ ਨੇ ਜ਼ਿਮੀਂਦਾਰਾਂ ਨੂੰ ਬੇਨਤੀ ਕੀਤੀ ਝੋਨਾ ਸੁਕਾ ਕੇ ਮੰਡੀ ਵਿਚ ਲਿਆਉ।

## 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸਪੈਸ਼ਲ ਫੌਗਿੰਗ ਟੀਮਾਂ ਰਵਾਨਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਵਿੱਚ ਸਿਵਲ ਸਰਜਨ ਅੰਮ੍ਰਿਤਸਰ ਡਾ ਸਵਰਨਜੀਤ ਧਵਨ ਵੱਲੋਂ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ ਅਤੇ ਡੇਂਗੂ ਦੇ ਲਾਰਵੇ ਦੀ ਭਾਲ ਕੀਤੀ ਗਈ।ਇਸੇ ਮੁਹਿੰਮ ਤਹਿਤ ਰਮਦਾਸ, ਅਜਨਾਲਾ, ਲੋਪੋਕੇ ਅਤੇ ਨਜ਼ਦੀਕ ਸਾਰੇ ਪਿੰਡਾਂ ਵਿੱਚ ਐਂਟੀ ਲਾਰਵਾ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਆਮ ਨਾਗਰਿਕਾਂ ਨੂੰ ਡੇਂਗੂ, ਚਿਕਨਗੁਨੀਆ ਪ੍ਰਤੀ ਜਾਗਰੂਕ ਕੀਤਾ ਗਿਆ।

ਇਸ ਉਪਰੰਤ ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ ਦੀ ਜਾਂਚ ਕੀਤੀ ਗਈ ਅਤੇ ਡੇਂਗੂ ਤੇ ਚਿਕਨਗੁਨੀਆ ਦੇ ਲਾਰਵੇ ਦੀ ਭਾਲ ਕੀਤੀ ਗਈ ਅਤੇ ਕਈ ਥਾਵਾਂ ਤੇ ਮਿਲਿਆ ਲਾਰਵਾ ਮੌਕੇ ਤੇ ਨਸ਼ਟ ਕੀਤਾ ਗਿਆ।



## ਮਾਰਸ਼ਲ ਆਰਟ 'ਚ ਧਾਰੀਵਾਲ ਦੀ ਗੱਤਕਾ ਟੀਮ ਨੇ ਜੌਹਰ ਦਿਖਾਏ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਮੱਧ ਪ੍ਰਦੇਸ਼ ਜਨਜਾਤੀ ਸੰਗਰਹਾਲਯ ਸ਼ਿਆਮਲਾ ਹਿਲਜ਼, ਭੋਪਾਲ ਵਿਖੇ ਓਦਘੋਸ਼ ਕਲਾਵਿਦਿਆ ਵਿੱਚ ਯੁੱਧ, ਕੌਸਲ ਦਾ ਪ੍ਰਦਰਸ਼ਨ ਕਰਵਾਇਆ ਜਿਸ ਵਿੱਚ ਤੇ ਵੱਖ-ਵੱਖ ਰਾਜਾ ਤੋਂ ਮਾਰਸਲ ਆਰਟ ਆਏ ਜਿਵੇ ਕਲਰੀਪਾਯਟੂ. ਪਕੜਾ. ਲੱਠਥੀਮ. ਡਾਲ ਤਲਵਾਰ. ਰਾਸ. ਛਾਓਂ. ਅਖਾੜਾ. ਪਾਈ-ਡਡਾ. ਸਿਲੰਬਮ. ਢਾਗਾ., ਗੱਤਕਾ. ਪਡਵਾਨੀ. ਆਲਾ. ਵੀਂਰਸੀ. ਮੱਲਖੰਡ. ਅਤੇ ਤੇਲਾਂ ਨਿਰਤਨੁ. ਗਾਇਣ. ਅਤੇ ਯੁੱਧ ਕਲਾ ਦਾ ਪ੍ਰਦਰਸ਼ਨ ਕਰਵਾਇਆ ਜਿਸ ਵਿੱਚ ਪੰਜਾਬ ਦਾ ਗੱਤਕਾ ਕਰਵਾਇਆ ਜਿਸ ਵਿਚ ਕਰਾਂਤੀ ਵੈੱਲਫੇਅਰ ਕੌਂਸਲ ਗੁਰਦਾਸਪੁਰ ਵੱਲੋਂ ਗੁਰਮਤਿ ਪ੍ਰਚਾਰ ਲਹਿਰ ਗਤਕਾ ਜਥਾ ਧਾਰੀਵਾਲ ਦੇ ਜਥੇ ਨੂੰ ਜਥੇ ਪਰਦੀਪ ਸਿੰਘ ਸੇਵਕ ਦੀ ਅਗਵਾਈ ਚ ਭੇਜਿਆ ਗਿਆ 13 ਤੇ 14 ਸੱਤਬਰ ਸ਼ਾਮ ਨੂੰ ਕਰੀਬਨ 10 ਹਜ਼ਾਰ ਲੋਕਾਂ ਸਾਹਮਣੇ ਗਤਕੇ ਦੇ ਜੌਹਰ ਦਿਖਾਏ।ਉਥੇ ਹਾਜ਼ਰ ਲੋਕਾਂ ਨੇ ਧਾਰੀਵਾਲ ਦੀ ਗੱਤਕਾ ਟੀਮ ਦੀ ਸ਼ਲਾਘਾ ਕੀਤੀ ਤੇ ਸ਼ੁਭਕਾਮਨਾਵਾਂ ਦਿੱਤੀਆਂ। ਪਰਦੀਪ ਸਿੰਘ ਸੇਵਕ ਨੇ ਦੱਸਿਆ ਕਿ ਇਸ ਟੀਮ ਵਿੱਚ ਸੀਨੀਅਰ ਮੁੰਡੇ ਹਾਜਰ ਸਨ। ਇਸ ਟੀਮ ਵਿੱਚ ਮਨਦੀਪ ਸਿੰਘ, ਸ਼ਰਨਪ੍ਰੀਤ ਸਿੰਘ, ਹਰਮਨ ਪ੍ਰੀਤ ਸਿੰਘ, ਕਰਨਵੀਰ ਸਿੰਘ, ਗੁਰਜੀਤ ਸਿੰਘ, ਜਸ਼ਨਦੀਪ ਸਿੰਘ, ਨਵਨੀਤ ਸਿੰਘ, ਹਰਮਨ ਜਫ਼ਰਵਾਲ, ਮਨਪ੍ਰੀਤ ਸੰਘਰ, ਅਨਮੋਲ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਆਰ. ਡੀ. ਖੋਸਲਾ ਸਕੂਲ ਦੀਆਂ ਕੁੜੀਆਂ ਨੂੰ ਕੁਸ਼ਤੀ ਟੂਰਨਾਮੈਂਟ 'ਚ ਦੂਜਾ ਸਥਾਨ ਪ੍ਰਾਪਤ

ਬਟਾਲਾ (ਤਰਲੋਕ ਬੱਗਾ)-ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੀਆਂ



ਅੰਡਰ-14 ਅਤੇ ਅੰਡਰ-17 ਲੜਕੀਆਂ ਦੀ ਕੁਸ਼ਤੀ ਟੀਮਾਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।ਲੜਕੀਆਂ ਦੀ ਟੀਮ ਵਿਚ ਹਰਪ੍ਰੀਤ ਕੌਰ, ਅਵਨੀਤ ਕੌਰ, ਨਵਨੀਤ ਕੌਰ, ਗੁਰ ਕੀਰਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ ।ਅਨਮੋਲ ਕੌਰ, ਸੀਰਤ ਕੌਰ, ਜਸਮੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ ।ਮਨਦੀਪ ਕੌਰ ਨੇ ਪਹਿਲਾਂ ਸਥਾਨ ਹਾਸਲ ਕੀਤਾ। ਖਿਡਾਰੀਆਂ ਨੇ ਆਪਣੀ ਮਜ਼ਬੂਤ ਖੇਡ ਭਾਵਨਾ, ਅਨੁਸ਼ਾਸਨ ਅਤੇ ਸਖ਼ਤ ਮਿਹਨਤ ਰਾਹੀਂ ਸਕੂਲ ਦਾ ਨਾਮ ਰੌਸ਼ਨ ਕੀਤਾ।ਮੁਕਾਬਲੇ ਦੌਰਾਨ, ਦੋਵੇਂ ਉਮਰ ਵਰਗ ਦੀਆਂ ਟੀਮਾਂ ਨੇ ਸਖ਼ਤ ਮੁਕਾਬਲੇ ਦਾ ਸਾਹਮਣਾ ਕੀਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਪ੍ਰਿੰ. ਡਾ. ਬਿੰਦੂ ਭੱਲਾ ਨੇ ਸਾਰੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਤਰਲੋਕ ਸਿੰਘ, ਰਾਜਬੀਰ ਸਿੰਘ ਅਤੇ ਸ਼੍ਰੇਸ਼ਠਾ ਸ਼ਰਮਾ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।ਸਕੂਲ ਨੇ ਜੇਤੂ ਟੀਮਾਂ ਨੂੰ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਖਿਡਾਰੀਆਂ ਨੂੰ ਹਰ ਪੱਧਰ ਤੇ ਬਿਹਤਰ ਸਿਖਲਾਈ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਦਰਦਨਾਕ ਸੜਕ ਹਾਦਸੇ 'ਚ ਡਾ. ਅਮ੍ਰਿਤਪਾਲ ਸਿੰਘ ਦੀ ਮੌਤ


**ਬੰਗਾ (ਅਵਤਾਰ ਕਲੇਰ)**- ਪਿੰਡ ਢਾਹਾਂ ਕਲੇਰਾਂ ਨਜ਼ਦੀਕ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ 'ਚ ਐਮ. ਡੀ. ਕਰ ਰਹੇ ਨੌਜਵਾਨ ਡਾ. ਅਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਡਾ. ਅਮ੍ਰਿਤਪਾਲ ਸਿੰਘ ਆਪਣੀ ਆਈ 20 ਕਾਰ ਰਾਹੀਂ ਮੋਹਾਲੀ ਤੋਂ ਵਾਪਸ ਆ ਰਹੇ ਸਨ। ਮ੍ਰਿਤਕ ਡਾ. ਦੀ ਪਛਾਣ ਪਿੰਡ ਉਧਨਵਾਲ, ਥਾਣਾ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਨਿਵਾਸੀ ਅੰਮ੍ਰਿਤਪਾਲ ਸਿੰਘ ਪੁੱਤਰ ਹਰਭਜਨ ਸਿੰਘ ਵਜੋਂ



ਹੋਈ । ਉਹ ਐਮ. ਡੀ. ਔਰਥੋ ਜਨਵਰੀ 2025 ਬੈਚ ਦਾ ਵਿਦਿਆਰਥੀ ਸੀ। ਹਾਦਸੇ ਵੇਲੇ ਕਾਰ ਵਿਚ ਉਸ ਦੀ ਸਟਾਫ ਮੈਂਬਰ ਤੇ ਸਾਥੀ ਵਿਦਿਆਰਥੀ ਅਰਸ਼ਦੀਪ ਕੌਰ ਵੀ ਮੌਜੂਦ ਸੀ, ਜਿਸ ਦੀ ਹਾਲਤ ਇਸ ਵੇਲੇ ਗੰਭੀਰ ਦੱਸੀ ਜਾ ਰਹੀ ਹੈ। ਮ੍ਰਿਤਕ ਦੇ ਪਿਤਾ ਹਰਭਜਨ ਸਿੰਘ ਨੇ ਪੁਲਸ ਸ਼ਿਕਾਇਤ ਵਿਚ ਦੱਸਿਆ ਕਿ ਇਕ ਤੇਜ਼ ਰਫਤਾਰ ਟਿੱਪਰ ਨੇ ਉਨ੍ਹਾਂ ਦੇ ਬੇਟੇ ਦੀ ਗੱਡੀ ਨੂੰ ਸਾਈਡ ਮਾਰ ਦਿੱਤੀ, ਜਿਸ ਕਾਰਨ ਮੇਰਾ ਬੇਟਾ ਘਟਨਾ ਸਥਲ 'ਤੇ ਹੀ ਜਾਨ ਗੁਆ ਬੈਠਾ। ਹਾਦਸੇ ਤੋਂ ਬਾਅਦ ਉਨ੍ਹਾਂ ਨੇ ਆਪਣੇ ਪੱਧਰ 'ਤੇ ਜਾਂਚ ਕਰਕੇ ਟਿੱਪਰ ਦਾ ਨੰਬਰ, ਸੀ. ਸੀ. ਟੀ. ਵੀ. ਫੁਟੇਜ ਤੇ ਮਾਲਕ ਦੀ ਜਾਣਕਾਰੀ ਡੀ. ਐਸ. ਪੀ. ਬੰਗਾ ਨੂੰ ਸੌਂਪੀ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਟਿੱਪਰ ਚਾਲਕ ਅਤੇ ਮਾਲਕ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

## ਪ੍ਰਿੰ. ਪ੍ਰੇਮ ਬੇਦੀ ਦਾ ਨਮ ਅੱਖਾਂ ਨਾਲ ਅੰਤਿਮ ਸੰਸਕਾਰ


ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਥਾਨਕ ਕਸਬੇ ਦੇ ਨਾਮਵਰ ਬੇਦੀ ਪਰਿਵਾਰ 'ਚ ਸਵ. ਬਾਬਾ ਵੇਦ ਵਿਆਸ ਬੇਦੀ ਦੇ ਧਰਮ ਸੁਪਤਨੀ ਅਤੇ ਆਪ ਆਗੂ ਸੁਧੀਰ ਬੇਦੀ ਤੇ ਵੈੱਬ ਚੈਨਲ ਦੇ ਐਡੀਟਰ ਜਤਿੰਦਰ ਬੇਦੀ, ਅਰੁਣ ਬੇਦੀ ਦੇ ਮਾਤਾ ਸਾਬਕਾ ਪ੍ਰਿੰ. ਪ੍ਰੇਮ ਬੇਦੀ (86) ਜਿਨ੍ਹਾਂ ਦਾ ਬੀਤੀ ਰਾਤ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਜ਼ੇਰੇ ਇਲਾਜ ਦਿਹਾਂਤ ਹੋ ਗਿਆ, ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਅਰਦਾਸ ਉਪਰੰਤ ਪ੍ਰਿੰ. ਬੇਦੀ ਦੇ ਛੋਟੇ ਪੁੱਤਰ ਸੁਧੀਰ ਬੇਦੀ ਵੱਲੋਂ ਉਨ੍ਹਾਂ ਦੀ ਚਿਖਾ ਨੂੰ ਅਗਨੀ ਦਿਖਾਈ ਗਈ।ਇਸ ਅੰਤਿਮ ਯਾਤਰਾ ਮੌਕੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਸਮੇਤ ਵੱਡੀ ਗਿਣਤੀ ਵਿੱਚ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਨੇ ਸ਼ਾਮਲ ਹੋ ਕੇ ਪ੍ਰਿੰਸੀਪਲ ਪ੍ਰੇਮ ਬੇਦੀ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕੀਤਾ।ਇਸ ਮੌਕੇ ਬਾਬਾ ਸੁਖਦੀਪ ਸਿੰਘ ਬੇਦੀ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਭਾਜਪਾ ਆਗੂ ਰਾਜੂ ਪੰਡਿਤ, ਡਾਕਟਰ ਅਸ਼ੋਕ ਸੋਨੀ, ਹੀਰਾ ਲਾਲ ਜੰਡਿਆਲ, ਵਿਨੋਦ ਕੁਮਾਰ ਮੱਤਰੀ, ਰਾਕੇਸ਼



ਮਹਾਜਨ, ਰਾਮ ਲਾਲ ਸ਼ਰਮਾ, ਕਪਿਲ ਧਵਨ, ਰਮੇਸ਼ ਬੱਬਰ, ਡਾਕਟਰ ਸਾਹਿਲ ਮਹਾਜਨ, ਪਰਮਿੰਦਰ ਸਿੰਘ ਬੇਦੀ, ਦਲਜੀਤ ਸਿੰਘ ਜੋਸ਼, ਡਾਕਟਰ ਗੁਰਦੇਵ ਸਿੰਘ, ਸ਼ਾਮ ਅਵੱਸਥੀ, ਰਾਜੀਵ ਮਹਾਜਨ, ਰਿੰਕੂ ਮਰਵਾਹਾ, ਐਡਵੋਕੇਟ ਰਾਜਨ ਬੇਦੀ, ਪੀ ਏ ਲਵਪ੍ਰੀਤ ਸਿੰਘ, ਸੁਭਾਸ਼ ਮਰਵਾਹਾ, ਅਸ਼ੋਕ ਮਰਵਾਹਾ, ਅਮਿਤ ਮਹਾਜਨ, ਜੇ ਈ ਬਲਦੇਵ ਰਾਜ, ਦਵਿੰਦਰ ਕੁਮਾਰ ਸਵਾਮੀ ਸਮੇਤ ਵੱਖ-ਵੱਖ ਪਾਰਟੀਆਂ ਦੇ ਆਗੂ ਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਨੂੰ ਲੈ ਮੀਟਿੰਗ ਹੋਈ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਮਾਝੇ ਦੇ ਪ੍ਰਸਿੱਧ ਇਤਿਹਾਸਕ ਪਵਿੱਤਰ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲਾ ਜਿਹੜਾ ਕਿ 5, 6 ਅਤੇ 7 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਮਨਾਇਆ ਜਾ ਰਿਹਾ ਹੈ, ਦੀਆਂ ਤਿਆਰੀਆਂ ਅਤੇ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਆਦਿ ਦੇ ਪ੍ਰਬੰਧਾਂ ਨੂੰ ਲੈ ਕੇ ਇਲਾਕੇ ਦੇ ਪਤਵੰਤੇ ਵਿਆਕਤੀਆਂ ਦੀ ਮੀਟਿੰਗ ਮੀਰੀ ਪੀਰੀ ਹਾਲ ਵਿਖੇ ਹੋਈ ਜਿਸ ਵਿੱਚ ਸ਼੍ਰੋਮਣੀ ਕਮੇਟੀ ਅਧਿਕਾਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ਼ਾਮਿਲ ਹੋਏ।



ਇਸ ਮੀਟਿੰਗ ਵਿੱਚ ਸ਼ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਮੈਨੇਜਰ ਸਰਬਦਿਆਲ ਸਿੰਘ ਘਰਿਆਲਾ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਭਾਈ ਸਤਨਾਮ ਸਿੰਘ ਖੰਡਾ ਸਮੇਤ ਵੱਖ ਵੱਖ ਆਗੂਆਂ ਨੇ ਮੇਲੇ ਤੇ ਆਉਣ ਵਾਲੀ ਸੰਗਤ ਲਈ ਲੰਗਰ, ਰਿਹਾਇਸ਼ ਅਤੇ ਟ੍ਰੈਫਿਕ ਦੀ ਸਮੱਸਿਆ ਸਬੰਧੀ ਆਪਣੇ ਆਪਣੇ ਵਿਚਾਰ ਪੇਸ਼ ਕਰਕੇ ਸੁਝਾਅ ਦਿੱਤੇ ਅਤੇ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਨੂੰ ਆਪਣੀਆਂ ਆਪਣੀਆਂ ਡਿਊਟੀਆਂ ਜ਼ਿੰਮੇਵਾਰ ਨਾਲ ਨਿਭਾਉਣ ਲਈ ਬੇਨਤੀ ਕੀਤੀ ਤਾਂ ਕਿ ਬਾਹਰੋਂ ਆਉਣ ਵਾਲੀਆਂ ਲੱਖਾਂ ਦੀ ਤਾਦਾਦ ਵਿਚ ਸੰਗਤ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ।ਇਸ ਸਮੇਂ ਮੀਟਿੰਗ ਵਿਚ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਕਸ਼ਮੀਰ ਸਿੰਘ ਗੰਡੀਵਿੰਡ, ਜਥੇ ਪਰਮਜੀਤ ਸਿੰਘ ਮੁੰਡਾਪਿੰਡ, ਬਾਬਾ ਹੀਰਾ ਸਿੰਘ ਠੱਠੀਖਾਰਾ, ਪੂਰਨ ਸਿੰਘ ਅੱਡਾ ਝਬਾਲ, ਸਾਬਕਾ ਸਰਪੰਚ ਜਰਨੈਲ ਸਿੰਘ ਪੰਡੋਰੀ, ਕਿਸਾਨ ਆਗੂ ਬਾਬਾ ਬਲਜਿੰਦਰ ਸਿੰਘ, ਵਰਿੰਦਰਜੀਤ ਸਿੰਘ, ਸਰਪੰਚ ਗੁਰਵਿੰਦਰ ਸਿੰਘਂ, ਸਰਪੰਚ ਮਨਜਿੰਦਰ ਸਿੰਘ ਐਮਾ, ਬਲਵਿੰਦਰ ਸਿੰਘ ਝਬਾਲ, ਕੈਪਟਨ ਸਿੰਘ ਬਘਿਆੜੀ, ਮਾਸਟਰ ਗੁਰਬੀਰ ਸਿੰਘ ਐਮਾ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਅਮਰਿੰਦਰ ਸਿੰਘ ਮਾਣਕ, ਸਰਪੰਚ ਨਿਰਮਲ ਸਿੰਘ ਰਾਮ ਰੌਣੀ, ਬਲਕਾਰ ਸਿੰਘ ਬਘਿਆੜੀ, ਮੈਨੇਜਰ ਨਵਤੇਜ ਸਿੰਘ ਠੱਠਾ, ਮਨਜਿੰਦਰ ਸਿੰਘ ਲਹਿਰੀ, ਸ਼ਰਨਜੀਤ ਸਿੰਘ ਭੋਜੀਆਂ, ਸਾਬਕਾ ਸਰਪੰਚ ਸੁਖਦੇਵ ਸਿੰਘ ਮਾਲੂਵਾਲ, ਹਰਦੇਵ ਸਿੰਘ ਮੂਸੇ, ਗੁਰਜੀਤ ਸਿੰਘ ਪੰਜਵੜ,ਪ੍ਰਤਾਪ ਸਿੰਘ ਠੱਠਾ, ਮਨੋਹਰ ਸਿੰਘ ਠੱਠਾ, ਆੜ੍ਹਤੀ ਸੁਖਦੇਵ ਸਿੰਘ ਖਾਲਸਾ, ਗੁਰਸੇਵਕ ਸਿੰਘ, ਮਖਤੂਲ ਸਿੰਘ, ਮਨਜਿੰਦਰ ਸਿੰਘ ਜਗਤਪੁਰਾ, ਹਰਪਾਲ ਸਿੰਘ ਮੰਨਣ, ਪਰਮਜੀਤ ਸਿੰਘ ਮਾਲੂਵਾਲ, ਮੀਤ ਮੈਨੇਜਰ ਗੁਰਜੀਤ ਸਿੰਘ ਆਦਿ ਨੇ ਆਪਣੇ ਆਪਣੇ ਵਿਚਾਰ ਰੱਖੇ।

20 Sep Page 12.qxd 9/19/2025 10:40 PM Page 1



# ਭਲਕੇ ਮੋਹਾਲੀ ਵਿਖੇ ਹੋ ਰਹੀ ਸੂਬਾਈ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ਪੈਨਸ਼ਨਰ



**ਮੇਹਟਿਆਣਾ/ਜਲੰਧਰ (ਜਗਤਾਰ ਸਿੰਘ ਭੁੰਗਰਨੀ /ਰਾਜੇਸ਼ ਥਾਪਾ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੀ ਮੀਟਿੰਗ ਸਥਾਨਕ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ 56 ਵਿਅਕਤੀਆਂ ਦੇ ਸਦੀਵੀ ਵਿਛੋੜੇ ਦੇ ਜਾਣ ਤੇ ਅਤੇ ਹੋਰ ਵੱਖ ਵੱਖ ਵਿਅਕਤੀਆਂ ਨੂੰ ਯਾਦ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਜਨਰਲ ਸਕੱਤਰ ਪ੍ਰੇਮ ਚਾਵਲਾ, ਅਵਤਾਰ ਸਿੰਘ ਤਾਰੀ ਮੁੱਖ ਜਥੇਬੰਦਕ ਸਕੱਤਰ, ਗੁਰਬਖਸ਼ ਸਿੰਘ ਢਿੱਲੋ ਮੁੱਖ ਸਲਾਹਕਾਰ, ਸਤਿਆ ਪਾਲ ਗੁਪਤਾ ਐਡੀਸ਼ਨਲ ਜਨਰਲ ਸਕੱਤਰ, ਸਵਰਨ ਸਿੰਘ ਹਠੂਰ, ਇਕਬਾਲ ਸਿੰਘ ਪਠਾਨਕੋਟ, ਵਿਜੇ ਕੁਮਾਰ ਜਲੰਧਰ, ਨਸੀਬ ਸਿੰਘ ਜੜ੍ਹੌਤ, ਦਰਸ਼ਨ ਸਿੰਘ ਥਰੀਕੇ, ਹਰਜਿੰਦਰ ਸਿੰਘ ਸੀਲੋਂ ਕੁਲਵੰਤ ਸਿੰਘ ਚਾਨੀ ਫਰੀਦਕੋਟ, ਗੁਰਮੇਲ ਚੰਦ ਨਵਾਂਸ਼ਹਿਰ ਅਤੇ ਮੋਹਨਜੀਤ ਸਿੰਘ ਲੁਧਿਆਣਾ ਨੇ ਸੰਬੋਧਨ ਕਰਦੇ ਹੋਏ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਬੁਰੀ ਤਰਾਂ ਅਸਫਲ ਸਾਬਿਤ ਹੋਈ ਹੈ ਅਤੇ ਵਾਰ ਵਾਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਮੌਕੇ ਤੇ ਆ ਕੇ ਮੀਟਿੰਗਾਂ ਮੁਲਤਵੀ ਕਰ ਰਹੀ ਹੈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਸ਼ਤਾਬਦੀ ਵਰ੍ਹੇ ਮੌਕੇ 21 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਠੀਕ 11 ਵਜੇ ਸਬਜ਼ੀ ਮੰਡੀ ਫੇਜ਼ 11 ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਪੰਜਾਬ ਪੈਨਸ਼ਨਰ ਯੂਨੀਅਨ ਵੱਲੋਂ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ ਜਾਵੇਗੀ। ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਦਵਿੰਦਰ ਪਾਲ ਸਿੰਘ ਜਲੰਧਰ, ਅਜਮੇਰ ਸਿੰਘ ਮੋਗਾ, ਸੰਤੋਖ ਸਿੰਘ ਜਲੰਧਰ, ਗੁਰਮੁਖ ਸਿੰਘ ਜਲੰਧਰ, ਮਹਿੰਦਰ ਸਿੰਘ ਰੋਪੜ, ਅਮਰੀਕ ਸਿੰਘ ਬਟਾਲਾ, ਚਮਕੌਰ ਸਿੰਘ ਮੋਗਾ, ਰਾਮ ਪਾਲ ਫਿਰੋਜਪੁਰ , ਸਵਰਨ ਸਿੰਘ, ਬਲਵੀਰ ਸਿੰਘ ਨਵਾਂਸ਼ਹਿਰ, ਦਲਜੀਤ ਸਿੰਘ ਜਗਰਾਓਂ, ਕੁਲਵੰਤ ਸਿੰਘ ਘੁੱਕੇਵਾਲੀ, ਭੁਪਿੰਦਰ ਸਿੰਘ ਭਿੰਦਾ ਤੇ ਨਿਰਵੈਰ ਸਿੰਘ ਅੰਮ੍ਰਿਤਸਰ ਆਦਿ ਸ਼ਾਮਲ ਸਨ।

# ਅੰਤਰਰਾਜੀ ਮਜ਼ਦੂਰਾਂ ਖ਼ਿਲਾਫ਼ ਨਫ਼ਰਤੀ ਪ੍ਰਚਾਰ ਦੀ ਨਿਖੇਧੀ

**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਨੇ ਅੰਤਰਰਾਜੀ ਮਜ਼ਦੂਰਾਂ ਖਿਲਾਫ਼ ਵਿੱਢੀ ਨਫ਼ਰਤੀ ਪ੍ਰਚਾਰ ਮੁਹਿੰਮ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਗਿਆਨ ਸਿੰਘ ਗੁਪਤਾ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਕਮੇਟੀ ਮੈਂਬਰਾਂ ਨੇ ਬੀਤੇ ਦਿਨੀਂ ਹੁਸ਼ਿਆਰਪੁਰ 'ਚ ਪੰਜ ਸਾਲਾਂ ਮਾਸੂਮ ਬੱਚੇ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਵਹਿਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਹਾਜ਼ਰ ਕਮੇਟੀ ਮੈਂਬਰ ਦੀਪਕ ਠਾਕੁਰ, ਸਾਥੀ ਕੁੰਦਨ ਲਾਲ, ਸਾਥੀ ਸੋਹਣ ਸਿੰਘ, ਬਲਵੰਤ ਸਿੰਘ ਨੌਂਗਪੁਰ, ਜਸਵੀਰ ਤਲਵਾੜਾ, ਸ਼ਸ਼ੀਕਾਂਤ, ਨਰੇਸ਼ ਮਿੱਡਾ, ਵਰਿੰਦਰ ਵਿੱਕੀ, ਸੱਤ ਪ੍ਰਕਾਸ਼ ਆਦਿ ਨੇ ਮ੍ਰਿਤਕ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਦੁਖਦਾਈ ਘਟਨਾਂ ਨੂੰ ਆਧਾਰ ਬਣਾ ਕੇ ਕੁੱਝ ਲੋਕਾਂ ਵੱਲੋਂ ਸੂਬੇ ਭਰ 'ਚ ਅੰਤਰਰਾਜੀ ਮਜ਼ਦੂਰਾਂ ਖ਼ਿਲਾਫ਼ ਵਿੱਢੀ ਨਫ਼ਰਤੀ ਮੁਹਿੰਮ ਤੇ ਪ੍ਰਵਾਨ ਕੀਤੇ ਜਾ ਰਹੇ ਪੰਚਾਇਤੀ ਮਤਿਆਂ ਬਾਰੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਇਹ ਨਫ਼ਰਤੀ ਪ੍ਰਚਾਰ ਨਾ ਕੇਵਲ ਪੰਜਾਬੀਆਂ ਦੇ ਅਕਸ ਨੂੰ ਢਾਹ ਲਾਏਗਾ। ਸਗੋਂ ਦੇਸ਼ ਵਿਦੇਸ਼ ਰਹਿੰਦੇ ਪੰਜਾਬੀਆਂ ਲਈ ਅਣਕਿਆਸੀਆਂ ਮੁਸ਼ਕਲਾਂ ਪੈਦਾ ਕਰਨ ਦਾ ਸਬੱਬ ਬਣੇਗਾ। ਕਮੇਟੀ ਨੇ 20 ਸਤੰਬਰ ਸ਼ਾਮ ਨੂੰ ਸ਼ਹੀਦ-ਏ- ਆਜ਼ਮ ਭਗਤ ਸਿੰਘ ਦੇ ਜਨਮ ਦਿਵਸ 'ਤੇ ਪੰਡਤ ਕਿਸ਼ੋਰੀ ਲਾਲ ਦੀ ਯਾਦ ਵਿਚ ਕਰਵਾਏ ਜਾ ਰਹੇ ਸਾਲਾਨਾ ਨਾਟਕ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

# ਹੜ੍ਹ ਪੀੜਤ ਮਿਡ-ਡੇ-ਮੀਲ ਵਰਕਰ ਦੀ ਕੀਤੀ ਆਰਥਿਕ ਮਦਦ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਵਿੱਚ ਹੜ੍ਹਾਂ ਵਲੋਂ ਤਬਾਹੀ ਮਚਾਉਣ ਨਾਲ ਜਿੱਥੇ ਇੱਕ ਪਾਸੇ ਸਾਉਣੀ ਦੀ ਫਸਲ ਤਬਾਹ ਹੋ ਗਈ ਅਤੇ ਦੂਜੇ ਪਾਸੇ ਲੋਕਾਂ ਦੇ ਰਹਿਣ ਬਸੇਰੇ ਵੀ ਢਹਿ ਢੇਰੀ ਹੋ ਗਏ।ਇਸ ਹੜ੍ਹ ਨੇ ਪੰਜਾਬ ਦੇ ਆਮ ਲੋਕਾਂ ਦਾ ਲੱਕ ਤੋੜ ਦਿੱਤਾ ਅਤੇ ਪੰਜਾਬ ਨੂੰ ਕਾਫੀ ਪਿੱਛੇ ਲੈ ਗਿਆ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ ਯੂਨੀਅਨ ਬਲਾਕ ਕੋਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਜਮਹੂਰੀ ਕਿਸਾਨ ਸਭਾ ਦੇ ਜਿਲ੍ਹਾ ਆਗੂ ਸੂਰਜ ਪ੍ਰਕਾਸ਼ ਸਿੰਘ ਨੇ ਕੀਤਾ।ਆਗੂਆਂ ਨੇ ਕਿਹਾ ਕਿ ਇਸ ਹੜ੍ਹ ਦੀ ਮਾਰ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਫੁਗਲਾਣਾ ਵਿਖੇ ਨਿਗੂਣੇ ਮਾਣਭੱਤੇ ਤੇ ਕੰਮ ਕਰ ਰਹੀ ਮਿਡ-ਡੇ-ਮੀਲ ਵਰਕਰ ਮੀਨਾ ਰਾਣੀ ਦੇ ਘਰ ਦੀ ਹਾਲਤ ਜਰਜਰ ਹੋ ਗਈ ਅਤੇ ਇਸ ਬਰਸਾਤ ਨਾਲ ਉਸ ਦੇ ਘਰ ਦੀ ਛੱਤ ਡਿੱਗ ਗਈ।ਇਸ ਮੌਕੇ ਗੌਰਮਿੰਟ ਟੀਚਰਜ ਯੂਨੀਅਨ ਦੇ ਆਗੂਆਂ ਨੇ ਬਲਾਕ ਕੋਟ ਫਤੂਹੀ ਦੇ ਅਧਿਆਪਕਾਂ ਅਤੇ ਹੋਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ 30000/- ਰੁਪਏ (ਤੀਹ ਹਜ਼ਾਰ) ਦੀ ਮਾਲੀ ਮਦਦ ਇਕੱਤਰ ਕਰਕੇ ਉਕਤ ਮਿਡ-ਡੇ-ਮੀਲ ਵਰਕਰ ਨੂੰ ਦਿੱਤੀ।ਆਗੂਆਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਵੀ ਮਿਡ-ਡੇ-ਮੀਲ ਵਰਕਰ ਦੇ ਘਰ ਦਾ ਮੁਆਇਨਾ ਕਰਕੇ ਉਚਿਤ ਮੁਆਵਜ਼ਾ ਦੇਵੇ।ਨਰਿੰਦਰ ਅਜਨੋਹਾ, ਮਿਡ-ਡੇ-ਮੀਲ ਵਰਕਰ ਮੀਨਾ ਰਾਣੀ, ਉਂਕਾਰ ਸਿੰਘ, ਕਿਸਾਨ ਆਗੂ ਸੂਰਜ ਪ੍ਰਕਾਸ਼ ਸਿੰਘ, ਜਸਵਿੰਦਰ ਸਿੰਘ, ਪ੍ਰਿੰਸੀਪਲ ਹਰਮਨੋਜ ਕੁਮਾਰ, ਬਲਾਕ ਨੋਡਲ ਅਫਸਰ ਨਰਿੰਦਰ ਸਿੰਘ, ਹੈੱਡ-ਟੀਚਰ ਜੋਤੀ ਮੈਡਮ, ਜਸਪ੍ਰੀਤ ਕੌਰ, ਮਨਪ੍ਰੀਤ ਕੌਰ, ਗੁਰਬਖਸ਼ ਕੌਰ, ਗੀਤਾ ਦੇਵੀ, ਰਮਾ ਮੈਡਮ ਆਦਿ ਹਾਜ਼ਰ ਸਨ।



# ਪ੍ਰਾਇਮਰੀ ਪੱਧਰ ਦੀਆਂ ਲੜਕੇ ਤੇ ਲੜਕੀਆਂ ਦੀਆਂ ਖੇਡਾਂ ਸੰਪੰਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਬਲਾਕ ਭੋਗਪੁਰ ਦੇ ਸੈਂਟਰ ਸਨੌਰਾ ਦੇ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦੇ ਲੜਕੇ ਤੇ ਲੜਕੀਆਂ ਦੀਆਂ ਖੇਡਾਂ ਸੰਪੰਨ ਹੋ ਗਈਆਂ ਹਨ। ਸੈਂਟਰ ਸਨੌਰਾ ਅਧੀਨ ਆਉਂਦੇ 13 ਸਕੂਲਾਂ ਦੇ ਬੱਚਿਆਂ ਨੇ ਇਹਨਾਂ ਖੇਡਾਂ ਵਿੱਚ ਭਾਗ ਲਿਆ ਜੋ ਸਰਕਾਰੀ ਪ੍ਰਾਇਮਰੀ ਸੈਂਟਰ ਸਕੂਲ ਸਨੌਰਾ ਵਿਖੇ ਕਰਵਾਈਆਂ ਗਈਆਂ। ਇਹਨਾਂ ਖੇਡਾਂ ਦਾ ਉਦਘਾਟਨ ਗ੍ਰਾਮ ਪੰਚਾਇਤ ਸਨੌਰਾ ਦੇ ਸਰਪੰਚ ਸਾਹਿਬ, ਪੰਚਾਇਤ ਮੈਂਬਰਾਂ ਅਤੇ ਸੈਂਟਰ ਸਨੌਰਾ ਦੇ ਸੀਨੀਅਰ ਅਧਿਆਪਕਾਂ ਵਲੋਂ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਬੱਚਿਆਂ ਨੇ ਸ਼ਾਨਦਾਰ ਮੱਲਾਂ ਮਾਰੀਆਂ ਅਤੇ ਹੁਣ ਵੱਖ-ਵੱਖ ਖੇਡਾਂ ਵਿੱਚ ਪੁਜੀਸ਼ਨ ਹਾਸਲ ਕਰਨ ਵਾਲੇ ਬੱਚੇ ਬਲਾਕ ਪੱਧਰੀ ਖੇਡਾਂ ਵਿੱਚ ਭਾਗ ਲੈਣਗੇ। ਅਧਿਆਪਕਾਂ ਵਲੋਂ ਸਾਂਝੇ ਯਤਨ ਅਤੇ ਉਪਰਾਲੇ ਕਰਕੇ ਇਹਨਾਂ ਖੇਡਾਂ ਨੂੰ ਕਰਵਾਇਆ ਗਿਆ। ਅਧਿਆਪਕਾਂ ਅਤੇ ਪਤਵੰਤੇ ਸੱਜਣਾਂ ਵੱਲੋਂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸੈਂਟਰ ਸਕੂਲ ਇੰਚਾਰਜ ਅਧਿਆਪਕ ਸ਼ੁਭਮ ਨੇ ਆਏ ਹੋਏ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਧਿਆਪਕ ਅਸ਼ਵਿੰਕਲ ਕੁਮਾਰ, ਜਸਪ੍ਰੀਤ ਕੌਰ, ਸੁਮਿਤੀ, ਬਲਜਿੰਦਰ ਪਾਲ ਕੌਰ, ਤਜਿੰਦਰ ਸਿੰਘ, ਵੀਰਪਾਲ ਕੌਰ, ਰਜਿੰਦਰ ਸਿੰਘ, ਭੁਪਿੰਦਰ ਸਿੰਘ, ਰਵਿੰਦਰ ਸਿੰਘ, ਮਨਜੀਤ ਸਿੰਘ, ਬਲਵੰਤ ਸਿੰਘ, ਨਵਜੋਤ ਕੌਰ, ਸੋਨੀਆ, ਗੁਰਮੀਤ ਸਿੰਘ, ਰੋਬਿਨ ਕੰਬੋਜ, ਮਨਜੀਤ ਕੌਰ ਆਦਿ ਸ਼ਾਮਿਲ ਸਨ।

# ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸ਼ਾਹਕੋਟ ਦੀ ਮੀਟਿੰਗ

**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਦੀ ਅਹਿਮ ਮੀਟਿੰਗ ਸੁਸਾਇਟੀ ਦੇ ਇਕਾਈ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੇ ਦਫ਼ਤਰ ਅੱਪੂ ਆਰਟ ਪ੍ਰੈੱਸ ਵਿਖੇ ਹੋਈ। ਮੀਟਿੰਗ ਵਿਚ ਵੱਖ ਵੱਖ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਅਗਸਤ ਮਹੀਨੇ ਵਿਚ ਲਈ ਜਾਣ ਵਾਲੀ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਜੋ ਹੜ੍ਹਾਂ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ, ਨੂੰ ਦੁਬਾਰਾ ਲਏ ਜਾਣ ਦੀ ਤਰੀਕ ਤੋਂ ਪਹਿਲਾਂ ਸਕੂਲਾਂ ਵਿਚ ਪਹੁੰਚ ਕਰਕੇ ਵਿਦਿਆਰਥੀਆਂ ਨੂੰ ਮੁੜ ਪ੍ਰੀਖਿਆ ਲਈ ਪ੍ਰੇਰਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਸ਼ਾਹਕੋਟ ਵਿਚ ਕੈਂਡਲ ਮਾਰਚ ਕੱਢਣ ਦਾ ਵੀ ਫੈਸਲਾ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੀ ਸੂਬਾ ਇਕਾਈ ਵੱਲੋਂ ਪੰਜਾਬ ਦੇ ਵੱਖ ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਸਹਾਇਤਾ ਲਈ ਸ਼ੁਰੂ ਕੀਤੇ ਗਏ 'ਰਾਹਤ ਫੰਡ' ਲਈ ਵੱਧ ਤੋਂ ਵੱਧ ਰਾਸ਼ੀ ਇਕੱਤਰ ਕਰਕੇ ਸੂਬਾ ਇਕਾਈ ਨੂੰ ਦੇਣ ਦਾ ਫੈਸਲਾ ਕੀਤਾ ਗਿਆ। ਮੌਕੇ 'ਤੇ ਹਾਜ਼ਰ ਇਕਾਈ ਦੇ ਮੈਂਬਰਾਂ ਵੱਲੋਂ ਇਸ ਫੰਡ ਲਈ ਆਪਣੇ ਵਲੋਂ ਯੋਗਦਾਨ ਪਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਾਈ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਪਾਲ ਬਾਗਪੁਰ, ਦੇਸ ਰਾਜ ਜਾਫ਼ਰਵਾਲ, ਡਾ. ਨਗਿੰਦਰ ਸਿੰਘ ਬਾਂਸਲ, ਜਿੰਦਰ ਬਾਗਪੁਰ, ਗੁਰਦੇਵ ਸਿੰਘ ਨਵਾਂ ਕਿਲਾ, ਬਿੱਟੂ ਰੁਪੇਵਾਲੀ, ਡਾ. ਰੇਸ਼ਮ ਸਿੰਘ ਰੁਪੇਵਾਲੀ, ਦਲਬਾਰਾ ਸਿੰਘ ਆਦਿ ਹਾਜ਼ਰ ਸਨ।




ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਮਿਹਨਤਕਸ਼ ਲੋਕਾਂ, ਛੋਟੇ ਕਾਰੋਬਾਰੀਆਂ ਦੇ ਹੱਕਾਂ ਲਈ ਹਮੇਸ਼ਾ ਸੰਘਰਸ਼ਸ਼ੀਲ ਰਹਿਣ ਵਾਲੀ

**ਭਾਰਤੀ ਕਮਿਊਨਿਸਟ ਪਾਰਟੀ**

ਦੇ 25ਵੇਂ ਮਹਾਂ-ਸੰਮੇਲਨ

**21 ਤੋਂ 25 ਸਤੰਬਰ**

ਚੰਡੀਗੜ੍ਹ ਵਿਖੇ

21 ਸਤੰਬਰ ਨੂੰ ਮੁਹਾਲੀ 11 ਸੈਕਟਰ ਫਰੂਟ ਮਾਰਕੀਟ ਵਿੱਚ ਕੀਤੀ ਜਾ ਰਹੀ ਵਿਸ਼ਾਲ ਰੈਲੀ ਮੌਕੇ ਹੁੰਮ-ਹੁਮਾ ਕੇ ਪਹੁੰਚੋ।



ਸੀ ਪੀ ਆਈ, ਜ਼ਿਲ੍ਹਾ ਕੌਂਸਲ ਤਰਨ ਤਾਰਨ

ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ




# ਸੰਤ ਬਾਬਾ ਮੱਘਰ ਸਿੰਘ ਦੀ ਬਰਸੀ ਮਨਾਈ ਗਈ

**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਮੱਘਰ ਸਿੰਘ ਜੀ ਦੀ 40ਵੀਂ ਬਰਸੀ ਕਰਤਾਰਪੁਰ ਸੰਤ ਬਾਬਾ ਨਿਧਾਨ ਸਿੰਘ ਜੀ ਗੁਰਦੁਆਰੇ ਵਿਖੇ ਮਨਾਈ ਗਈ। ਇਸ ਮੌਕੇ ਕਈ ਸ਼ਖਸੀਅਤਾਂ ਵੀ ਮੌਜੂਦ ਸਨ। ਇਸ ਮੌਕੇ ਸਕੂਲੀ ਬੱਚਿਆਂ ਦੁਆਰਾ ਸ਼ਬਦ ਕੀਰਤਨ ਕੀਤਾ ਗਿਆ ਅਤੇ ਸੰਤ ਬਾਬਾ ਮੱਘਰ ਸਿੰਘ ਦੀ ਜੀਵਨੀ 'ਤੇ ਚਾਨਣਾ ਪਾਇਆ। ਇਸ ਮੌਕੇ ਗੁਰਦੁਆਰਾ ਪ੍ਰਧਾਨ ਬੀਬੀ ਭਜਨ ਕੌਰ, ਸਪੁੱਤਰ ਡਾ: ਚਰਨ ਸਿੰਘ, ਸਪੁੱਤਰ ਡਾ: ਪਿਆਰਾ ਸਿੰਘ, ਸੁਰਿੰਦਰ ਕੌਰ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ ਵੀ ਹਾਜ਼ਰ ਸਨ ।

# ਰਾਜੇਸ਼ ਥਾਪਾ ਬਣੇ ਪ੍ਰੈੱਸ ਐਸੋਸੀਏਸ਼ਨ ਆਫ਼ ਸਟੇਟ ਦੇ ਪ੍ਰਧਾਨ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ ਦੀ ਸਭ ਤੋਂ ਪੁਰਾਣੀ ਪਤਰਕਾਰਾਂ ਦੀ ਸੰਸਥਾ ਪ੍ਰੈੱਸ ਐਸੋਸੀਏਸ਼ਨ ਆਫ ਸਟੇਟ ਦੇ ਜ਼ਿਲਾ ਜਲੰਧਰ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਅਬਜ਼ਰਵਰ ਦੇ ਤੌਰ ਤੇ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੋਗਰਾ ਤੇ ਸੀਨੀਅਰ ਪੱਤਰਕਾਰ ਮੇਹਰ ਮਾਲਿਕ ਹਾਜ਼ਰ ਸਨ।ਸਭ ਤੋਂ ਪਹਿਲਾਂ ਪੰਜਾਬ ਵਿੱਚ ਆਏ ਹੜਾਂ ਕਾਰਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪੰਜਾਬ ਸਰਕਾਰ ਤੋ ਮੰਗ ਕੀਤੀ ਗਈ ਕਿ ਹੜ੍ਹ ਪੀੜਿਤ ਪਰਵਾਰਾਂ ਦੀ ਵਧ ਤੋਂ ਵਧ ਮਦਦ ਕੀਤੀ ਜਾਵੇ। ਪੰਜਾਬ ਪ੍ਰਧਾਨ ਜਗਜੀਤ ਸਿੰਘ ਡੋਗਰਾ ਦੀ ਪ੍ਰਧਾਨਗੀ ਵਿੱਚ ਮੀਟਿੰਗ ਦੀ ਸ਼ੁਰੂਆਤ ਕੀਤੀ ਗਈ ਤੇ ਪੱਤਰਕਾਰ ਰਮੇਸ਼ ਭਗਤ ਨੇ ਜਲੰਧਰ ਦੇ ਪ੍ਰਧਾਨ ਦੇ ਲਈ ਰਾਜੇਸ਼ ਥਾਪਾ ਦਾ ਨਾਂਅ ਪੇਸ਼ ਕੀਤਾ। ਸਾਰੇ ਹਾਜ਼ਰ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਰਾਜੇਸ਼ ਥਾਪਾ ਦੇ ਨਾਂਅ ਦੀ ਹਾਮੀ ਭਰੀ। ਰਾਜੇਸ਼ ਥਾਪਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੱਤਰਕਾਰਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ਤੇ ਹਲ ਕੀਤਾ ਜਾਵੇਗਾ। ਪੱਤਰਕਾਰਾਂ ਦੇ ਹਰ ਮਸਲੇ ਤੇ ਐਸੋਸੀਏਸ਼ਨ ਪੱਤਰਕਾਰਾਂ ਦੇ ਨਾਲ ਖੜੀ ਰਹੇਗੀ। ਇਸ ਮੌਕੇ ਤੇ ਪ੍ਰਧਾਨ ਰਾਜੇਸ਼ ਥਾਪਾ ਵੱਲੋਂ ਆਪਣੀ ਕਾਰਜਕਾਰਨੀ ਦੀ ਘੋਸ਼ਣਾ ਕੀਤੀ ਗਈ ਜਿਸ ਅਨੁਸਾਰ ਪ੍ਰਧਾਨ ਰਾਜੇਸ਼ ਥਾਪਾ, ਜਨਰਲ ਸਕੱਤਰ ਵਿਕਾਸ ਮੌਦਗਿਲ, ਕੈਸ਼ੀਅਰ ਰਮੇਸ਼ ਗਾਬਾ, ਸੀਨੀਅਰ ਵਾਈਸ ਪ੍ਰਧਾਨ ਸ਼ੈਲੀ ਐਲਬਰਟ ਤੇ ਰਮੇਸ਼ ਭਗਤ , ਈਸ ਪ੍ਰਧਾਨ: ਰਾਜੀਵ ਧਾਮੀ, ਦਵਿੰਦਰ ਕੁਮਾਰ ਅਤੇ ਬਿੱਟੂ ਉਬਰਾਏ, ਸਹਾਇਕ ਸਕੱਤਰ ਗੌਰਵ ਗੋਇਲ, ਸਤੀਸ਼ ਜੱਜ ਤੇ ਕਰਨਵੀਰ ਸਿੰਘ, ਪ੍ਰੈੱਸ ਸਕੱਤਰ ਸਿਵ ਕੁਮਾਰ, ਰਾਜਿੰਦਰ ਬੁਬਟਾ, ਆਫਿਸ ਸਕੱਤਰ ਡਾਕਟਰ ਗੁਰਵਿੰਦਰ ਛਾਬੜਾ, ਅਰਗਨਾਈਜ਼ਰ ਸਕੱਤਰ ਬਲਰਾਜ ਸਿੰਘ ਬਣਾਏ ਗਏ।



# ਐੱਨ ਐੱਚ ਐੱਮ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਮਿਲੀਆਂ

**ਕਰਤਾਰਪੁਰ (ਹਰਮੇਸ਼ ਦੱਤ)**- ਸਰਕਾਰ ਦਾਅਵਾ ਕਰਦੀ ਹੈ ਕਿ ਉਸਦਾ ਖਜ਼ਾਨਾ ਭਰਿਆ ਹੋਇਆ ਹੈ, ਸਿਹਤ ਵਿਭਾਗ ਵਿੱਚ ਠੇਕੇ 'ਤੇ ਕੰਮ ਕਰਨ ਵਾਲੇ ਹਜ਼ਾਰਾਂ ਐਨ ਐਚ ਐਮ ਕਰਮਚਾਰੀ, ਘੱਟ ਤਨਖਾਹਾਂ 'ਤੇ ਆਪਣਾ ਗੁਜ਼ਾਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਸ ਸੰਦਰਭ ਵਿੱਚ ਸੀ ਐਚ ਸੀ ਕਰਤਾਰਪੁਰ ਦੇ ਐਨ ਐਚ ਐਮ ਕਰਮਚਾਰੀਆਂ ਦੇ ਇੱਕ ਸਮੂਹ ਨੇ ਸੀਨੀਅਰ ਮੈਡੀਕਲ ਅਫਸਰ ਡਾ. ਸੁਖਵਿੰਦਰ ਸਿੰਘ ਨੂੰ ਮੰਗ ਪੱਤਰ ਸੌਂਪਿਆ। ਅਸ਼ੋਕ ਕੁਮਾਰ ਨੇ ਕਿਹਾ ਕਿ ਬਹੁਤ ਸਾਰੇ ਕਰਮਚਾਰੀ ਜਿਨ੍ਹਾਂ ਨੇ ਕਰਜ਼ਾ ਲਿਆ ਸੀ, ਉਹ ਜਾਂ ਤਾਂ ਡਿਫਾਲਟ ਹੋ ਗਏ ਹਨ ਜਾਂ ਉਨ੍ਹਾਂ ਨੂੰ ਵਾਪਸ ਕਰ ਰਹੇ ਹਨ, ਜਿਸ ਕਾਰਨ ਉਹ ਆਪਣੇ ਬੱਚਿਆਂ ਦੀਆਂ ਸਕੂਲ ਫੀਸਾਂ ਦਾ ਭੁਗਤਾਨ ਕਰਨ ਤੋਂ ਅਸਮਰੱਥ ਹਨ। ਸੀ ਐਚ ਸੀ ਕਰਮਚਾਰੀ ਕਹਿੰਦੇ ਹਨ ਕਿ ਸਾਡੀ ਸਥਿਤੀ ਗੰਭੀਰ ਹੈ, ਪਰ ਹੜ੍ਹ ਪ੍ਰਭਾਵਿਤ ਪੰਜਾਬ ਨੂੰ ਇਸ ਸਮੇਂ ਸਾਡੀਆਂ ਸੇਵਾਵਾਂ ਦੀ ਲੋੜ ਹੈ, ਅਤੇ ਅਸੀਂ ਸਾਰੇ ਸਮਰਪਿਤ ਭਾਵਨਾ ਨਾਲ ਲੱਗੇ ਹੋਏ ਹਾਂ। ਜਦੋਂ ਕਿ ਅਸੀਂ ਸਰਕਾਰ ਤੋਂ ਨਿਰਾਸ਼ ਹਾਂ, ਪੰਜਾਬ ਦੇ ਲੋਕਾਂ ਦੀ ਮਦਦ ਕਰਨਾ ਵੀ ਜ਼ਰੂਰੀ ਹੈ। ਅਸੀਂ ਚਾਹੁੰਦੇ ਹਾਂ ਕਿ ਸਰਕਾਰ ਸਾਡੀਆਂ ਬਕਾਇਆ ਤਨਖਾਹਾਂ ਜਲਦੀ ਤੋਂ ਜਲਦੀ ਜਾਰੀ ਕਰੇ ਅਤੇ ਇਨ੍ਹਾਂ ਭੁਗਤਾਨਾਂ ਨੂੰ ਨਿਯਮਤ ਕਰੇ ਤਾਂ ਜੋ ਅਸੀਂ ਆਪਣੀ ਅਤੇ ਆਪਣੇ ਪਰਵਾਰਾਂ ਦੀ ਮਦਦ ਕਰ ਸਕੀਏ। ਇਸ ਮੌਕੇ ਜਤਿੰਦਰ ਕੁਮਾਰ, ਬਲਜਿੰਦਰ ਕੌਰ, ਸੰਦੀਪ ਕੁਮਾਰ, ਅਮਿਤ ਸ਼ਰਮਾ ਆਦਿ ਮੌਜੂਦ ਸਨ।



# ਟੈਕਸਦਾਤਾਵਾਂ ਲਈ ਵਨ ਟਾਇਮ ਸੈਟਲਮੈਂਟ ਸਕੀਮ ਦਾ ਲਾਭ ਲੈਣ ਦਾ ਆਖਰੀ ਮੌਕਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਛੋਟੇ ਟੈਕਸਦਾਤਾਵਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੈਟ, ਸੀਐਸਟੀ ਸਮੇਤ ਹੋਰ ਐਕਟਾਂ ਤਹਿਤ ਬਕਾਇਆ ਟੈਕਸ ਰਕਮ ਦਾ ਨਿਪਟਾਨ ਲਈ ਵਨ ਟਾਇਮ ਸੇਟਲਮੈਂਟ ਸਕੀਮ, 2025 ਲਾਗੂ ਕੀਤੀ ਹੈ। ਇਹ ਯੋਜਨਾ 27 ਸਤੰਬਰ, 2025 ਨੂੰ ਖਤਮ ਹੋ ਜਾਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਇਸ ਯੋਜਨਾ ਤਹਿਤ 97,039 ਟੈਕਸਦਾਤਾਵਾਂ ਨੇ ਲਾਭ ਚੁੱਕਦੇ ਹੋਏ 712.88 ਕਰੋੜ ਰੁਪਏ ਦੇ ਬਕਾਇਆ ਟੈਕਸ ਦਾ ਨਿਪਟਾਨ ਕੀਤਾ ਹੈ।ਵਿਭਾਗ ਦੇ ਇੱਕ ਬੁਲਾਰੇ ਨੇ ਦਸਿਆ ਕਿ ਇਹ ਯੋਜਨਾ 30 ਜੂਨ, 2017 ਤੱਕ ਦੇ ਸਮੇਂ ਲਈ ਬਕਾਇਆ ਰਕਮ 'ਤੇ ਲਾਗੂ ਹੋਵੇਗੀ।



# ਸੂਬੇ ਦਾ ਵੱਡਾ ਹਿੱਸਾ ਹੜ੍ਹਾਂ ਦੇ ਸੰਕਟ ਨਾਲ ਜੂਝ ਰਿਹਾ : ਲਖਵਿੰਦਰ ਲੱਖੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸੂਬੇ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੇ ਸੰਕਟ ਨਾਲ ਜੂਝ ਰਿਹਾ ਹੈ ਤੇ ਇਸ ਔਖੀ ਘੜੀ ਵਿੱਚ ਪੰਜਾਬ ਦਾ ਹਰ ਬਾਸ਼ਿੰਦਾ ਚਾਹੇ ਉਹ ਪੰਜਾਬ ਵਿੱਚ ਰਹਿ ਰਿਹਾ ਹੈ ਅਤੇ ਚਾਹੇ ਕੋਈ ਸਾਡਾ ਐਨ.ਆਰ. ਆਈ ਭਰਾ ਹੈ ਹਰ ਕੋਈ ਆਪਣੀ ਸਮਰੱਥਾ ਅਨੁਸਾਰ ਆਪਣਿਆਂ ਦੀ ਮਦਦ ਲਈ ਤੁਰਿਆ ਹੋਇਆ ਹੈ । ਇਹਨਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਲਖਵਿੰਦਰ ਸਿੰਘ ਲੱਖੀ, ਹਲਕਾ ਇੰਚਾਰਜ ਸੰਦੀਪ ਸਿੰਘ ਸੀਕਰੀ, ਅਕਾਲੀ ਆਗੂ ਸਰਬਜੀਤ ਸਿੰਘ ਮੋਮੀ , ਆਦਿ ਅਕਾਲੀ ਆਗੂਆਂ ਨੇ ਗੱਲਬਾਤ ਕਰਨ ਸਮੇਂ ਕੀਤਾ। ਉਨ੍ਹਾਂ ਨਾਲ ਗੁਰਜੀਤ ਸਿੰਘ ਨੀਲਾ ਨਲੋਆ, ਮਨਜੋਤ ਸਿੰਘ ਚਾਵਲਾ, ਜਸਵਿੰਦਰ ਸਿੰਘ ਪੱਪੀ, ਆਦਿ ਵੀ ਹਾਜ਼ਰ ਸੀ। ਉਕਤ ਅਕਾਲੀ ਆਗੂਆਂ ਨੇ ਕਿਹਾ ਕਿ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੀ ਲਗਾਤਾਰ ਪਿਛਲੇ ਕਈ ਦਿਨਾਂ ਤੋਂ ਦਿਨ-ਰਾਤ ਲੋਕਾਂ ਦੀ ਸੇਵਾ 'ਚ ਜੁਟੇ ਹੋਏ ਹਨ ਅਤੇ ਆਪਣੀ ਨਿੱਜੀ ਸਮਰੱਥਾ ਮੁਤਾਬਕ ਤੇ ਪਾਰਟੀ ਦੇ ਸਹਿਯੋਗ ਸਦਕਾ ਹੜ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਰਸਦਾਂ ਦੇ ਰੂਪ 'ਚ ਅਤੇ ਨਕਦ ਪੈਸਿਆਂ ਦੇ ਰੂਪ ਉਹ ਕਰ ਰਹੇ ਹਨ ।

# ਮਿਸ਼ਨ ਚੜ੍ਹਦੀ ਕਲਾ ਤਹਿਤ ਆਪਣਾ ਯੋਗਦਾਨ ਜ਼ਰੂਰ ਪਾਓ : ਸੰਤੋਸ਼ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਵਿਧਾਇਕ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਹੜ੍ਹ ਪੀੜਤ ਪਰਵਾਰਾਂ ਦੇ ਮੁੜ ਵਸੇਬੇ ਲਈ ਮਿਸ਼ਨ ਚੜ੍ਹਦੀ ਕਲਾ ਲਾਂਚ ਕੀਤਾ ਹੈ। ਬੀਬੀ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਹੜ੍ਹਾਂ ਨਾਲ ਪੰਜਾਬ ਵਿੱਚ ਬਹੁਤ ਖਰਾਬਾ ਹੋਇਆ ਹੈ।ਪੰਜਾਬ ਦੇ 2300 ਪਿੰਡ ਡੁੱਬ ਗਏ ਤੇ 20 ਲੱਖ ਲੋਕ ਪ੍ਰਭਾਵਤ ਹੋਏ, 3200 ਸਕੂਲ ਖੰਡਰ ਬਣ ਗਏ। ਹੜ੍ਹ ਕਾਰਨ 56 ਜਾਨਾਂ ਚਲੀਆਂ ਗਈਆਂ ਤੇ 8500 ਕਿੱਲੋਮੀਟਰ ਸੜਕਾਂ ਬਰਬਾਦ ਹੋ ਗਈਆਂ ਤੇ 1400 ਕਲੀਨਿਕ ਤੇ 19 ਕਾਲਜ ਖੰਡਰ ਬਣ ਗਏ । ਵਿਧਾਇਕਾ ਨੇ ਦੱਸਿਆ ਕਿ ਹੜ੍ਹਾਂ ਨਾਲ ਪੰਜਾਬ ਦਾ 13800 ਕਰੋੜ ਦਾ ਨੁਕਸਾਨ ਹੋਇਆ ਹੈ ।ਅਜਿਹੀ ਸਥਿਤੀ ਵਿੱਚ ਪੰਜਾਬ ਦੇ ਲੋਕ ਪਰਵਾਰ ਬਣ ਲੋਕਾਂ ਨਾਲ ਹਮੇਸ਼ਾ ਖੜ੍ਹੇ ਹਨ। ਵਿਧਾਇਕਾ ਨੇ ਕਿਹਾ ਕਿ ਹੁਣ ਸਮਾਂ ਰਾਹਤ ਦੇ ਕੰਮਾਂ ਤੋਂ ਅੱਗੇ ਵਧਣ ਦਾ ਹੈ ਕਿਉਂਕਿ ਕਿਸਾਨਾਂ ਨੇ ਖੇਤੀ ਵੀ ਕਰਨੀ ਹੈ ਤੇ ਬੱਚਿਆਂ ਨੇ ਸਕੂਲ ਵੀ ਜਾਣਾ ਹੈ, ਘਰਾਂ ਨੇ ਦੁਬਾਰਾ ਵਸਣਾਂ ਹੈ ਤੇ ਇਸੇ ਤਹਿਤ ਸਰਕਾਰ ਸ਼ੁਰੂ ਕਰ ਰਹੀ ਹੈ ਚੜ੍ਹਦੀ ਕਲਾ ਮਿਸ਼ਨ, ਜਿਸ ਦਾ ਮਤਲਬ ਬੁਲੰਦ ਹੌਸਲੇ ਤੇ ਹਰ ਹਨੇਰੇ 'ਚ ਉਮੀਦਾਂ ਦੇ ਦੀਵੇ ਜਗਾਈ ਰੱਖਣਾ। ਬੀਬੀ ਕਟਾਰੀਆ ਨੇ ਇਲਾਕੇ ਦੇ ਸਾਰੇ ਹੀ ਸਤਿਕਾਰਯੋਗ ਉਦਯੋਗਪਤੀਆਂ, ਵਪਾਰੀਆਂ, ਸਮਾਜ ਸੇਵੀ ਸੰਸਥਾਵਾਂ, ਕਲਾਕਾਰਾਂ ਤੇ ਗਾਇਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮਿਸ਼ਨ 'ਚ ਜਿੰਨਾ ਹੋ ਸਕੇ ਆਪਣਾ ਸਹਿਯੋਗ ਦਿਓ ਤੇ ਪੰਜਾਬ ਨੂੰ ਮੁੜ ਤੋਂ ਚੜ੍ਹਦੀ ਕਲਾ ਵੱਲ ਲੈ ਕੇ ਜਾਣ 'ਚ ਮਦਦ ਕਰੋ।




**ਵਰ੍ਹੇਗੰਢ ਮੁਬਾਰਕ**



ਯਸ਼ਪਾਲ ਅਤੇ ਰੁਪਿੰਦਰ ਕੌਰ ਵਾਸੀ ਕਲਾਨੌਰ ਨੇ ਆਪਣੇ ਵਿਆਹ ਦੀ 43ਵੀਂ ਵਰ੍ਹੇਗੰਢ ਮਨਾਈ।


# ਵਿਦਿਆਰਥੀਆਂ ਨੇ ਪ੍ਰਾਇਮਰੀ ਕਲੱਸਟਰ ਖੇਡਾਂ ਵਿੱਚ ਮਾਰੀਆਂ ਮੱਲਾਂ

**ਮਹਿਤਪੁਰ (ਰਾਜਾ)**- ਜੇ ਡੀ ਸੈਂਟਰਲ ਸਕੂਲ ਆਦਰਾਮਾਨ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਪ੍ਰਾਇਮਰੀ ਕਲੱਸਟਰ ਖੇਡਾਂ 2025 ਵਿੱਚ ਲੜਕਿਆਂ ਨੇ ਸਫਲਤਾ ਹਾਸਲ ਕਰਕੇ ਬਲਾਕ ਪੱਧਰੀ ਖੇਡਾਂ ਵਿੱਚ ਪ੍ਰਵੇਸ਼ ਕੀਤਾ । ਰਵੀਪਾਲ ਸਿੰਘ ਦੇ ਪਾਏ ਹੋਏ ਪੂਰਨਿਆਂ ਤੇ ਚੱਲਦੇ ਸਿਮਰਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਰੰਜਨਾ ਰਾਏ ਤੇ ਡੀ ਪੀ ਮਾਸਟਰ ਸਰਦਾਰ ਚਮਕੌਰ ਸਿੰਘ ਦੀ ਅਗਵਾਈ ਹੇਠ ਸਾਰਾ ਅਭਿਆਸ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਸ਼ਾਹਪੁਰ (ਮਹਿਤਪੁਰ) ਵਿਖੇ ਚੱਲ ਰਹੀਆਂ ਪ੍ਰਾਇਮਰੀ ਕਲੱਸਟਰ ਖੇਡਾਂ ਵਿੱਚ ਹਰਦਰਸ਼ਨ ਸਿੰਘ 100 ਮੀਟਰ ਦੌੜ ਵਿੱਚ ਪਹਿਲਾ ਸਥਾਨ, ਲਵਪ੍ਰੀਤ ਸਿੰਘ ਗੋਲੇ ਵਿੱਚ ਪਹਿਲਾ ਸਥਾਨ, ਖੋ -ਖੋ ਅੰਡਰ 11 ਵਿੱਚ ਲੜਕੇ ਪਹਿਲੇ ਸਥਾਨ ਉੱਤੇ ਅਤੇ ਲੜਕੀਆਂ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਇਲਾਕੇ ਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ । ਬੱਚਿਆਂ ਦੀ ਇਸ ਜਿੱਤ ਨੂੰ ਮੱਦੇਨਜ਼ਰ ਰੱਖਦੇ ਹੋਏ ਬੱਚਿਆਂ ਨੂੰ ਬਲਾਕ ਪੱਧਰ ਤੇ ਖੇਡਣ ਦਾ ਮੌਕਾ ਮਿਲਿਆ ।




**ਸੀ. ਪੀ. ਆਈ. ਦੀ 25ਵੀਂ ਕੌਮੀ ਕਾਨਫ਼ਰੰਸ**

21 ਤੋਂ 25 ਸਤੰਬਰ 2025, ਕਿਸਾਨ ਭਵਨ, ਚੰਡੀਗੜ੍ਹ

ਸਭਿਆਚਾਰਕ ਵੰਨਗੀਆਂ ਦਾ ਵੇਰਵਾ



**ਇਕ ਸਦੀ ਸੰਘਰਸ਼ ਦੇ ਅੰਗ-ਸੰਗ**




ਅਸੀਂ ਲੜਾਂਗੇ ਜਦ ਤੱਕ, ਦੁਨੀਆ 'ਚ ਲੜਨ ਦੀ ਲੋੜ ਬਾਕੀ ਹੈ... ਪਾਸ਼



ਐਸ. ਵੀ. ਘਾਟੇ (ਪਹਿਲੇ ਜਨਰਲ ਸਕੱਤਰ)

ਭਾਰਤ ਵਿਚ ਕਮਿਊਨਿਸਟ ਲਹਿਰ 1920 ਵਿਚ ਜਥੇਬੰਦਕ ਰੂਪ ਵਿਚ ਉਭਰੀ। ਕਾਨਪੁਰ ਸਾਜਿਸ਼ ਕੇਸ ਤੋਂ ਲੈ ਕੇ 1947ਈ. ਤੱਕ ਪਾਰਟੀ ਨੇ ਆਜ਼ਾਦੀ ਸੰਘਰਸ਼ ਦੌਰਾਨ ਲੋਕ ਘੋਲਾਂ ਨੂੰ ਜਥੇਬੰਦ ਕੀਤਾ ਅਤੇ ਮਹਾਨ ਕੁਰਬਾਨੀਆਂ ਕੀਤੀਆਂ। ਆਜ਼ਾਦੀ ਤੋਂ ਬਾਅਦ ਪਾਰਟੀ ਲੋਕ ਸੰਘਰਸ਼ਾਂ ਦੀ ਮੋਹਰੀ ਪਾਰਟੀ ਹੈ। ਪਾਰਟੀ ਨੇ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਕੰਮ ਕਰਨ ਲਈ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆ ਜਥੇਬੰਦੀਆਂ- ਏਟਕ, ਸਰਵ ਹਿੰਦ ਕਿਸਾਨ ਸਭਾ, ਸਰਵ ਹਿੰਦ ਖੇਤ ਮਜ਼ਦੂਰ ਸਭਾ, ਸਰਵ ਹਿੰਦ ਇਸਤਰੀ ਸਭਾ, ਸਰਵ ਹਿੰਦ ਨੌਜਵਾਨ ਸਭਾ, ਸਰਵ ਹਿੰਦ ਵਿਦਿਆਰਥੀ ਫੈਡਰੇਸ਼ਨ (ਏ. ਆਈ. ਐਸ. ਐਫ,) ਨੂੰ ਜਥੇਬੰਦ ਕੀਤਾ। ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾ-ਸੰਮੇਲਨ(ਕਾਂਗਰਸ) 21 ਤੋਂ 25 ਸਤੰਬਰ ਤੱਕ ਕਿਸਾਨ ਭਵਨ, ਸੈਕਟਰ- 35, ਚੰਡੀਗੜ੍ਹ ਵਿਚ ਹੋ ਰਿਹਾ ਹੈ। 21 ਸਤੰਬਰ ਨੂੰ ਸਬਜ਼ੀ ਮੰਡੀ, ਸੈਕਟਰ 65, ਫੇਜ਼-11, ਮੋਹਾਲੀ ਵਿਚ ਪਾਰਟੀ ਦੇ ਕੌਮੀ ਅਤੇ ਪੰਜਾਬ ਦੇ ਆਗੂ ਕਿਸਾਨਾਂ, ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਨਗੇ।



ਕਾਮਰੇਡ ਡੀ. ਰਾਜਾ (ਮੌਜੂਦਾ ਜਨਰਲ ਸਕੱਤਰ)

**ਸਭਿਆਚਾਰਕ ਪ੍ਰੋਗਰਾਮ: 21 ਸਤੰਬਰ 2025**



(ਗਦਰੀ ਗੁਲਾਬ ਕੌਰ ਨੂੰ ਸਮਰਪਿਤ)

ਸਬਜ਼ੀ ਮੰਡੀ 11 ਫੇਜ਼(ਸੈਕਟਰ-65) ਨੇੜੇ ਪੰਜਾਬ ਮੰਡੀ ਬੋਰਡ, ਮੋਹਾਲੀ

ਸਮਾਂ: 10.30 ਸਵੇਰੇ



ਸਵਰਨ ਸਿੰਘ ਧਾਲੀਵਾਲ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ, ਇਪਟਾ ਕਲਾ ਜਥਾ, ਮੋਗਾ, ਮੀਤ ਰੰਗਰੇਜ਼ (ਗਾਇਕ), ਇਕਬਾਲ ਉਦਾਸੀ, ਦੇਸ ਰਾਜ ਲਚਕਾਣੀ,

**22 ਸਤੰਬਰ 2025**



ਇਪਟਾ ਕਾਰਕੁਨ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਯਾਦ ਨੂੰ ਸਮਰਪਿਤ

ਕਿਸਾਨ ਭਵਨ, ਸੈਕਟਰ 35 ਚੰਡੀਗੜ੍ਹ

ਸਮਾਂ: 7.00 ਸ਼ਾਮ



ਡੌਲੀ ਗੁਲੇਰੀਆ ਅਤੇ ਸੁਨੈਨੀ ਸ਼ਰਮਾ, ਨਿਸਾਰ ਅਲੀ ਨਾਚਾ ਕਲਾਕਾਰ(ਛੱਤੀਸਗੜ੍ਹ), ਮੀਤ ਰੰਗਰੇਜ਼, ਇਪਟਾ ਕਲਾਕਾਰ ਮੋਗਾ

**23 ਸਤੰਬਰ 2025**



ਕਿਸਾਨ ਸੰਘਰਸ਼ ਨੂੰ ਸਮਰਪਿਤ

ਕਿਸਾਨ ਭਵਨ, ਸੈਕਟਰ 35 ਚੰਡੀਗੜ੍ਹ

ਸਮਾਂ: 7.00 ਸ਼ਾਮ

ਹਾੜੀਆਂ ਸੌਣੀਆਂ ਪੇਸ਼ਕਸ਼ ਮੰਚ ਰੰਗਮੰਚ, ਅੰਮ੍ਰਿਤਸਰ



ਜੋਗਿੰਦਰ ਬਾਹਰਲਾ(ਲੇਖਕ) ਅਤੇ ਕੇਵਲ ਧਾਲੀਵਾਲ (ਨਿਰਦੇਸ਼ਕ)

ਮੀਤ ਰੰਗਰੇਜ਼, ਨਸਾਰ ਅਲੀ ਅਤੇ ਸਾਥੀ,ਇਪਟਾ ਮੋਗਾ

**24 ਸਤੰਬਰ 2025**



ਤੇਰਾ ਸਿੰਘ ਚੰਨ, ਇਪਟਾ ਪੰਜਾਬ ਅਤੇ ਪੰਜਾਬ ਦੇ ਦਿਹਾਤੀ ਰੰਗਮੰਚ ਨੂੰ ਸਮਰਪਿਤ

ਕਿਸਾਨ ਭਵਨ, ਸੈਕਟਰ 35 ਚੰਡੀਗੜ੍ਹ

ਸਮਾਂ: 7.00 ਸ਼ਾਮ



ਪੰਜਾਬ ਦੇ ਲੋਕ ਨਾਚ- ਗਿੱਧਾ, ਭੰਗੜਾ- ਪੇਸ਼ਕਸ਼ ਇਪਟਾ ਪੰਜਾਬ, ਸੂਤਰਧਾਰ-ਸੰਜੀਵਨ ਸਿੰਘ ਅਤੇ ਬਲਕਾਰ ਸਿੱਧੂ